On our English language New Website
WWW.PREETNEWS.COM
preetnews2020@gmail.com

PREETNAMA
# ਪ੍ਰੀਤਨਾਮਾ
ਖਰਾ ਸੱਚ
ਨਿਊਯਾਰਕ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ
Online and Print Media +1 201-312-4180

ਰੋਜ਼ਾਨਾ ਦੀਆਂ ਤਾਜ਼ੀਆਂ ਖ਼ਬਰਾਂ, ਲੇਖ ਅਤੇ ਕਾਵਿ ਕਵਿਤਾਵਾਂ ਲਈ ਦੇਖੋ ਸਾਡੀ ਵੈਬਸਾਈਟ
www.preetnama.com

ਸਾਲ 4, ਅੰਕ 85, ਮਿਤੀ : 13 ਜਨਵਰੀ ਤੋਂ 20 ਜਨਵਰੀ 2021 ਵੈਬਸਾਈਟ : www.preetnama.com ਈਮੇਲ preetnamausa@gmail.com



# ਕੈਪੀਟਲ ਹਿਲ 'ਤੇ ਹਮਲੇ ਤੋਂ ਪਹਿਲਾਂ 65 ਦਿਨਾਂ 'ਚ ਕੀ ਹੋਇਆ, ਜਿਸ ਨਾਲ ਅਮਰੀਕੀ ਲੋਕਤੰਤਰ 'ਤੇ ਸਵਾਲ ਖੜ੍ਹੇ ਹੋਣ ਲੱਗੇ

ਵਾਸ਼ਿੰਗਟਨ ਵਿੱਚ ਜਿਸ ਤਰ੍ਹਾਂ ਦੀਆਂ ਘਟਨਾਵਾਂ ਪਿਛਲੇ ਦਿਨਾਂ 'ਚ ਦੇਖਣ ਨੂੰ ਮਿਲੀਆਂ ਉਸ ਨਾਲ ਲੋਕ ਕਾਫੀ ਹੈਰਾਨ ਹਨ। ਪਰ ਕੱਟੜ ਸੱਜੇ-ਪੱਖੀ ਸਮੂਹਾਂ ਅਤੇ ਸਾਜਸਿ ਰਚਣ ਵਾਲਿਆਂ ਦੀਆਂ ਗਤੀਵਿਧੀਆਂ 'ਤੇ ਆਨਲਾਈਨ ਨਿਗ੍ਹਾ ਰੱਖਣ ਵਾਲੇ ਲੋਕਾਂ ਨੂੰ ਅਜਿਹੇ ਸੰਕਟ ਦਾ ਅੰਦਾਜਾ ਪਹਿਲਾਂ ਤੋਂ ਹੀ ਸੀ।

ਅਮਰੀਕੀ ਰਾਸਟਰਪਤੀ ਅਹੁਦੇ ਲਈ ਜਿਸ ਦਿਨ ਤੋਂ ਵੋਟਾਂ ਪਈਆਂ ਹਨ, ਉਸੇ ਰਾਤ ਡੌਨਲਡ ਟਰੰਪ ਨੇ ਵ੍ਹਾਈਟ ਹਾਊਸ ਦੇ ਈਸਟ ਰੂਮ ਦੀ ਸਟੇਜ 'ਤੇ ਆ ਕੇ ਜਿੱਤ ਦਾ ਐਲਾਨ ਕੀਤਾ ਸੀ ਉਨ੍ਹਾਂ ਨੇ ਕਿਹਾ ਸੀ, "ਅਸੀਂ ਲੋਕ ਇਹ ਚੋਣਾਂ ਜਿੱਤਣ ਦੀ ਤਿਆਰੀ ਕਰ ਰਹੇ ਹਾਂ। ਸਾਫ-ਸਾਫ ਕਹਾਂ ਤਾਂ ਅਸੀਂ ਇਹ ਚੋਣਾਂ ਜਿੱਤ ਚੁੱਕੇ ਹਾਂ।" ਉਨ੍ਹਾਂ ਦਾ ਇਹ ਸੰਬੋਧਨ ਉਨ੍ਹਾਂ ਦੇ ਆਪਣੇ ਹੀ ਟਵੀਟ ਦੇ ਇੱਕ ਘੰਟੇ ਬਾਅਦ ਹੋਇਆ ਸੀ। ਉਨ੍ਹਾਂ ਨੇ ਇੱਕ ਘੰਟਾ ਪਹਿਲਾਂ ਹੀ ਟਵੀਟ ਕੀਤਾ ਸੀ, "ਉਹ ਲੋਕ ਚੋਣਾਂ ਦੇ ਨਤੀਜੇ ਚੋਰੀ ਕਰਨ ਦੀ ਕੋਸਸਿ ਕਰ ਰਹੇ ਹਨ।" ਹਾਲਾਂਕਿ ਉਨ੍ਹਾਂ ਨੇ ਚੋਣਾਂ ਜਿੱਤੀਆਂ ਨਹੀਂ ਸਨ। ਕੋਈ ਜਿੱਤ ਨਹੀਂ ਹੋਈ ਸੀ ਜਿਸ ਨੂੰ ਕੋਈ ਚੋਰੀ ਕਰਨ ਦੀ ਕੋਸਸਿ ਕਰਦਾ। ਪਰ ਉਨ੍ਹਾਂ ਦੇ ਬਹੁਤ ਉਤਸਾਹੀ ਸਮਰਥਕਾਂ ਦੇ ਲਈ ਤੱਥ ਕੋਈ ਅਹਿਮੀਅਤ ਨਹੀਂ ਰੱਖਦੇ ਸਨ ਅਤੇ ਨਾ ਹੀ ਅੱਜ ਰੱਖਦੇ ਹਨ।65 ਦਿਨਾਂ ਦੇ ਬਾਅਦ ਦੰਗਾਈਆਂ ਦੇ ਸਮੂਹ ਨੇ ਅਮਰੀਕਾ ਦੀ ਕੈਪੀਟਲ ਬਿਲਡਿੰਗ ਨੂੰ ਤਹਿਸ ਨਹਿਸ ਕਰ ਦਿੱਤਾ। ਇੰਨ੍ਹਾਂ ਦੰਗਾਈਆਂ ਵਿੱਚ ਤਰ੍ਹਾਂ ਤਰ੍ਹਾਂ ਦੇ ਲੋਕ ਸਾਮਿਲ ਸਨ, ਕੱਟੜ ਸੱਜੇ-ਪੱਖੀ, ਆਨਲਾਈਨ ਟਰੋਲ ਕਰਨ ਵਾਲੇ ਅਤੇ ਡੌਨਲਡ ਟਰੰਪ ਸਮਰਥਕ ਕੁਆਨਨ ਦਾ ਸਮੂਹ ਜੋ ਮੰਨਦਾ ਹੈ ਕਿ ਦੁਨੀਆਂ ਨੂੰ ਪੀਡੋਫਾਈਲ ਲੋਕਾਂ ਦਾ ਸਮੂਹ ਚਲਾ ਰਿਹਾ ਹੈ ਅਤੇ ਟਰੰਪ ਸਭ ਨੂੰ ਸਬਕ ਸਿਖਾਏਗਾ।

ਇਨ੍ਹਾਂ ਲੋਕਾਂ ਵਿਚਾਲੇ ਚੋਣਾਂ ਵਿੱਚ ਧੋਖਾਧੜੀ ਦੇ ਇਲਜਾਮ ਲਗਾਉਣ ਵਾਲੇ ਟਰੰਪ ਸਮਰਥਕਾਂ ਦਾ ਸਮੂਹ 'ਸਟੌਪ ਦਾ ਸਟੀਲ' ਦੇ ਮੈਂਬਰ ਵੀ ਸਾਮਲ ਸਨ। ਵਾਸ਼ਿੰਗਟਨ ਦੇ ਕੈਪੀਟਲ ਹਾਊਸ ਵਿੱਚ ਹੋਏ ਦੰਗਿਆਂ ਦੇ ਕਰੀਬ 48 ਘੰਟੇ ਬਾਅਦ 8 ਜਨਵਰੀ ਨੂੰ ਟਵਿਟਰ ਨੇ ਟਰੰਪ ਨਾਲ ਸਬੰਧਤ ਕੁਝ ਪ੍ਰਭਾਵਸਾਲੀ ਅਕਾਊਂਟ ਬੰਦ ਕਰਨੇ ਸੂਰੂ ਕੀਤੇ। ਇਹ ਅਜਿਹੇ ਅਕਾਊਂਟ ਸਨ ਜੋ ਲਗਾਤਾਰ ਸਾਜਿਸ ਘੜਨ ਵਾਲਿਆਂ ਨੂੰ ਉਤਸਾਹਿਤ ਕਰ ਰਹੇ ਸਨ ਅਤੇ ਚੋਣਾਂ ਦੇ ਨਤੀਜਿਆਂ ਨੂੰ ਉਲਟਾਉਣ ਲਈ ਸਿੱਧੀ ਕਾਰਵਾਈ ਕਰਨ ਲਈ ਲੋਕਾਂ ਨੂੰ ਉਕਸਾ ਰਹੇ ਸਨ। ਐਨਾ ਹੀ ਨਹੀਂ ਟਵਿਟਰ ਨੇ ਇਸ ਤੋਂ ਬਾਅਦ ਰਾਸਟਰਪਤੀ ਡੌਨਲਡ ਟਰੰਪ ਦੇ ਅਕਾਊਂਟ 'ਤੇ ਵੀ ਪਾਬੰਦੀ ਲਾ ਦਿੱਤੀ। 8.8 ਕਰੋੜ ਤੋਂ ਵੀ ਵੱਧ ਫਾਲੋਅਰ ਵਾਲੇ ਟਰੰਪ ਦੇ ਅਕਾਊਂਟ 'ਤੇ ਪਾਬੰਦੀ ਲਗਾਉਣ ਪਿੱਛੇ ਕਾਰਨ ਇਹ ਦੱਸਿਆ ਗਿਆ ਹੈ ਕਿ ਉਨ੍ਹਾਂ ਦੇ ਟਵੀਟ ਨਾਲ ਹਿੰਸਾ ਹੋਰ ਭੜਕਨ ਦਾ ਖਤਰਾ ਹੈ। ਵਾਸ਼ਿੰਗਟਨ ਵਿੱਚ ਹੋਈ ਹਿੰਸਾ ਨਾਲ ਦੁਨੀਆਂ ਸਦਮੇ ਵਿੱਚ ਹੈ ਅਤੇ ਲੱਗ ਰਿਹਾ ਸੀ ਅਮਰੀਕਾ ਵਿੱਚ ਪੁਲਿਸ ਅਤੇ ਅਧਿਕਾਰੀ ਕਿਤੇ ਮੌਜੂਦ ਨਹੀਂ ਹਨ। ਪਰ ਜੋ ਲੋਕ ਇਸ ਘਟਨਾ ਦੀਆਂ ਕੜੀਆਂ ਨੂੰ ਆਨਲਾਈਨ ਅਤੇ ਅਮਰੀਕੀ ਸਹਿਰਾਂ ਦੀਆਂ ਗਲੀਆਂ ਵਿੱਚ ਹੁੰਦੀਆਂ ਗੱਲਾਂ ਨਾਲ ਜੋੜ ਕੇ ਦੇਖ ਰਹੇ ਸਨ ਉਨ੍ਹਾਂ ਲਈ ਇਹ ਹੈਰਾਨੀ ਦੀ ਗੱਲ ਨਹੀਂ ਹੈ। ਚੋਣਾਂ ਦੇ ਨਤੀਜਿਆਂ ਨੂੰ ਪ੍ਰਭਾਵਿਤ ਕੀਤਾ ਜਾ ਸਕਦਾ ਹੈ, ਇਹ ਗੱਲ ਵੋਟਾਂ ਪੈਣ ਦੇ ਇੱਕ ਮਹੀਨਾਂ ਪਹਿਲਾਂ ਤੋਂ ਹੀ ਡੌਨਲਡ ਟਰੰਪ ਆਪਣੇ ਭਾਸਣਾਂ ਅਤੇ ਟਵੀਟ ਜਰੀਏ ਕਹਿ ਰਹੇ ਸਨ। ਚੋਣਾਂ ਦੇ ਦਿਨ ਵੀ ਜਦੋਂ ਅਮਰੀਕੀਆਂ ਨੇ ਵੋਟਿੰਗ ਕਰਨੀ ਸੂਰੂ ਕੀਤੀ ਸੀ, ਉਸੇ ਸਮੇਂ ਤੋਂ ਅਫਵਾਹਾਂ ਦਾ ਦੌਰ ਸੂਰੂ ਹੋ ਗਿਆ ਸੀ।

ਰਿਪਬਲਿਕਨ ਪਾਰਟੀ ਦੇ ਪੋਲਿੰਗ ਏਜੰਟਾਂ ਨੂੰ ਫਿਲਾਡੇਲਫੀਆ ਪੋਲਿੰਗ ਸਟੇਸਨ ਵਿੱਚ ਜਾਣ ਦੀ ਇਜਾਜਤ ਨਾ ਮਿਲੀ। ਇਸ ਪੋਲਿੰਗ ਏਜੰਟ ਦੇ ਅੰਦਰ ਜਾਣ 'ਤੇ ਰੋਕ ਵਾਲਾ ਵੀਡੀਓ ਵਾਇਰਲ ਹੋ ਗਿਆ। ਅਜਿਹਾ ਨਿਯਮਾਂ ਨੂੰ ਸਮਝਣ ਵਿੱਚ ਹੋਈ ਗਲਤੀ ਕਰਕੇ ਹੋਇਆ ਸੀ। ਬਾਅਦ ਵਿੱਚ ਇਸੇ ਸਖਸ ਨੂੰ ਪੋਲਿੰਗ ਸਟੇਸਨ ਦੇ ਅੰਦਰ ਜਾਣ ਦੀ ਇਜਾਜਤ ਮਿਲ ਗਈ ਸੀ।

ਪਰ ਇਹ ਉਨ੍ਹਾਂ ਸੂਰੂਆਤੀ ਵੀਡੀਓਜ ਵਿੱਚ ਸਾਮਲ ਸੀ ਜੋ ਕਈ ਦਿਨਾਂ ਤੱਕ ਵਾਇਰਲ ਹੁੰਦੇ ਰਹੇ। ਇਸ ਦੇ ਨਾਲ ਹੀ ਹੋਰ ਵੀਡੀਓਜ, ਤਸਵੀਰਾਂ, ਗ੍ਰਾਫਿਕਸ ਜਰੀਏ ਇੱਕ ਨਵੇਂ ਹੈਸਟੈਗ '#ਸਟੌਪ ਦਾ ਸਟੀਲ' ਦੇ ਨਾਲ ਆਵਾਜ ਬਲੁੰਦ ਕੀਤੀ ਜਾਣ ਲੱਗੀ ਕਿ ਵੋਟਾਂ ਵਿੱਚ ਧੋਖਾਧੜੀ ਨੂੰ ਰੋਕਣਾ ਹੈ। ਇਸ ਹੈਸਟੈਗ ਦਾ ਸੁਨੇਹਾ ਸਪੱਸਟ ਸੀ ਕਿ ਟਰੰਪ ਭਾਰੀ ਵੋਟਾਂ ਨਾਲ ਜਿੱਤ ਹਾਸਿਲ ਕਰ ਚੁੱਕੇ ਹਨ ਪਰ ਸੱਤਾ ਸਥਾਪਤੀ ਲਈ ਤਾਕਤਾਂ ਉਨ੍ਹਾਂ ਦੀ ਜਿੱਤ ਚੋਰੀ ਕਰ ਰਹੀਆਂ ਹਨ। ਚਾਰ ਨਵੰਬਰ, 2020 ਬੁੱਧਵਾਰ ਨੂੰ ਦਿਨ ਦੇ ਸੂਰੂਆਤੀ ਘੰਟਿਆਂ ਵਿੱਚ ਜਦੋਂ ਵੋਟਾਂ ਦੀ ਗਿਣਤੀ ਦਾ ਕੰਮ ਚੱਲ ਰਿਹਾ ਸੀ ਟੈਲੀਵਿਜਨ ਨੈੱਟਵਰਕਾਂ 'ਤੇ ਜੋਅ ਬਾਇਡਨ ਦੀ ਜਿੱਤ ਦਾ ਐਲਾਨ ਹੋਣ ਵਿੱਚ ਹਾਲੇ ਤਿੰਨ ਦਿਨ ਬਾਕੀ ਸਨ। ਉਸ ਸਮੇਂ ਰਾਸਟਰਪਤੀ ਟਰੰਪ ਨੇ ਜਿੱਤ ਦਾ ਦਾਅਵਾ ਕਰਦਿਆਂ ਇਹ ਇਲਜਾਮ ਲਾਇਆ ਸੀ ਕਿ ਅਮਰੀਕੀ ਜਨਤਾ ਦੇ ਨਾਲ ਧੋਖਾ ਕੀਤਾ ਜਾ ਰਿਹਾ ਹੈ। ਹਾਲਾਂਕਿ ਆਪਣੇ ਦਾਅਵੇ ਦੇ ਪੱਖ ਵਿੱਚ ਉਨ੍ਹਾਂ ਨੇ ਕੋਈ ਸਬੂਤ ਨਹੀਂ ਸੀ ਦਿੱਤਾ। ਅਮਰੀਕਾ ਵਿੱਚ ਪਹਿਲਾਂ ਹੋਏ ਚੋਣ ਅਧਿਐਨਾਂ ਤੋਂ ਇਹ ਸਪੱਸਟ ਹੈ ਕਿ ਉੱਥੇ ਵੋਟਾਂ ਦੀ ਗਿਣਤੀ ਵਿੱਚ ਕਿਸੇ ਵੀ ਕਿਸਮ ਦੀ ਗੜਬੜੀ ਬਿਲਕੁਲ ਅਸੰਭਵ ਹੈ।

ਦੁਪਿਹਰ ਹੁੰਦੇ ਹੁੰਦੇ 'ਸਟੌਪ ਦਾ ਸਟੀਲ' ਨਾਮ ਨਾਲ ਇੱਕ ਫੇਸਬੁੱਕ ਸਮੂਹ ਬਣ ਚੁੱਕਿਆ ਸੀ ਜੋ ਫੇਸਬੁੱਕ ਦੇ ਇਤਿਹਾਸ ਵਿੱਚ ਸਭ ਤੋਂ ਤੇਜ ਗਤੀ ਨਾਲ ਵਧਣ ਵਾਲਾ ਸਮੂਹ ਸਾਬਤ ਹੋਇਆ। ਵੀਰਵਾਰ ਸਵੇਰ ਤੱਕ ਇਸ ਸਮੂਹ ਨਾਲ ਤਿੰਨ ਲੱਖ ਤੋਂ ਵੀ ਵੱਧ ਲੋਕ ਜੁੜ ਚੁੱਕੇ ਸਨ। ਬਹੁਤੇ ਪੋਸਟਾਂ ਵਿੱਚ ਬਿਨਾਂ ਕਿਸੇ ਸਬੂਤ ਦੇ ਇਲਜਾਮ ਲਾਏ ਗਏ ਸਨ ਕਿ ਵੱਡੇ ਪੈਨਾਮੇ 'ਤੇ ਵੋਟਾਂ ਦੀ ਗਿਣਤੀ ਵਿੱਚ ਧਾਂਦਲੀ ਕੀਤੀ ਜਾ ਰਹੀ ਹੈ, ਇਹ ਵੀ ਕਿਹਾ ਕਿ ਹਜਾਰਾਂ ਅਜਿਹੇ ਲੋਕਾਂ ਦੀਆਂ ਵੋਟਾਂ ਪਵਾਈਆਂ ਗਈਆਂ ਜਿਨ੍ਹਾਂ ਦੀ ਮੌਤ ਹੋ ਚੁੱਕੀ ਹੈ। ਇਹ ਇਲਜਾਮ ਵੀ ਲਾਇਆ ਗਿਆ ਕਿ ਵੋਟਾਂ ਗਿਣਨ ਵਾਲੀ ਮਸੀਨ ਨੂੰ ਇਸ ਤਰੀਕੇ ਨਾਲ ਤਿਆਰ ਕੀਤਾ ਗਿਆ ਹੈ ਕਿ ਉਹ ਟਰੰਪ ਦੀਆਂ ਵੋਟਾਂ ਨੂੰ ਵੀ ਬਾਇਡਨ ਦੀਆਂ ਵੋਟਾਂ ਵਜੋਂ ਗਿਣ ਰਹੀ ਹੈ। ਪਰ ਕੁਝ ਪੋਸਟਾਂ ਅਸਲ ਵਿੱਚ ਜਿਆਦਾ ਪ੍ਰੇਸਾਨ ਕਰਨ ਵਾਲੀਆਂ ਸਨ, ਇਨ੍ਹਾਂ ਪੋਸਟਾਂ ਵਿੱਚ ਸਿਵਲ ਵਾਰ ਅਤੇ ਕ੍ਰਾਂਤੀ ਨੂੰ ਜਰੂਰੀ ਦੱਸਿਆ ਜਾ ਰਿਹਾ ਸੀ।

ਵੀਰਵਾਰ ਦੀ ਦੁਪਿਹਰ ਤੱਕ ਫੇਸਬੁੱਕ ਨੇ ਸਟੌਪ ਦਿ ਸਟੀਲ ਪੇਜ ਨੂੰ ਹਟਾਇਆ ਪਰ ਉਸ ਸਮੇਂ ਤੱਕ ਇਸ ਪੇਜ 'ਤੇ ਪੰਜ ਲੱਖ ਤੋਂ ਵੱਧ ਕਮੈਂਟ, ਲਾਈਕਸ ਅਤੇ ਪ੍ਰਤੀਕਰਮ ਆ ਚੁੱਕੇ ਸਨ। ਟਰੰਪ ਦੀਆਂ ਵੋਟਾਂ ਚੋਰੀ ਕੀਤੇ ਜਾਣ ਦੀ ਗੱਲ ਆਨਲਾਈਨ ਫੈਲਦੀ ਜਾ ਰਹੀ ਸੀ। ਛੇਤੀ ਹੀ, ਵੋਟਾਂ ਦੀ ਸੁਰੱਖਿਆ ਦੇ ਨਾਮ 'ਤੇ ਸਟੌਪ ਦਿ ਸਟੀਲ ਨਾਮ ਨਾਲ ਸਮਰਪਿਤ ਵੈੱਬਸਾਈਟ ਲਾਂਚ ਕੀਤੀ ਗਈ। ਸਨੀਵਾਰ ਯਾਨੀ ਸੱਤ ਨਵੰਬਰ ਨੂੰ ਮੁੱਖ ਖਬਰ ਨੈੱਟਵਰਕਾਂ ਨੇ ਜੋਅ ਬਾਇਡਨ ਨੂੰ ਚੋਣਾਂ ਵਿੱਚ ਜੇਤੂ ਐਲਾਨ ਦਿੱਤਾ। ਡੈਮੋਕਰੇਟਾਂ ਦੇ ਗੜ੍ਹ ਵਿੱਚ ਲੋਕ ਜਸਨ ਮਨਾਉਣ ਲਈ ਸੜਕਾਂ 'ਤੇ ਨਿਕਲੇ। ਪਰ ਟਰੰਪ ਦੇ ਉਤਸਾਹੀ ਸਮਰਥਕਾਂ ਦੀਆਂ ਆਨਲਾਈਨ ਪ੍ਰਤੀਕਿਰਿਆਵਾਂ ਨਾਰਾਜਗੀ ਭਰੀਆਂ ਅਤੇ ਨਤੀਜਿਆਂ ਨੂੰ ਚੁਣੌਤੀ ਦੇਣ ਵਾਲੀਆਂ ਸਨ। ਇਨ੍ਹਾਂ ਲੋਕਾਂ ਨੇ ਸਨੀਵਾਰ ਨੂੰ ਵਾਸ਼ਿੰਗਟਨ ਡੀਸੀ ਵਿੱਚ 'ਮਿਲੀਅਨ ਮੇਕ ਅਮੈਰੀਕਾ ਗਰੇਟ ਅਗੇਨ ਮਾਰਚ' ਦੇ ਨਾਮ ਹੇਠ ਇੱਕ ਰੈਲੀ ਦਾ ਪ੍ਰਬੰਧ ਕੀਤਾ। ਟਰੰਪ ਨੇ ਇਸ ਸਬੰਧੀ ਵੀ ਟਵੀਟ ਕੀਤਾ ਕਿ ਉਹ ਪ੍ਰਦਰਸਨ ਦੇ ਜਰੀਏ ਰੋਕਣ ਦੀ ਕੋਸਸਿ ਕਰ ਸਕਦੇ ਹਨ। ਇਸ ਤੋਂ ਪਹਿਲਾਂ ਵਾਸ਼ਿੰਗਟਨ ਵਿੱਚ ਟਰੰਪ ਸਮਰਥਕਾਂ ਦੀਆਂ ਰੈਲੀਆਂ 'ਚ ਬਹੁਤੇ ਲੋਕਾਂ ਨੇ ਹਿੱਸਾ ਨਹੀਂ ਸੀ ਲਿਆ ਪਰ ਸਨੀਵਾਰ ਸਵੇਰੇ ਫਰੀਡਮ ਪਲਾਜਾ ਵਿੱਚ ਹਜਾਰਾਂ ਲੋਕ ਇਕੱਠੇ ਹੋਏ ਸਨ।

ਇੱਕ ਕੱਟੜਪੰਥੀ ਖੋਜਕਰਤਾ ਨੇ ਇਸ ਰੈਲੀ ਦੀ ਭੀੜ ਨੂੰ ਟਰੰਪ ਸਮਰਥਕਾਂ ਦੇ ਵਿਦਰੋਹ ਦੀ ਸੂਰੂਆਤ ਕਿਹਾ। ਜਦੋਂ ਟਰੰਪ ਦੀਆਂ ਗੱਡੀਆਂ ਦਾ ਕਾਫਲਾ ਸਹਿਰ ਵਿੱਚੋਂ ਗੁਜਰਿਆ ਤਾਂ ਸਮਰਥੱਕਾਂ ਵਿੱਚ ਉਨ੍ਹਾਂ ਦੀ ਇੱਕ ਝਲਕ ਦੇਖਣ ਲਈ ਹੋੜ ਮੱਚ ਗਈ। ਟਰੰਪ ਆਪਣੇ ਹਮਾਇਤੀਆਂ ਸਾਹਮਣੇ ਇੱਕ ਟੋਪੀ ਪਹਿਨੇ ਨਜਰ ਆਏ ਜਿਸ 'ਤੇ ਲਿਖਿਆ ਸੀ, 'ਮੇਕ ਅਮੈਰੀਕਾ ਗ੍ਰੇਟ'। ਇਸ ਰੈਲੀ ਵਿੱਚ ਕੱਟੜ ਸੱਜੇਪੱਖੀ ਸਮੂਹ, ਪਰਵਾਸੀਆਂ ਦਾ ਵਿਰੋਧ ਕਰਨ ਵਾਲੇ ਅਤੇ ਮਰਦਾਂ ਦੇ ਸਮੂਹ ਪ੍ਰਾਊਡ ਬੁਆਏਜ ਦੇ ਮੈਂਬਰ ਸਾਮਲ ਸਨ ਜੋ ਗਲੀਆਂ ਵਿੱਚ ਹਿੰਸਾ ਕਰ ਰਹੇ ਸਨ ਅਤੇ ਜਿਨ੍ਹਾਂ ਨੇ ਬਾਅਦ ਵਿੱਚ ਅਮਰੀਕੀ ਕੈਪੀਟਲ ਬਿਲਡਿੰਗ ਵਿੱਚ ਵੜ ਕੇ ਹਿੰਸਾ ਕੀਤੀ।

ਇਸ ਵਿੱਚ ਫੌਜ, ਸੱਜੇ ਪੱਖੀ ਮੀਡੀਆ ਅਤੇ ਸਾਜਸਿ ਰਚਣ ਦੇ ਸਿਧਾਂਤਾਂ ਦੀ ਵਕਾਲਤ ਕਰਨ ਵਾਲੇ ਤਮਾਮ ਲੋਕ ਸਾਮਲ ਹੋਏ ਸਨ। ਰਾਤ ਹੁੰਦੇ-ਹੁੰਦੇ ਟਰੰਪ ਸਮਰਥਕਾਂ ਅਤੇ ਉਨ੍ਹਾਂ ਦੇ ਵਿਰੋਧੀਆਂ ਵਿੱਚ ਹਿੰਸਕ ਝੜਪਾਂ ਦੀਆਂ ਖਬਰਾਂ ਆਉਣ ਲੱਗੀਆਂ ਸਨ, ਇਨ੍ਹਾਂ ਵਿੱਚੋਂ ਇੱਕ ਘਟਨਾਂ ਤਾਂ ਵਾਈਟ੍ਹ ਹਾਊਸ ਤੋਂ ਮਹਿਜ ਪੰਜ ਬਲਾਕ ਦੀ ਦੂਰੀ 'ਤੇ ਹੀ ਵਾਪਰੀ। ਹਾਲਾਂਕਿ ਇਨ੍ਹਾਂ ਹਿੰਸਕ ਘਟਨਾਵਾਂ ਵਿੱਚ ਪੁਲਿਸ ਵੀ ਸਾਮਿਲ ਸੀ, ਪਰ ਇਸ ਨਾਲ ਆਉਣ ਵਾਲੇ ਦਿਨਾਂ ਦਾ ਅੰਦਾਜਾ ਲਗਾਇਆ ਜਾ ਸਕਦਾ ਸੀ। ਹੁਣ ਤੱਕ ਰਾਸਟਰਪਤੀ ਟਰੰਪ ਅਤੇ ਉਨ੍ਹਾਂ ਦੀ ਕਾਨੂੰਨੀ ਟੀਮ ਆਪਣੀਆਂ ਉਮੀਦਾਂ ਦਰਜਨਾਂ ਕਾਨੂੰਨੀ ਮਾਮਲਿਆਂ 'ਤੇ ਟਿਕਾ ਚੁੱਕੀ ਸੀ

# ਇੱਕ ਡਾਕਟਰ ਨੇ ਚੀਨ ਦੀ ਪੋਲ ਖੋਲ੍ਹੀ, ਚੀਨੀ ਵੈਕਸੀਨ ਹੈ ਅਸੁਰੱਖਿਅਤ



ਬੀਜਿੰਗ : ਚੀਨ ਭਲੇ ਹੀ ਆਪਣੀ ਕੋਰੋਨਾ ਵੈਕਸੀਨ ਨੂੰ ਲੈ ਕੇ ਦੁਨੀਆ ਭਰ 'ਚ ਆਪਣੀ ਮਸ਼ਹੂਰੀ ਕਰ ਰਿਹਾ ਹੋਵੇ ਪਰ ਇਕ ਚੀਨੀ ਡਾਕਟਰ ਨੇ ਹੀ ਹੁਣ ਜਿਨਪਿੰਗ ਸਰਕਾਰ ਦੇ ਝੂਠ ਦੀ ਪੋਲ ਖੋਲ੍ਹ ਦਿੱਤੀ ਹੈ। ਚੀਨ ਦੇ ਡਾਕਟਰ ਤਾਓ ਲਿਨਾ ਨੇ ਦਾਅਵਾ ਕੀਤਾ ਹੈ ਕਿ ਚੀਨ 'ਚ ਬਣੀ ਸਾਈਨੋਫਾਰਮਾ ਦੀ ਵੈਕਸੀਨ ਦੁਨੀਆ 'ਚ ਸਭ ਤੋਂ ਜ਼ਿਆਦਾ ਅਸੁਰੱਖਿਅਤ ਹੈ ਅਤੇ ਇਸ ਨਾਲ 73 ਤੋਂ ਵਧੇਰੇ ਸਾਈਡ ਇਫੈਕਟ ਹੋਣ ਦਾ ਖਦਸ਼ਾ ਹੈ। ਡਾਕਟਰ ਤਾਓ ਮੁਤਾਬਕ ਚੀਨ ਨੇ ਵੈਕਸੀਨ ਦੇ ਟ੍ਰਾਇਲ ਪੂਰੇ ਨਹੀਂ ਕੀਤੇ ਹਨ ਅਤੇ ਇਸ ਦੇ ਕਈ ਖਤਰਨਾਕ ਸਾਈਡ ਇਫੈਕਟ ਹਨ। ਹਾਲਾਂਕਿ ਬਾਅਦ 'ਚ ਚੀਨੀ ਸਰਕਾਰ ਦੇ ਦਬਾਅ ਤੋਂ ਬਾਅਦ ਡਾਕਟਰ ਤਾਓ ਨੇ ਆਪਣਾ ਬਿਆਨ ਵਾਪਸ ਲੈ ਲਿਆ ਹੈ। ਡੇਲੀ ਮੇਲ ਦੀ ਰਿਪੋਰਟ ਮੁਤਾਬਕ ਡਾਕਟਰ ਤਾਓ ਨੇ ਦੋਸ਼ ਲਾਇਆ ਹੈ ਕਿ ਪੱਛਮੀ ਮੀਡੀਆ ਉਨ੍ਹਾਂ ਦੇ ਸ਼ਬਦਾਂ ਨੂੰ ਤੋੜ ਮਰੋੜ ਕੇ ਪੇਸ਼ ਕਰ ਰਿਹਾ ਹੈ। ਤਾਓ ਮੁਤਾਬਕ ਉਨ੍ਹਾਂ ਨੂੰ ਵੈਕਸੀਨ ਨੂੰ ਲੈ ਕੇ ਚਿੰਤਾਂ ਹਨ ਪਰ ਉਹ ਗੰਭੀਰ ਨਹੀਂ ਹਨ। ਤਾਓ ਨੇ ਦਾਅਵਾ ਕੀਤਾ ਕਿ ਉਨ੍ਹਾਂ ਦਾ ਪਹਿਲਾਂ ਦਿੱਤਾ ਗਿਆ ਬਿਆਨ ਸਿਰਫ ਇਕ ਤਿੱਖਾ ਤੰਜ ਸੀ। ਡਾਕਟਰ ਤਾਓ ਨੇ ਜ਼ੋਰ ਦੇ ਕੇ ਕਿਹਾ ਕਿ ਚੀਨੀ ਇਲਾਜ 'ਬਹੁਤ ਸੁਰੱਖਿਅਤ' ਹੈ ਅਤੇ ਦੇਸ਼ ਵਾਸੀਆਂ ਨੂੰ ਲਾਪਰਵਾਹੀ ਨਾਲ ਦਿੱਤੇ ਬਿਆਨ ਲਈ ਮੁਆਫੀ ਮੰਗੀ। ਇਸ ਤੋਂ ਪਹਿਲਾਂ ਨਵੇਂ ਸਾਲ ਦੀ ਪਹਿਲੀ ਸ਼ਾਮ 'ਤੇ ਚੀਨ ਦੇ ਸਿਹਤ ਅਧਿਕਾਰੀਆਂ ਨੇ ਸਾਈਨੋਫਾਰਮ ਵੈਕਸੀਨ ਨੂੰ ਮਨਜ਼ੂਰੀ ਦੇ ਦਿੱਤੀ ਸੀ। ਚੀਨ ਦਾ ਦਾਅਵਾ ਹੈ ਕਿ ਇਹ ਵੈਕਸੀਨ 79.34 ਫੀਸਦੀ ਅਸਰਦਾਰ ਹੈ। ਚੀਨ ਕਰੋੜਾਂ ਲੋਕਾਂ ਦੇ ਇਹ ਵੈਕਸੀਨ ਮੱਧ ਫਰਵਰੀ ਚੀਨੀ ਨਵੇਂ ਸਾਲ ਤੋਂ ਪਹਿਲਾਂ ਲਾਉਣ ਜਾ ਰਿਹਾ ਹੈ ਜਿਨ੍ਹਾਂ 'ਚ ਸਿਹਤ ਮੁਲਾਜ਼ਮਾਂ ਅਤੇ ਕੰਮ ਕਰਨ ਵਾਲੇ ਲੋਕ ਹਨ।

**ਬਲਾਗ ਲਿਖ ਕੇ ਜਤਾਈ ਸੀ ਚਿੰਤਾ**

ਇਸ ਤੋਂ ਪਹਿਲਾਂ ਡਾਕਟਰ ਤਾਓ ਨੇ ਸਾਈਨੋਫਾਰਮ ਦੇ ਕੋਰੋਨਾ ਵਾਇਰਸ ਵੈਕਸੀਨ ਨੂੰ ਲੈ ਕੇ ਇਕ ਬਲਾਗ ਲਿਖਿਆ ਸੀ ਜਿਸ 'ਚ ਉਨ੍ਹਾਂ ਨੇ ਖਦਸ਼ਾ ਜਤਾਇਆ ਸੀ ਕਿ ਇਹ ਚੀਨੀ ਵੈਕਸੀਨ ਦੁਨੀਆ 'ਚ ਸਭ ਤੋਂ ਜ਼ਿਆਦਾ ਅਸੁਰੱਖਿਅਤ ਹੈ। ਇਸ ਬਲਾਗ ਨੂੰ ਚੀਨੀ ਸੋਸ਼ਲ ਮੀਡੀਆ ਸਾਈਟ ਵੀਬੋ 'ਤੇ ਅਪਲੋਡ ਕੀਤਾ ਗਿਆ ਸੀ। ਹੁਣ ਇਹ ਆਰਟੀਕਲ ਹਟਾ ਲਿਆ ਗਿਆ ਹੈ ਅਤੇ ਇਸ ਦਾ ਕਾਰਣ ਵੀ ਨਹੀਂ ਦੱਸਿਆ ਗਿਆ ਹੈ। ਇਸ ਪੋਸਟ 'ਚ ਡਾਕਟਰ ਨੇ ਦਾਅਵਾ ਕੀਤਾ ਹੈ ਕਿ ਚੀਨੀ ਵੈਕਸੀਨ ਦੇ 73 ਸਾਈਡ ਇਫੈਕਟ ਹਨ।

# ਪਾਕਿਸਤਾਨ 'ਚ ਬੱਤੀ ਗੁੱਲ, ਹਨ੍ਹੇਰੇ 'ਚ ਰਹੇ ਦੇਸ਼ ਦੇ ਸਾਰੇ ਪ੍ਰਮੁੱਖ ਸ਼ਹਿਰ



ਇਸਲਾਮਾਬਾਦ : ਪਾਕਿਸਤਾਨ ਵਿਚ ਸ਼ਨੀਵਾਰ ਦੇਰ ਰਾਤ ਅਚਾਨਕ ਪੂਰੇ ਦੇਸ਼ ਦੀ ਬੱਤੀ ਗੁੱਲ ਹੋ ਗਈ। ਊਰਜਾ ਮੰਤਰਾਲਾ ਨੇ ਟਵੀਟ ਰਾਹੀਂ ਇਸ ਦੀ ਜਾਣਕਾਰੀ ਦਿੱਤੀ ਕਿ ਪਾਵਰ ਟ੍ਰਾਂਸਮਿਸ਼ਨ ਸਿਸਟਮ ਦੀ ਫ੍ਰੀਕੁਵੈਂਸੀ ਵਿਚ ਅਚਾਨਕ 50 ਤੋਂ 0 ਦੀ ਗਿਰਾਵਟ ਆਉਣ ਕਾਰਨ ਦੇਸ਼ ਭਰ ਵਿਚ ਬੱਤੀ ਗੁੱਲ ਹੋ ਗਈ। ਮੰਤਰਾਲੇ ਮੁਤਾਬਕ ਇਹ ਤਕਨੀਕੀ ਖਰਾਬੀ ਰਾਤ ਨੂੰ ਲਗਭਗ 11.41 ਵਜੇ ਹੋਈ। ਮੰਤਰਾਲੇ ਮੁਤਾਬਕ ਇਸ ਦੇ ਕਾਰਨਾਂ ਬਾਰੇ ਪਤਾ ਕੀਤਾ ਜਾ ਰਿਹਾ ਹੈ। ਇਸ ਦੇ ਨਾਲ ਹੀ ਮੰਤਰਾਲੇ ਨੇ ਉਸ ਦੌਰਾਨ ਲੋਕਾਂ ਨੂੰ ਸਬਰ ਰੱਖਣ ਲਈ ਕਿਹਾ ਹੈ। ਆਮ ਲੋਕਾਂ ਮੁਤਾਬਕ ਅਚਾਨਕ ਕਰਾਚੀ, ਇਸਲਾਮਾਬਾਦ, ਲਾਹੌਰ, ਪੇਸ਼ਾਵਰ, ਰਾਵਲਪਿੰਡੀ ਸਣੇ ਦੇਸ਼ ਦੇ ਸਾਰੇ ਮੁੱਖ ਸ਼ਹਿਰਾਂ ਵਿਚ ਬੱਤੀ ਗੁੱਲ ਰਹੀ। ਇਸ ਦੇ ਬਾਅਦ ਟਵਿੱਟਰ 'ਤੇ #ਬਲੈਕਆਊਟ ਟਰੈਂਡ ਕਰਨ ਲੱਗਾ ਤੇ ਲੋਕਾਂ ਨੇ ਕਾਫੀ ਚਰਚਾ ਵੀ ਕੀਤੀ। ਦੱਸਿਆ ਜਾ ਰਿਹਾ ਹੈ ਕਿ ਰਾਤ ਦੋ ਵਜੇ ਬਿਜਲੀ ਦੀ ਬਹਾਲੀ ਹੋਈ।

# ਬ੍ਰਿਟੇਨ ਵਿੱਚ ਕੋਵਿਡ-19 ਦੇ ਟੀਕੇ ਦੇ ਨਾਮ ਉਤੇ ਵੱਜਣ ਲੱਗੀਆਂ ਠੱਗੀਆਂ



ਲੰਡਨ : ਬ੍ਰਿਟੇਨ ਦੀ ਨੈਸ਼ਨਲ ਕ੍ਰਾਈਮ ਏਜੰਸੀ (ਐੱਨ.ਸੀ.ਏ.) ਨੇ ਦੇਸ਼ ਵਾਸੀਆਂ ਨੂੰ ਸੁਚੇਤ ਕੀਤਾ ਕਿ ਦੇਸ਼ 'ਚ ਕੁਝ ਧੋਖੇਬਾਜ਼ ਕੋਵਿਡ-19 ਟੀਕਾ ਲਾਉਣ ਦੇ ਨਾਂ 'ਤੇ ਲੋਕਾਂ ਤੋਂ ਉਨ੍ਹਾਂ ਦੇ ਬੈਂਕ ਖਾਤਿਆਂ ਸੰਬੰਧੀ ਜਾਂ ਨਕਦ ਰਾਸ਼ੀ ਮੰਗ ਕੇ ਪੈਸੇ ਵਸੂਲ ਰਹੇ ਹਨ। ਬ੍ਰਿਟੇਨ 'ਚ ਫਾਈਜ਼ਰ/ਬਾਇਓਨਟੈੱਕ ਅਤੇ ਆਕਸਫੋਰਡ/ਐਸਟਰਾਜੇਨੇਕਾ ਦੇ ਟੀਕੇ ਲਾਉਣ ਦਾ ਕੰਮ ਸ਼ੁਰੂ ਹੋ ਚੁੱਕਿਆ ਹੈ। ਅਜਿਹੇ 'ਚ ਅਧਿਕਾਰੀਆਂ ਨੇ ਇਸ ਹਫਤੇ ਇਕ ਸੰਦੇਸ਼ ਭੇਜ ਕੇ ਟੀਕਿਆਂ ਸੰਬੰਧੀ ਘੋਟਾਲਿਆਂ ਨੂੰ ਲੈ ਕੇ ਲੋਕਾਂ ਨੂੰ ਸਾਵਧਾਨ ਕੀਤਾ ਹੈ। ਲੰਡਨ 'ਚ ਇਕ ਵਿਅਕਤੀ ਨੇ ਆਪਣੇ ਆਪ ਨੂੰ ਟੀਕਾ ਲਾਉਣ ਵਾਲਾ ਦੱਸ ਕੇ 92 ਸਾਲਾਂ ਬੀਬੀ ਤੋਂ 160 ਪੌਂਡ ਠੱਗ ਲਏ, ਜਿਸ ਦੀ ਜਾਂਚ ਸ਼ਹਿਰ ਦੀ ਪੁਲਸ ਕਰ ਰਹੀ ਹੈ। ਐੱਨ.ਸੀ.ਏ. ਨੇ ਕਿਹਾ ਕਿ ਉਹ ਲੋਕਾਂ ਨੂੰ ਸੁਚੇਤ ਰਹਿਣ ਅਤੇ ਐੱਨ.ਐੱਚ.ਐੱਸ. (ਰਾਸ਼ਟਰੀ ਸਿਹਤ ਸੇਵਾ) ਕੋਵਿਡ ਟੀਕਾਕਰਣ ਪ੍ਰੋਗਰਾਮ ਸੰਬੰਧੀ ਸਲਾਹ ਦਾ ਪਾਲਣ ਕਰਨ ਦੀ ਅਪੀਲ ਕਰਨ ਲਈ ਸਰਕਾਰ ਅਤੇ ਕਾਨੂੰਨ ਲਾਗੂ ਦੇ ਨਾਲ ਮਿਲ ਕੇ ਕੰਮ ਕਰ ਰਹੀ ਹੈ। ਉਸ ਨੇ ਕਿਹਾ ਕਿ ਐੱਨ.ਐੱਚ.ਐੱਸ. ਕੋਵਿਡ ਟੀਕਾਕਰਣ ਪ੍ਰੋਗਰਾਮ ਤਹਿਤ ਮੁਫਤ 'ਚ ਟੀਕਾ ਲਾਇਆ ਜਾਵੇਗਾ ਅਤੇ ਐੱਨ.ਐੱਚ.ਐੱਸ. ਟੀਕਿਆਂ ਲਈ ਕੋਈ ਭੁਗਤਾਨ ਕਰਨ ਨੂੰ ਨਹੀਂ ਕਹੇਗਾ ਅਤੇ ਨਾ ਹੀ ਬੈਂਕ ਖਾਤਿਆਂ ਦੀ ਜਾਣਕਾਰੀ ਮੰਗੇਗਾ।

ਐੱਨ.ਸੀ.ਏ. 'ਚ ਰਾਸ਼ਟਰੀ ਆਰਥਿਕ ਅਪਰਾਧ ਕੇਂਦਰ ਦੇ ਡਾਇਰੈਕਟਰ ਜਨਰਲ ਗ੍ਰਾਇਮੇ ਬਿਗਰ ਨੇ ਕਿਹਾ ਕਿ ਧੋਖਾਧੜੀ ਦੇ ਮਾਮਲੇ ਅਜੇ ਘੱਟ ਹਨ ਪਰ ਇਨ੍ਹਾਂ ਦੀ ਗਿਣਤੀ ਵਧ ਰਹੀ ਹੈ। ਜੇਕਰ ਤੁਹਾਨੂੰ ਕੋਈ ਈ-ਮੇਲ ਜਾਂ ਸੰਦੇਸ਼ ਭੇਜ ਕੇ ਫੋਨ ਕਾਲ ਕਰ ਕੇ ਐੱਨ.ਐੱਸ.ਐੱਸ. ਨਾਲ ਸੰਬਧਿਤ ਹੋਣ ਦਾ ਦਾਅਵਾ ਕਰਦਾ ਅਤੇ ਤੁਹਾਨੂੰ ਟੀਕੇ ਦਾ ਭੁਗਤਾਨ ਕਰਨ ਨੂੰ ਕਹਿੰਦਾ ਹੈ ਤਾਂ ਇਹ ਘੋਟਾਲਾ ਹੈ। ਬ੍ਰਿਟੇਨ 'ਚ ਰਾਸ਼ਟਰੀ ਪੱਧਰ 'ਤੇ ਧੋਖਾਧੜੀ ਅਤੇ ਸਾਈਬਰ ਅਪਰਾਧ ਦੇ ਮਾਮਲੇ ਦਰਜ ਕਰਨ ਵਾਲੇ ਕੇਂਦਰ 'ਐਕਸ਼ਨ ਫਰਾਡ' ਨੇ ਸੁਚੇਤ ਕੀਤਾ ਕਿ ਕੋਵਿਡ-19 ਟੀਕਾਕਰਣ ਦੇ ਕਰੀਬ 57 ਮਾਮਲੇ ਦਰਜ ਕੀਤੇ ਗਏ ਹਨ।

# ਬ੍ਰਿਟੇਨ ਦੀ ਮਹਾਰਾਣੀ ਐਲਿਜ਼ਾਬੇਥ ਤੇ ਪ੍ਰਿੰਸ ਫਿਲਿਪ ਨੂੰ ਵੀ ਲੱਗਾ ਕੋਰੋਨਾ ਟੀਕਾ



ਲੰਡਨ : ਬ੍ਰਿਟੇਨ ਦੀ ਮਹਾਰਾਣੀ ਅਤੇ ਡਿਊਕ ਐਡਿਨਬਰਗ ਨੂੰ ਵੀ ਕੋਵਿਡ-19 ਟੀਕਾ ਲਾਇਆ ਗਿਆ ਹੈ। ਬਕਿੰਘਮ ਪੈਲੇਸ ਦੇ ਬੁਲਾਰੇ ਨੇ ਸ਼ਨੀਵਾਰ ਨੂੰ ਇਹ ਜਾਣਕਾਰੀ ਦਿੱਤੀ। ਇਕ ਸੂਤਰ ਨੇ ਕਿਹਾ ਕਿ ਟੀਕੇ ਸਨੀਵਾਰ ਨੂੰ ਵਿੰਡਸਰ ਕੈਸਲ ਵਿਖੇ ਉਨ੍ਹਾਂ ਦੇ ਡਾਕਟਰ ਵੱਲੋਂ ਲਾਏ ਗਏ। ਇਸ ਦੇ ਨਾਲ ਹੀ 94 ਸਾਲਾ ਮਹਾਰਾਣੀ ਐਲਿਜਾਬੇਥ ਅਤੇ 99 ਸਾਲਾ ਪ੍ਰਿੰਸ ਫਿਲਿਪ ਬ੍ਰਿਟੇਨ ਦੇ ਉਨ੍ਹਾਂ 15 ਲੱਖ ਲੋਕਾਂ ਵਿਚ ਸ਼ਾਮਲ ਹੋ ਗਏ ਹਨ, ਜਿਨ੍ਹਾਂ ਨੂੰ ਕੋਵਿਡ-19 ਟੀਕਾ ਲੱਗ ਚੁੱਕਾ ਹੈ। ਬ੍ਰਿਟੇਨ ਵਿਚ 80 ਸਾਲ ਤੋਂ ਵੱਧ ਉਮਰ ਦੇ ਲੋਕ ਪਹਿਲੀ ਤਰਜੀਹ ਵਾਲੇ ਸਮੂਹਾਂ ਵਿਚੋਂ ਹਨ ਜਿਨ੍ਹਾਂ ਨੂੰ ਪਹਿਲਾਂ ਟੀਕਾ ਦਿੱਤਾ ਜਾ ਰਿਹਾ ਹੈ। ਗੌਰਤਲਬ ਹੈ ਕਿ ਮਹਾਰਾਣੀ ਅਤੇ ਪ੍ਰਿੰਸ ਫਿਲਿਪ ਨੇ ਕੋਰੋਨਾ ਮਹਾਮਾਰੀ ਦੌਰਾਨ ਜਿਆਦਤਰ ਸਮਾਂ ਵਿੰਡਸਰ ਪੈਲੇਸ ਵਿਚ ਇਕੱਲੇ ਬਿਤਾਇਆ ਹੈ। ਕੋਰੋਨਾ ਵਾਇਰਸ ਮਹਾਮਾਰੀ ਸ਼ੁਰੂ ਹੋਣ ਤੋਂ ਬਾਅਦ ਪਿਛਲੇ ਮਹੀਨੇ ਪਹਿਲੀ ਵਾਰ ਰਾਣੀ ਸਾਹੀ ਪਰਿਵਾਰ ਦੇ ਕਈ ਸੀਨੀਅਰ ਮੈਂਬਰਾਂ ਨਾਲ ਸਾਹਮਣੇ ਆਏ ਸਨ। ਬ੍ਰਿਟੇਨ ਵਿਚ ਲੋਕਾਂ ਦਾ ਦੋ ਤਰ੍ਹਾਂ ਦੇ ਟੀਕਿਆਂ ਨਾਲ ਟੀਕਾਕਰਨ ਕੀਤਾ ਜਾ ਰਿਹਾ ਹੈ, ਜਿਨ੍ਹਾਂ ਨੂੰ ਸੰਕਟਕਾਲੀ ਮਨਜ਼ੂਰੀ ਦਿੱਤੀ ਗਈ ਹੈ। ਸ਼ੁੱਕਰਵਾਰ ਨੂੰ ਤੀਜੇ ਟੀਕੇ ਨੂੰ ਵੀ ਮਨਜ਼ੂਰੀ ਦਿੱਤੀ ਗਈ ਹੈ, ਜੋ ਕਿ ਅਮਰੀਕੀ ਕੰਪਨੀ ਮੋਡੇਰਨਾ ਦਾ ਹੈ। ਇਸ ਤੋਂ ਪਹਿਲਾਂ ਯੂ.ਕੇ. ਵਿਚ ਫਾਈਜਰ ਅਤੇ ਆਕਸਫੋਰਡ ਦੇ ਟੀਕੇ ਲੱਗ ਰਹੇ ਹਨ। ਹਾਲਾਂਕਿ, ਨਹੀਂ ਪਤਾ ਲੱਗਾ ਹੈ ਕਿ ਮਹਾਰਾਣੀ ਐਲਿਜਾਬੇਥ ਤੇ ਪ੍ਰਿੰਸ ਫਿਲਿਪ ਨੂੰ ਕਿਹੜੀ ਕੰਪਨੀ ਦੇ ਟੀਕੇ ਲਾਏ ਗਏ ਹਨ। ਪ੍ਰਧਾਨ ਮੰਤਰੀ ਬੌਰਿਸ ਜਾਨਸਨ ਨੇ ਕਿਹਾ ਹੈ ਕਿ ਫਰਵਰੀ ਦੇ ਅੱਧ ਤੱਕ ਯੂ.ਕੇ. ਵਿਚ 1.5 ਕਰੋੜ ਲੋਕਾਂ ਦਾ ਟੀਕਾਕਰਨ ਕਰਨ ਦਾ ਟੀਚਾ ਹੈ।

# ਐਪਲ ਨੇ ਅਮਰੀਕਾ ਸਥਿਤ ਮਾਈਕ੍ਰੋਬਲਾਗਿੰਗ ਪਲੇਟਫਾਰਮ ਪਾਰਲਰ ਨੂੰ ਆਪਣੇ ਪਲੇਅ ਸਟੋਰ ਤੋਂ ਹਟਾ ਦਿੱਤਾ




ਵਾਸ਼ਿੰਗਟਨ, : ਦਿੱਗਜ ਤਕਨੀਕੀ ਕੰਪਨੀ ਐਪਲ ਨੇ ਅਮਰੀਕਾ ਸਥਿਤ ਮਾਈਕ੍ਰੋ ਬਲਾਗਿੰਗ ਪਲੇਟਫਾਰਮ ਪਾਰਲਰ ਨੂੰ ਆਪਣੇ ਪਲੇ ਸਟੋਰ ਤੋਂ ਹਟਾ ਦਿੱਤਾ ਹੈ। ਕੰਪਨੀ ਨੇ ਕਿਹਾ ਹੈ ਕਿ ਹਿੰਸਾ ਅਤੇ ਨਾਜਾਇਜ਼ ਸਰਗਰਮੀਆਂ ਲਈ ਉਸ ਦੇ ਪਲੇਟਫਾਰਮ ਤੇ ਕੋਈ ਥਾਂ ਨਹੀਂ ਹੈ। ਹਾਲ ਹੀ ਵਿਚ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਸਮਰਥਕ ਵੱਡੇ ਪੈਮਾਨੇ ਤੇ ਇਸ ਐਪ ਨਾਲ ਜੁੜੇ ਹਨ। ਇਕ ਦਿਨ ਪਹਿਲੇ ਹੀ ਗੂਗਲ ਨੇ ਆਪਣੇ ਪਲੇ ਸਟੋਰ ਤੋਂ ਪਾਰਲਰ ਪਲੇਟਫਾਰਮ ਨੂੰ ਹਟਾ ਲਿਆ ਸੀ। ਉਧਰ, ਦਿੱਗਜ ਈ-ਕਾਮਰਸ ਕੰਪਨੀ ਐਮਾਜ਼ੋਨ ਨੇ ਵੀ ਐਮਾਜ਼ੋਨ ਵੈੱਬ ਸਰਵਿਸ ਤੋਂ ਇਸ ਐਪ ਨੂੰ ਹਟਾ ਦਿੱਤਾ ਹੈ।ਦਰਅਸਲ, ਇਹ ਕਦਮ ਐਪਲ ਵੱਲੋਂ ਪਾਰਲਰ ਨੂੰ ਦਿੱਤੀ ਗਈ ਚਿਤਾਵਨੀ ਦੇ ਇਕ ਦਿਨ ਬਾਅਦ ਚੁੱਕਿਆ ਗਿਆ ਹੈ। ਐਪਲ ਨੇ ਕਿਹਾ ਸੀ ਕਿ ਉਸ ਨੂੰ ਆਪਣੀਆਂ ਸੇਵਾਵਾਂ ਵਿਚ ਇਤਰਾਜ਼ਯੋਗ ਸਮੱਗਰੀ ਨੂੰ ਲੈ ਕੇ ਕਈ ਸ਼ਿਕਾਇਤਾਂ ਮਿਲੀਆਂ ਹਨ। ਦੋਸ਼ ਹੈ ਕਿ ਛੇ ਜਨਵਰੀ ਨੂੰ ਵਾਸ਼ਿੰਗਟਨ ਡੀਸੀ ਵਿਚ ਜੋ ਕੁਝ ਹੋਇਆ ਹੋਵੇ, ਉਸ ਦੀ ਯੋਜਨਾ ਪਾਰਲਰ ਐਪ ਤੇ ਹੀ ਬਣਾਈ ਗਈ ਸੀ। ਐਪਲ ਨੇ ਦ ਹਿਲ ਅਖ਼ਬਾਰ ਨੂੰ ਦਿੱਤੇ ਗਏ ਬਿਆਨ ਵਿਚ ਕਿਹਾ ਕਿ ਅਸੀਂ ਹਮੇਸ਼ਾ ਪਲੇ ਸਟੋਰ ਤੇ ਮੌਜੂਦ ਐਪ ਦੇ ਵੱਖ-ਵੱਖ ਬਿੰਦੂਆਂ ਦਾ ਸਮਰਥਨ ਕੀਤਾ ਹੈ ਪ੍ਰੰਤੂ ਹਿੰਸਾ ਅਤੇ ਨਾਜਾਇਜ਼ ਸਰਗਰਮੀ ਲਈ ਸਾਡੇ ਪਲੇਟਫਾਰਮ ਤੇ ਕੋਈ ਥਾਂ ਨਹੀਂ ਹੈ।

# ਅਮਰੀਕਾ ਨੇ ਤਾਇਵਾਨ 'ਤੇ ਲਾਈਆਂ ਪਾਬੰਦੀਆਂ ਹਟਾਈਆਂ




ਵਾਸ਼ਿੰਗਟਨ : ਅਮਰੀਕੀ ਵਿਦੇਸ਼ ਮੰਤਰੀ ਮਾਈਕ ਪੌਂਪੀਓ ਨੇ ਕਿਹਾ ਹੈ ਕਿ ਵਿਦੇਸ਼ ਵਿਭਾਗ ਤਾਇਵਾਨ ਨਾਲ ਡਿਪਲੋਮੈਟਿਕ ਪੱਧਰ ਤੇ ਅਤੇ ਹੋਰ ਪੱਧਰ 'ਤੇ ਸੰਪਰਕ ਸਥਾਪਿਤ ਕਰਨ ਤੇ ਲੱਗੀਆਂ ਪਾਬੰਦੀਆਂ ਨੂੰ ਖ਼ਤਮ ਕਰ ਰਿਹਾ ਹੈ। ਅਮਰੀਕਾ ਵੱਲੋਂ ਤਾਇਵਾਨ ਦੇ ਸੰਦਰਭ ਵਿਚ ਚੁੱਕੇ ਗਏ ਇਸ ਕਦਮ ਵਿਚ ਚੀਨ ਦਾ ਅੱਗ ਬਬੂਲਾ ਹੋਣਾ ਤੈਅ ਹੈ ਅਤੇ ਬੀਜਿੰਗ ਅਤੇ ਵਾਸ਼ਿੰਗਟਨ ਵਿਚਕਾਰ ਤਣਾਅ ਵਧਣ ਦੀ ਸੰਭਾਵਨਾ ਹੈ। ਟਰੰਪ ਪ੍ਰਸ਼ਾਸਨ ਨੇ ਇਹ ਕਦਮ ਤਦ ਚੁੱਕਿਆ ਹੈ ਜਦੋਂ ਨਵੇਂ ਚੁਣੇ ਰਾਸ਼ਟਰਪਤੀ 20 ਜਨਵਰੀ ਨੂੰ ਅਹੁਦੇ ਦੀ ਸਹੁੰ ਚੁੱਕ ਰਹੇ ਹਨ।ਦਰਅਸਲ, ਚੀਨ ਸਰਕਾਰ ਦਾਅਵਾ ਕਰਦੀ ਰਹੀ ਹੈ ਕਿ ਤਾਇਵਾਨ ਉਸ ਦਾ ਹੀ ਇਕ ਹਿੱਸਾ ਹੈ ਅਤੇ ਉਸ ਨੂੰ ਇਕ ਵਾਰ ਫਿਰ ਤੋਂ ਬੀਜਿੰਗ ਦੇ ਨਾਲ ਜੋੜਿਆ ਜਾਣਾ ਚਾਹੀਦਾ ਹੈ, ਭਲੇ ਹੀ ਇਸ ਲਈ ਤਾਕਤ ਵਰਤਣੀ ਪਵੇ। ਤਾਇਵਾਨ ਦੇ ਨੇਤਾ ਹਮੇਸ਼ਾ ਇਹ ਕਹਿੰਦੇ ਰਹੇ ਹਨ ਕਿ ਉਹ ਇਕ ਪ੍ਰਭੂਸੱਤਾ ਸੰਪੰਨ ਦੇਸ਼ ਹੈ। ਚੀਨ ਆਪਣੀ ਡਿਪਲੋਮੈਟਿਕ ਤਾਕਤ ਦੀ ਵਰਤੋਂ ਕਰ ਕੇ ਤਾਇਵਾਨ ਨੂੰ ਅਜਿਹੇ ਕਿਸੇ ਵੀ ਸੰਗਠਨ ਵਿਚ ਸ਼ਾਮਲ ਹੋਣ ਤੋਂ ਰੋਕਦਾ ਹੈ ਜਿਸ ਦੀ ਮੈਂਬਰੀ ਲਈ ਦੇਸ਼ ਦਾ ਦਰਜਾ ਹੋਣਾ ਜ਼ਰੂਰੀ ਹੈ।

# ਪ੍ਰਿਅੰਕਾ ਰਾਧਾਕ੍ਰਿਸ਼ਨ 'ਪ੍ਰਵਾਸੀ ਭਾਰਤੀ ਸਨਮਾਨ 2021' ਨਾਲ ਸਨਮਾਨਿਤ



ਆਕਲੈਂਡ : ਨਿਊਜ਼ੀਲੈਂਡ ਦੇ ਵਿਚ ਭਾਰਤੀਆਂ ਦਾ ਨਾਂਅ ਰੌਸ਼ਨ ਕਰਨ ਵਾਲੀ ਪਹਿਲੀ ਭਾਰਤੀ ਮੰਤਰੀ ਮਾਣਯੋਗ ਪ੍ਰਿਅੰਕਾ ਰਾਧਾਕ੍ਰਿਸ਼ਨ ਜੋ ਕਿ ਕਮਿਊਨਿਟੀ ਐਂਡ ਵਲੰਟਰੀ ਸੈਕਟਰ, ਡਾਇਵਰਸਿਟੀ, ਇਨਕਲੂਜ਼ਨ ਐਂਡ ਏਥਨਿਕ ਕਮਿਊਨਿਟੀਜ਼ ਦੇ ਮੰਤਰੀ ਹਨ ਅਤੇ ਯੂਥ ਐਸੋਸੀਏਟ ਮਨਿਸਰ ਫਾਰ ਸੋਸ਼ਲ ਡਿਵੈਲਪਮੈਂਟ ਅਤੇ ਇੰਪਲਾਇਮੈਂਟ ਹਨ, ਨੂੰ ਬੀਤੇ ਦਿਨ ਨਵੀਂ ਦਿੱਲੀ ਵਿਖੇ 16ਵੇਂ ਪ੍ਰਵਾਸੀ ਭਾਰਤੀ ਸੰਮੇਲਨ ਉੱਤੇ 'ਪ੍ਰਵਾਸੀ ਭਾਰਤੀ ਸਨਮਾਨ-2021' ਨਾਲ ਸਨਮਾਨਿਤ ਕੀਤਾ ਗਿਆ।ਇਸ ਦਾ ਐਲਾਨ ਦੇਸ਼ ਦੇ ਰਾਸ਼ਟਰਪਤੀ ਸ੍ਰੀ ਰਾਮ ਨਾਥ ਕੋਵਿੰਦ ਨੇ ਕੀਤਾ ਸੀ। ਇਸ ਵਾਰ ਇਹ ਸਮਾਗਮ ਆਨਲਾਈਨ (ਵਰਚੂਅਲ) ਕੀਤਾ ਗਿਆ ਸੀ। ਨਿਊਜ਼ੀਲੈਂਡ ਤੋਂ ਪ੍ਰਿਅੰਕਾ ਰਾਧਾ ਕ੍ਰਿਸ਼ਨ ਨੇ ਇਸ ਪੱਤਰਕਾਰ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਨ੍ਹਾਂ ਨੇ ਵੀਡੀਓ ਕਾਲ ਰਾਹੀਂ ਆਪਣੇ ਵਿਚਾਰ ਪੇਸ਼ ਕੀਤੇ ਸਨ। ਪੰਜਾਬੀ ਕਮਿਊਨਿਟੀ ਵੱਲੋਂ ਰਾਧਾ ਕ੍ਰਿਸ਼ਨ ਨੂੰ ਬਹੁਤ ਬਹੁਤ ਵਧਾਈ। ਭਾਰਤੀ ਹਾਈ ਕਮਿਸ਼ਨਰ ਨੇ ਵੀ ਰਾਧਾ ਕ੍ਰਿਸ਼ਨ ਨੂੰ ਇਸ ਸਨਮਾਨ ਲਈ ਵਧਾਈ ਦਿੱਤੀ ਹੈ। ਵਰਨਣਯੋਗ ਹੈ ਕਿ ਇਸ ਤੋਂ ਪਹਿਲਾਂ ਵੀ 6 ਹੋਰ ਸ਼ਖ਼ਸੀਅਤਾਂ ਨੂੰ ਇਹ ਸਨਮਾਨ ਮਿਲ ਚੁੱਕਾ ਹੈ।

# 26 ਜਨਵਰੀ ਨੂੰ ਟਰੈਕਟਰ ਮਾਰਚ ਰਾਹੀਂ ਦਿੱਲੀ ’ਚ ਗਰਜਣਗੀਆਂ ਪੰਜਾਬ ਦੀਆਂ ਕੁੜੀਆਂ

ਨਵੀਂ ਦਿੱਲੀ/ਅੰਮ੍ਰਿਤਸਰ, : ਕਿਸਾਨ ਅੰਦੋਲਨ ਅੱਜ ਯਾਨੀ ਕਿ ਸ਼ਨੀਵਾਰ ਨੂੰ 45ਵੇਂ ਦਿਨ ’ਚ ਪ੍ਰਵੇਸ਼ ਕਰ ਗਿਆ ਹੈ। ਕੇਂਦਰ ਸਰਕਾਰ ਨਾਲ ਕਿਸਾਨ ਜਥੇਬੰਦੀਆਂ ਦੀ 8ਵੇਂ ਦੌਰ ਦੀ ਬੈਠਕ ਵੀ ਬੇਸਿੱਟਾ ਰਹੀ। ਅਗਲੀ ਬੈਠਕ 15 ਜਨਵਰੀ ਨੂੰ ਹੋਵੇਗੀ। ਕਿਸਾਨ ਹੁਣ ਨਵੇਂ ਸਾਲ ਵਾਂਗ ਹੀ ਲੋਹੜੀ ਅਤੇ ਮਾਘੀ ਦਾ ਤਿਉਹਾਰ ਦਿੱਲੀ ਦੀਆਂ ਸਰਹੱਦਾਂ ’ਤੇ ਮਨਾਉਣਗੇ। ਕਿਸਾਨਾਂ ਵਲੋਂ ਆਪਣੀ ਤੈਅ ਰਣਨੀਤੀ ਮੁਤਾਬਕ ਅੰਦੋਲਨ ਨੂੰ ਹੋਰ ਤਿੱਖਾ ਕੀਤਾ ਜਾਵੇਗਾ। ਕਿਸਾਨ ਐਲਾਨ ਕਰ ਚੁੱਕੇ ਹਨ ਕਿ 26 ਜਨਵਰੀ 2021 ਨੂੰ ਉਹ ਕਿਸਾਨ ਮਾਰਚ ਕੱਢਣਗੇ। ਯਾਨੀ ਕਿ 26 ਜਨਵਰੀ ਨੂੰ ਗਣਤੰਤਰ ਦਿਵਸ ਮੌਕੇ ਟਰੈਕਟਰ ਮਾਰਚ ਕੱਢਿਆ ਜਾਵੇਗਾ, ਜਿਸ ਨੂੰ ਕਿਸਾਨਾਂ ਨੇ ‘ਕਿਸਾਨ ਪਰੇਡ’ ਦਾ ਨਾਮ ਦਿੱਤਾ ਹੈ। ਕਿਸਾਨਾਂ ਦਾ ਕਹਿਣਾ ਹੈ ਕਿ ਉਹ ਟਰੈਕਟਰ ਮਾਰਚ ਲੈ ਕੇ ਰਾਜਪੱਥ ਤੱਕ ਜਾਣਗੇ। 26 ਜਨਵਰੀ ਨੂੰ ਟਰੈਕਟਰ ਮਾਰਚ ਦੀ ਤਿਆਰੀ ਲਈ ਪੰਜਾਬ ’ਚ ਕਈ ਬੀਬੀਆਂ, ਕੁੜੀਆਂ ਵੀ ਟਰੈਕਟਰ ਸਿੱਖ ਰਹੀਆਂ ਹਨ। ਅੰਮ੍ਰਿਤਸਰ ਤੋਂ ਕੁਝ ਕੁੜੀਆਂ ਇਸ ਟਰੈਕਟਰ ਮਾਰਚ ’ਚ ਹਿੱਸਾ ਲੈਣਗੀਆਂ ਹਨ, ਇਸ ਲਈ ਉਹ ਬਕਾਇਦਾ ਟਰੈਕਟਰ ਚਲਾਉਣ ਲਈ ਅਭਿਆਸ ਕਰ ਰਹੀਆਂ ਹਨ। 7 ਜਨਵਰੀ ਨੂੰ ਵੀ ਪੰਜਾਬ ਦੇ ਕਿਸਾਨਾਂ ਨੇ ਵੱਡੀ ਗਿਣਤੀ ਵਿਚ ਟਰੈਕਟਰ ਮਾਰਚ ’ਚ ਹਿੱਸਾ ਲਿਆ ਸੀ। ਅੰਮ੍ਰਿਤਸਰ ਵਿਚ ਟਰੈਕਟਰ ਚਲਾਉਣ ਦਾ ਅਭਿਆਸ ਕਰਦੀਆਂ ਕੁੜੀਆਂ ਨਜ਼ਰ ਆਈਆਂ। ਇਹ ਕੁੜੀਆਂ 26 ਜਨਵਰੀ ਨੂੰ ਟਰੈਕਟਰ ਪਰੇਡ ’ਚ ਹਿੱਸਾ ਲੈਣ ਲਈ ਟਰੈਕਟਰ ਚਲਾਉਣ ਦਾ ਅਭਿਆਸ ਕਰ ਰਹੀਆਂ ਹਨ।



ਇਕ ਕੁੜੀ ਹਰਮਨਦੀਪ ਕੌਰ ਨੇ ਕਿਹਾ ਕਿ ਸਾਨੂੰ ਦੱਸਿਆ ਗਿਆ ਹੈ ਕਿ 26 ਜਨਵਰੀ ਨੂੰ ਪਰੇਡ ’ਚ ਟਰੈਕਟਰ ਮਾਰਚ ਕੱਢਿਆ ਜਾਵੇਗਾ, ਇਸ ਲਈ ਅਸੀਂ ਟਰੈਕਟਰ ਚਲਾਉਣ ਦਾ ਅਭਿਆਸ ਕਰ ਰਹੀਆਂ ਹਾਂ। ਦੱਸਣਯੋਗ ਹੈ ਕਿ ਪੰਜਾਬ ਦੀਆਂ ਬੀਬੀਆਂ ਵੀ ਵੱਡੀ ਗਿਣਤੀ ਵਿਚ ਕਿਸਾਨ ਅੰਦੋਲਨ ’ਚ ਹਿੱਸਾ ਲੈ ਰਹੀਆਂ ਹਨ। ਕਈ ਬੀਬੀਆਂ ਆਪਣੇ ਪਰਿਵਾਰ ਨਾਲ ਦਿੱਲੀ ਪੁੱਜੀਆਂ ਹਨ ਅਤੇ ਲਗਾਤਾਰ ਧਰਨਾ ਪ੍ਰਦਰਸ਼ਨ ’ਚ ਸ਼ਾਮਲ ਹੋ ਰਹੀਆਂ ਹਨ। ਦੱਸਣਯੋਗ ਹੈ ਕਿ ਤਿੰਨੋਂ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਦੀ ਆਪਣੀ ਮੰਗ ’ਤੇ ਅੜੇ ਕਿਸਾਨ ਆਗੂਆਂ ਨੇ ਸ਼ੁੱਕਰਵਾਰ ਨੂੰ ਸਰਕਾਰ ਨੂੰ ਦੋ ਟੁੱਕ ਆਖ ਦਿੱਤਾ ਹੈ ਕਿ ਉਨ੍ਹਾਂ ਦੀ ਘਰ ਵਾਪਸੀ ਉਦੋਂ ਹੀ ਹੋਵੇਗੀ, ਜਦੋਂ ਉਹ ਇਨ੍ਹਾਂ ਕਾਨੂੰਨਾਂ ਨੂੰ ਵਾਪਸ ਲਵੇਗੀ। ਸਰਕਾਰ ਨੇ ਵੀ ਕਾਨੂੰਨਾਂ ਨੂੰ ਪੂਰੀ ਤਰ੍ਹਾਂ ਰੱਦ ਕਰਨ ਦੀ ਮੰਗ ਨੂੰ ਖਾਰਜ ਕਰ ਦਿੱਤਾ ਹੈ। ਖੇਤੀਬਾੜੀ ਮੰਤਰੀ ਨਰਿੰਦਰ ਸਿੰਘ ਤੋਮਰ ਨੇ ਕਿਹਾ ਕਿ ਸਰਕਾਰ ਨੇ ਵਾਰ-ਵਾਰ ਕਿਹਾ ਹੈ ਕਿ ਕਿਸਾਨ ਜਥੇਬੰਦੀਆਂ ਦੇ ਆਗੂ ਜੇਕਰ ਕਾਨੂੰਨ ਵਾਪਸ ਲੈਣ ਤੋਂ ਇਲਾਵਾ ਕੋਈ ਬਦਲ ਦੇਣਗੀਆਂ ਤਾਂ ਅਸੀਂ ਗੱਲ ਕਰਨ ਲਈ ਤਿਆਰ ਹਾਂ।

# ਟਰੰਪ ਅਮਰੀਕੀ ਇਤਿਹਾਸ ਵਿੱਚ ਸਭ ਤੋਂ ‘ਰੱਦੀ’ ਰਾਸ਼ਟਰਪਤੀ ; ਬਾਇਡਨ



ਵਾਸ਼ਿੰਗਟਨ : ਅਮਰੀਕਾ ਦੇ ਨਵੇਂ ਚੁਣੇ ਰਾਸ਼ਟਰਪਤੀ ਜੋਅ ਬਾਇਡਨ ਨੇ ਕਿਹਾ ਕਿ ਡੋਨਾਲਡ ਟਰੰਪ ਅਮਰੀਕੀ ਇਤਿਹਾਸ ਵਿੱਚ ਸਭ ਤੋਂ ਅਯੋਗ ਰਾਸ਼ਟਰਪਤੀ ਹਨ। ਟਰੰਪ ਖ਼ਿਲਾਫ਼ ਮਹਾਂਦੋਸ਼ ਲਾਉਣ ਜਾਂ ਉਨ੍ਹਾਂ ਦੇ ਕਾਰਜਕਾਲ ਦੇ ਬਾਕੀ 12 ਦਿਨਾਂ ਤੋਂ ਪਹਿਲਾਂ ਉਨ੍ਹਾਂ ਨੂੰ ਹਟਾਉਣ ਬਾਰੇ ਬਾਇਡਨ ਨੇ ਕਿਹਾ ਕਿ 20 ਜਨਵਰੀ ਨੂੰ ਉਨ੍ਹਾਂ ਅਹੁਦਾ ਸੰਭਾਲਣਾ ਹੈ ਤੇ ਟਰੰਪ ਨੂੰ ਹਟਾਉਣ ਦਾ ਇਹੀ ਸਭ ਤੋਂ ਤੇਜ਼ ਤਰੀਕਾ ਹੈ। ਉਨ੍ਹਾਂ ਕਿਹਾ, ਮੈਂ ਸਾਲ ਤੋਂ ਵੀ ਵੱਧ ਸਮੇਂ ਤੋਂ ਇਹ ਕਹਿੰਦਾ ਆ ਰਿਹਾ ਹਾਂ ਕਿ ਟਰੰਪ ਅਹੁਦੇ ’ਤੇ ਬੈਠਣ ਦੇ ਕਾਬਿਲ ਨਹੀਂ। ਉਹ ਅਮਰੀਕੀ ਇਤਿਹਾਸ ਦਾ ਸਭ ਤੋਂ ਅਯੋਗ ਰਾਸ਼ਟਰਪਤੀ ਹੈ। ਹੁਣ ਉਸ ਨੂੰ ਹਟਾਉਣ ’ਤੇ ਵਿਚਾਰ ਕਰਨ ਦਾ ਮੇਰੇ ਹਿਸਾਬ ਨਾਲ ਕੋਈ ਮਤਲਬ ਨਹੀਂ ਹੈ।

# ਕਰਜ਼ ਦੇ ਬਦਲੇ ਭਾਰਤ ’ਚ ਮੌਤ ਦੇ ਜਾਲ ਬਣਾ ਰਹੀਆਂ ਹਨ ਚੀਨੀ ਐਪਸ, ਰਹੋ ਸਾਵਧਾਨ

ਦਿੱਲੀ : ਹੈਦਰਾਬਾਦ ਪੁਲਿਸ ਨੇ ਲੋਨ ਐਪ ਦੀ ਧੋਖਾਧੜੀ ਦੇ ਸੰਬੰਧ ਵਿੱਚ ਕੁਝ ਦਿਨ ਪਹਿਲਾਂ ਇੱਕ ਚੀਨੀ ਨਾਗਰਿਕ ਨੂੰ ਗ੍ਰਿਫਤਾਰ ਕੀਤਾ ਸੀ। ਜਾਂਚ ਤੋਂ ਪਤਾ ਲੱਗਿਆ ਹੈ ਕਿ ਤਕਰੀਬਨ 21 ਹਜ਼ਾਰ ਕਰੋੜ ਦਾ ਲੈਣ-ਦੇਣ ਹੋਇਆ ਹੈ। ਇੰਨੀ ਵੱਡੀ ਗਿਣਤੀ ਵਿਚ ਲੈਣ-ਦੇਣ ਭੁਗਤਾਨ ਗੇਟਵੇ ਅਤੇ ਇਨ੍ਹਾਂ ਕੰਪਨੀਆਂ ਨਾਲ ਜੁੜੇ ਖਾਤਿਆਂ ਦੁਆਰਾ ਕੀਤਾ ਗਿਆ ਹੈ. ਗ੍ਰਿਫਤਾਰ ਕੀਤੇ ਗਏ ਚੀਨੀ ਨਾਗਰਿਕ ਦਾ ਨਾਮ ਝੂ ਵੇਈ ਹੈ। ਉਸ ਨੂੰ ਚੀਨ ਭੱਜਣ ਵੇਲੇ ਦਿੱਲੀ ਏਅਰਪੋਰਟ ਤੋਂ ਗ੍ਰਿਫਤਾਰ ਕੀਤਾ ਗਿਆ ਸੀ। ਲੋਨ ਐਪ ਦੀ ਧੋਖਾਧੜੀ ਅਤੇ ਬੇਇੱਜ਼ਤੀ ਤੋਂ ਬਾਅਦ ਭਾਰਤ ਵਿਚ ਆਤਮ-ਹੱਤਿਆ ਦੇ ਬਹੁਤ ਸਾਰੇ ਮਾਮਲੇ ਸਾਹਮਣੇ ਆਏ ਹਨ। ਇਨ੍ਹਾਂ ਵਿਚ ਚੀਨੀ ਨਾਗਰਿਕਾਂ ਦੀ ਸ਼ਮੂਲੀਅਤ ਸਾਹਮਣੇ ਆਈ ਹੈ। ਸਵਾਲ ਇਹ ਹੈ ਕਿ ਕੀ ਇਹ ਸਮੁੱਚਾ ਰੈਕੇਟ ਸਿੱਧੇ ਚੀਨ ਤੋਂ ਭਾਰਤ ਆਇਆ ਸੀ, ਜਾਂ ਫਿਰ ਕਹਾਣੀ ਚੀਨ ਵਿਚ ਸ਼ੁਰੂ ਹੋਈ ਸੀ ? ਦਰਅਸਲ, ਇਹ 2016 ਦਾ ਸਮਾਂ ਸੀ ਜਦੋਂ ਅਜਿਹੀਆਂ ਖ਼ਬਰਾਂ ਚੀਨ ਤੋਂ ਆਉਂਦੀਆਂ ਸਨ, ਜਿਥੇ ਕਰਜ਼ੇ ਦੀ ਮੁੜ ਅਦਾਇਗੀ ਕਰਨ ਦੀ



ਬਜਾਏ, ਕਾਲਜ ਜਾਣ ਵਾਲੇ ਚੀਨੀ ਵਿਦਿਆਰਥੀਆਂ ਨੂੰ ਉਨ੍ਹਾਂ ਨੂੰ ਬਿਨਾਂ ਕੱਪੜਿਆਂ ਦੀਆਂ ਤਸਵੀਰਾਂ ਭੇਜਣ ਲਈ ਲੋਨ ਦੇਣ ਲਈ ਕਿਹਾ ਗਿਆ ਸੀ। ਇਸ ਦੇ ਪਿੱਛੇ ਦਾ ਉਦੇਸ਼ ਇਕ ਹਫ਼ਤੇ ਦੇ ਕਰਜ਼ੇ ਦੇ ਬਦਲੇ ਕਈ ਗੁਣਾ ਵਧੇਰੇ ਵਿਆਜ ਲਾਗੂ ਕਰਕੇ ਇਸ ਨੂੰ ਮੁੜ ਪ੍ਰਾਪਤ ਕਰਨਾ ਸੀ। ਚੀਨ ਤੋਂ ਸ਼ੁਰੂ ਕੀਤੀ ਗਈ ਇਹੋ ਗੰਦੀ ਖੇਡ ਭਾਰਤ ਪਹੁੰਚ ਗਈ ਹੈ।

# ਪਾਇਲਟ ਬੀਬੀਆਂ ਰਚਣਗੀਆਂ ਇਤਿਹਾਸ, ਦੁਨੀਆ ਦੇ ਸਭ ਤੋਂ ਲੰਬੇ ਹਵਾਈ ਮਾਰਗ ਤੋਂ ਭਰਨਗੀਆਂ ਉਡਾਣ



ਨਵੀਂ ਦਿੱਲੀ : ਪਹਿਲੀ ਏਅਰ ਲਾਈਨ ਕੰਪਨੀ ਏਅਰ ਇੰਡੀਆ ਇੱਕ ਹੋਰ ਉਪਲਬਧੀ ਹਾਸਲ ਕੀਤੀ ਹੈ। ਇਸ ਵਾਰ ਏਅਰ ਇੰਡੀਆ ਦੀ ਪਾਇਲਟ ਬੀਬੀ ਦੀ ਇੱਕ ਟੀਮ ਸਭ ਤੋਂ ਲੰਬੇ ਮਾਰਗ ਰਾਹੀਂ ਉਡਾਣ ਭਰੀ ਹੈ। ਜਾਣਕਾਰੀ ਦੇ ਅਨੁਸਾਰ, ਇਹ ਟੀਮ ਦੁਨੀਆ ਦੇ ਸਭ ਤੋਂ ਲੰਬੇ ਹਵਾਈ ਮਾਰਗ ’ਤੇ ਉੱਤਰੀ ਧਰੁਵ ’ਤੇ ਉਡਾਣ ਭਰੇਗੀ। ਇਹ ਉਡਾਣ ਸੈਨ ਫ੍ਰਾਂਸਿਸਕੋ (ਐੱਸ.ਐੱਫ.ਓ.) ਤੋਂ 9 ਜਨਵਰੀ ਨੂੰ ਬੇਂਗਲੁਰੂ ਪੁੱਜੀ ਅਤੇ ਲੱਗਭੱਗ 16,000 ਕਿਲੋਮੀਟਰ ਦੀ ਦੂਰੀ ਤੈਅ ਕੀਤੀ। ਏਅਰ ਇੰਡੀਆ ਦੇ ਇੱਕ ਅਧਿਕਾਰੀ ਨੇ ਦੱਸਿਆ ਕਿ ਉੱਤਰੀ ਧਰੁਵ ਦੇ ਉੱਪਰੋਂ ਉਡਾਣ ਭਰਨਾ ਬਹੁਤ ਹੀ ਚੁਣੌਤੀ ਭਰਪੂਰ ਹੈ ਅਤੇ ਏਅਰਲਾਈਨ ਕੰਪਨੀਆਂ ਇਸ ਰਸਤੇ ’ਤੇ ਆਪਣੇ ਸਭ ਤੋਂ ਉੱਤਮ ਅਤੇ ਤਜਰਬੇਕਾਰ ਪਾਇਲਟਾਂ ਨੂੰ ਭੇਜਦੀਆਂ ਹਨ। ਇਸ ਵਾਰ ਏਅਰ ਇੰਡੀਆ ਨੇ ਇੱਕ ਕਪਤਾਨ ਬੀਬੀ ਨੂੰ ਸੈਨ ਫ੍ਰਾਂਸਿਸਕੋ ਤੋਂ ਬੇਂਗਲੁਰੂ ਜਾਣ ਲਈ ਧਰੁਵੀ ਰਸਤੇ ਰਾਹੀਂ ਯਾਤਰਾ ਦੀ ਜ਼ਿੰਮੇਦਾਰੀ ਦਿੱਤੀ ਹੈ। ਇੱਕ ਸਮਾਚਾਰ ਏਜੰਸੀ ਅਨੁਸਾਰ ਕੈਪਟਨ ਜ਼ੋਆ ਅਗਰਵਾਲ ਨੇ ਕਿਹਾ ਕਿ ਮੈਨੂੰ ਮਾਣ ਹੈ ਕਿ ਮੇਰੀ ਟੀਮ ਵਿੱਚ ਕੈਪਟਨ ਪਾਪਾਗਾਰੀ, ਆਕਾਂਕਸ਼ਾ ਸੋਨਾਵਨੇ ਅਤੇ ਸ਼ਿਵਾਨੀ ਮੰਹਾਸ ਵਰਗੀਆਂ ਤਜਰਬੇਕਾਰ ਕੈਪਟਨ ਹਨ। ਇਹ ਪਹਿਲੀ ਵਾਰ ਹੈ ਜਦੋਂ ਪਾਇਲਟਾਂ ਦੀ ਅਜਿਹੀ ਟੀਮ ਉੱਤਰੀ ਧਰੁਵ ਦੇ ਉੱਪਰੋਂ ਉਡਾਣ ਭਰੇਗੀ ਜਿਸ ਵਿੱਚ ਸਿਰਫ ਔਰਤਾਂ ਹੋਣਗੀਆਂ ਅਤੇ ਇੱਕ ਤਰ੍ਹਾਂ ਇਹ ਇਤਿਹਾਸ ਰਚਣ ਦੀ ਕਵਾਇਦ ਹੋਵੇਗੀ। ਇਹ ਕਿਸੇ ਵੀ ਪੇਸ਼ੇਵਰ ਪਾਇਲਟ ਲਈ ਇੱਕ ਸੁਫਨੇ ਦੀ ਤਰ੍ਹਾਂ ਹੈ ਜੋ ਸੱਚ ਹੋਣ ਜਾ ਰਿਹਾ ਹੈ।

# ਇਟਲੀ ’ਚ ਕੁਦਰਤ ਦਾ ਕਹਿਰ, ਧਰਤੀ ’ਚ ਧਸਿਆ ਹਸਪਤਾਲ

ਮਿਲਾਨ : ਦੱਖਣੀ ਇਟਲੀ ਦੇ ਕਸਬਾ ਪੋਨਤੀਚਿਲੀ ਵਿਚ ਕੋਰੋਨਾ ਮਰੀਜ਼ਾਂ ਲਈ ਬਣਿਆ ਹਸਪਤਾਲ ਵੇਖਦੇ ਹੀ ਵੇਖਦੇ ਧਰਤੀ ਵਿਚ ਧੱਸ ਗਿਆ। ਇਸ ਨਾਲ ਕੋਈ ਜਾਨੀ ਨੁਕਸਾਨ ਤਾਂ ਨਹੀਂ ਹੋਇਆ ਪਰ ਹਸਪਤਾਲ ਦੇ ਬਾਹਰ ਖੜ੍ਹੀਆਂ ਕਾਰਾਂ ਵੀ ਧਰਤੀ ਵਿਚ ਧੱਸ ਗਈਆਂ ਹਨ। ਪ੍ਰਸ਼ਾਸਨ ਵੱਲੋਂ ਧਰਤੀ ਵਿਚ ਧੱਸੀਆਂ ਕਾਰਾਂ ਨੂੰ ਮਲਬੇ ਵਿਚੋਂ ਕੱਢਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਰਾਹਤ ਕਾਰਜਾਂ ਵਿਚ ਲੱਗੇ ਕਰਮਚਾਰੀਆਂ ਮੁਤਾਬਕ 500 ਮੀਟਰ ਦਾ ਘੇਰਾ ਬਿਲਕੁਲ ਪੂਰੀ ਤਰ੍ਹਾਂ ਧਰਤੀ ਵਿਚ ਧੱਸ ਗਿਆ। ਦੱਸਣਯੋਗ ਹੈ ਕਿ ਇਹ ਇਲਾਕਾ ਬਿਲਕੁਲ ਸਮੁੰਦਰ ਦੇ ਕੰਢੇ ’ਤੇ ਪੈਂਦਾ ਹੈ। ਧਰਤੀ ਹੇਠੋਂ ਜ਼ਮੀਨ ਦੇ ਅੰਦਰੋਂ-ਅੰਦਰੀਂ ਪੋਲੇ ਹੋ ਜਾਣ ਕਰਕੇ ਇਹ ਭਾਣਾ ਵਾਪਰਿਆ ਹੈ। ਕਰਮਚਾਰੀਆਂ ਦਾ ਕਹਿਣਾ ਹੈ ਕਿ ਚੰਗੀ ਗੱਲ ਹੈ ਕਿ ਜਾਨੀ ਨੁਕਸਾਨ ਹੋਣ ਤੋਂ ਬਚਾਅ ਹੋ ਗਿਆ ਨਹੀਂ ਤਾਂ ਇਹ ਹਾਦਸਾ ਹੋਰ ਵੀ ਭਿਆਨਕ ਹੋ ਸਕਦਾ ਸੀ।



# ਵੈਕਸੀਨ ਟ੍ਰਾਇਲ ਤੋਂ ਬਾਅਦ ਆਦਿਵਾਸੀ ਮਜ਼ਦੂਰ ਦੀ ਵਿਗੜੀ ਸਿਹਤ, 8 ਦਿਨਾਂ ਬਾਅਦ ਮੌਤ

ਭੋਪਾਲ, : ਰਾਜਧਾਨੀ ਭੋਪਾਲ ’ਚ ਕੋਰੋਨਾ ਵੈਕਸੀਨ ਟ੍ਰਾਇਲ ’ਚ ਸ਼ਾਮਲ ਇਕ ਨੌਜਵਾਨ ਦੀ ਮੌਤ ਨਾਲ ਕੋਵਿਡ-19 ਵੈਕਸੀਨ ਸਵਾਲਾਂ ਦੇ ਘੇਰੇ ’ਚ ਹੈ। ਕੋਵਿਡ ਵੈਕਸੀਨ ਦੇ 8 ਦਿਨਾਂ ਬਾਅਦ ਨੌਜਵਾਨ ਦੀ ਮੌਤ ਹੋ ਗਈ। ਪਤਨੀ ਦਾ ਦੋਸ਼ ਹੈ ਕਿ ਕੋਰੋਨਾ ਵੈਕਸੀਨ ਦੇ ਟ੍ਰਾਇਲ ਤੋਂ ਬਾਅਦ ਹੀ ਉਸ ਦੇ ਪਤੀ ਦੀ ਸਿਹਤ ਖਰਾਬ ਹੋ ਗਈ ਸੀ ਅਤੇ 8 ਦਿਨਾਂ ਬਾਅਦ ਉਸ ਨੇ ਦਮ ਤੋੜ ਦਿੱਤਾ। ਹਾਲਾਂਕਿ, ਸਿਹਤ ਮੰਤਰੀ ਪ੍ਰਭੂਰਾਮ ਚੌਧਰੀ ਨੇ ਕਿਹਾ ਹੈ ਕਿ ਨੌਜਵਾਨ ਦੀ ਮੌਤ ਕਿਸੇ ਜਹਿਰੀਲੇ ਪਦਾਰਥ ਨਾਲ ਹੋਈ ਹੈ। ਪੋਸਟਮਾਰਟਮ ਦੀ ਰਿਪੋਰਟ ਵੀ ਇਹ ਗੱਲ ਕਹਿ ਰਹੀ ਹੈ। ਕੋਰੋਨਾ ਵੈਕਸੀਨ ਨੂੰ ਲੈ ਕੇ ਲੋਕਾਂ ’ਚ ਡਰ ਬਣਿਆ ਹੋਇਆ ਹੈ, ਉਥੇ ਹੀ ਇਸ ਵਿਚਕਾਰ ਭੋਪਾਲ ’ਚ 12 ਦਸੰਬਰ ਨੂੰ ਵੈਕਸੀਨ ਟ੍ਰਾਇਲ ’ਚ ਸ਼ਾਮਲ ਹੋਏ ਦੀਪਕ ਮਰਾਵੀ ਦੀ ਮੌਤ ਹੋਣ ਤੋਂ ਬਾਅਦ ਇਕ ਵਾਰ ਫਿਰ ਕੋਵਿਡ-19 ਵੈਕਸੀਨ ਨੂੰ ਲੈ ਕੇ ਉੱਠਣ ਲਗੇ ਹਨ। ਮ੍ਰਿਤਕ ਦੀਪਕ ਮਰਾਵੀ ਦੀ ਪਤਨੀ ਦਾ ਕਹਿਣਾ ਹੈ ਕਿ ਵੈਕਸੀਨ ਲਗਵਾਉਣ ਤੋਂ ਬਾਅਦ ਹੀ ਉਸ ਦੇ ਪਤੀ ਦੀ ਸਿਹਤ ਖਰਾਬ ਹੋ ਗਈ ਸੀ, ਹੱਥ-ਪੈਰ ’ਚ ਤੇਜ ਦਰਦ ਦੇ ਨਾਲ ਕਈ ਵਾਰ ਉਲਟੀ ਅਤੇ ਮੂੰਹ ’ਚੋਂ ਝੱਗ ਵੀ ਨਿਕਲੀ। ਦੀਪਕ ਮਰਾਵੀ ਦੀ ਮੌਤ 21 ਦਸੰਬਰ ਨੂੰ ਹੋਈ ਸੀ, ਹਾਲਾਂਕਿ, ਪੋਸਟਮਾਰਟਮ ਰਿਪੋਰ ’ਚ ਕਿਹਾ ਗਿਆ ਹੈ ਕਿ ਮੌਤ ਦਾ ਕਾਰਨ ਜਹਿਰ ਹੋ ਸਕਦਾ ਹੈ ਪਰ ਮ੍ਰਿਤਕ ਦੇ ਪਰਿਵਾਰ ਦਾ ਕਹਿਣਾ ਹੈ ਕਿ ਦੀਪਕ ਮਰਾਵੀ ਨੇ ਜਹਿਰ ਨਹੀਂ ਖਾਧਾ। ਉਸ ਦੀ ਮੌਤ ਵੈਕਸੀਨ ਕਾਰਨ ਹੀ ਹੋਈ ਹੈ। ਪਰਿਵਾਰ ਦਾ ਦੋਸ਼ ਹੈ ਕਿ ਵੈਕਸੀਨ ਲੱਗਣ ਤੋਂ ਬਾਅਦ ਹਸਪਤਾਲ ਪ੍ਰਬੰਧਨ ਵਲੋਂ ਕੋਈ ਫਾਲੋਅਪ ਨਹੀਂ ਲਿਆ ਗਿਆ। ਦੀਪਕ ਮਰਾਵੀ ਨੂੰ ਭੋਪਾਲ ਦੇ ਇਕ ਨਿੱਜੀ ਹਸਪਤਾਲ ’ਚ ਟ੍ਰਾਇਲ ਦੌਰਾਨ ਵੈਕਸੀਨ ਲਗਾਈ ਗਈ ਸੀ। ਉਥੇ ਹੀ ਨੌਜਵਾਨ ਦੀ ਮੌਤ ਤੋਂ ਬਾਅਦ ਸਿਹਤ ਮੰਤਰੀ ਪ੍ਰਭੂਰਾਮ ਚੌਧਰੀ ਦਾ ਕਹਿਣਾ ਹੈ ਕਿ ਭਾਰਤ ’ਚ ਜੋ ਵੀ



ਵੈਕਸੀਨ ਦਾ ਟ੍ਰਾਇਲ ਹੋਇਆ ਹੈ, ਭਾਰਤ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ ਨਾਲ ਹੋਇਆ ਹੈ। ਦੀ ਮਨਜੂਰੀ ਤੋਂ ਬਾਅਦ ਵੈਕਸੀਨ ਦਾ ਟੀਕਾ ਲਗਾਇਆ ਗਿਆ ਹੈ। ਕੋਈ ਵੀ ਮੌਤ ਦੁਖਦ ਹੁੰਦੀ ਹੈ, ਮੈਨੂੰ ਵੀ ਦੁੱਖ ਹੈ। ਮੈਂ ਮੰਤਰੀ ਤੋਂ ਇਲਾਵਾ ਡਾਕਟਰ ਵੀ ਹਾਂ। ਟੀਕਾਕਰਣ ਜਦੋਂ ਹੁੰਦਾ ਹੈ, 50 ਮਿੰਟਾਂ ਬਾਅਦ ਪ੍ਰਭਾਵ ਵਿਖਾਈ ਦਿੰਦਾ ਹੈ, ਉਸ ਤੋਂ ਬਾਅਦ 48 ਘੰਟਿਆਂ ਦੇ ਅੰਦਰ ਉਸ ਦਾ ਹੋਰ ਪ੍ਰਭਾਵ ਵਿਖਾਈ ਦਿੰਦਾ ਹੈ। ਅਜਿਹੇ ’ਚ ਕੋਈ ਗੱਲ ਸਾਹਮਣੇ ਨਹੀਂ ਆਈ ਜਿਸ ਦੀ ਇਕ ਹਫਤੇ ਬਾਅਦ ਮੌਤ ਹੋਈ ਹੋਵੇ। ਮ੍ਰਿਤਕ ਦੀ ਮੌਤ ਤੋਂ ਪਹਿਲਾਂ ਮੂੰਹ ’ਚੋਂ ਝੱਗ ਨਿਕਲ ਰਹੀ ਸੀ। ਪੋਸਟਮਾਰਟਮ ਹੋਇਆ ਹੈ, ਪੋਸਟਮਾਰਟਮ ਦੀ ਰਿਪੋਰਟ ’ਚ ਮੌਤ ਦਾ ਕਾਰਨ ਜਹਿਰ ਦੱਸਿਆ ਗਿਆ ਹੈ। ਅਜੇ ਵਿਸਰਾ ਰਿਪੋਰਟ ਆਉਣੀ ਬਾਕੀ ਹੈ। ਮੈਡੀਕਲ ਐਜੂਕੇਸ਼ਨ ਦੁਆਰਾ ਇਕ ਟੀਮ ਬਣਾਈ ਗਈ ਹੈ ਜੋ ਜੋ ਮਾਮਲੇ ਦੀ ਜਾਂਚ ਕਰ ਰਹੀ ਹੈ।

# ‘ਤੁਹਾਡੇ ਝੂਠ ਨੇ ਤੁਹਾਡੀ ਸੰਸਦ ਮੈਂਬਰ ਵਜੋਂ ਨਾਕਾਬਲੀਅਤ ਦਾ ਪਰਦਾਫਾਸ਼ ਕੀਤਾ’

ਚੰਡੀਗੜ੍ਹ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸ਼ਨਿਚਰਵਾਰ ਨੂੰ ਆਪ ਦੇ ਸੂਬਾ ਪ੍ਰਧਾਨ ਭਗਵੰਤ ਮਾਨ ਵੱਲੋਂ ਬੋਲੇ ਜਾ ਰਹੇ ਕੋਰੇ ਝੂਠ ਦੀ ਕਰੜੀ ਆਲੋਚਨਾ ਕਰਦਿਆਂ ਆਖਿਆ ਕਿ ਇਹ ਬੜੀ ਮੰਦਭਾਗੀ ਗੱਲ ਹੈ ਕਿ ਮਾਨ ਵਰਗੇ ਲੋਕ ਜਿਨ੍ਹਾਂ ਨੂੰ ਸੰਵਿਧਾਨਕ ਤੇ ਕਾਨੂੰਨੀ ਪ੍ਰਕਿਰਿਆ ਬਾਰੇ ਉੱਕਾ ਵੀ ਗਿਆਨ ਨਹੀਂ, ਰਾਜਨੀਤੀ ਵਿੱਚ ਹਨ ਅਤੇ ਲੋਕਾਂ ਨੂੰ ਗੁੰਮਰਾਹ ਕਰਨ ਦੇ ਇਕੋ-ਇਕ ਉਦੇਸ਼ ਤਹਿਤ ਬਿਨਾਂ ਕਿਸੇ ਤਰਕ ਤੋਂ ਬਿਆਨ ਦਿੰਦੇ ਰਹਿੰਦੇ ਹਨ। ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੇ ਕੇਂਦਰੀ ਕਾਨੂੰਨਾਂ ਨੂੰ ਚੁਣੌਤੀ ਦੇਣ ਲਈ ਲੋੜੀਂਦੀਆਂ ਪਟੀਸ਼ਨਾਂ ਨੂੰ ਪਹਿਲਾਂ ਹੀ ਤਿਆਰ ਕਰ ਲਿਆ ਹੈ ਅਤੇ ਇਨ੍ਹਾਂ ਨੂੰ ਕਾਨੂੰਨੀ ਮਾਹਿਰਾਂ ਦੀ ਸਲਾਹ ਨਾਲ ਢੁਕਵੇਂ ਸਮੇਂ ’ਤੇ ਦਾਇਰ ਕੀਤਾ ਜਾਵੇਗਾ। ਕੈਪਟਨ ਅਮਰਿੰਦਰ ਸਿੰਘ ਨੇ ਕਿਹਾ, “ਆਪਣੇ ਬੌਸ ਵਾਂਗ ਮਾਨ ਵੀ ਝੂਠ ਬੋਲਣ ਤੇ ਧੋਖਾ ਦੇਣ ਦੀ ਕਲਾ ਵਿੱਚ ਮੁਹਾਰਤ ਹਾਸਲ ਕਰ ਚੁੱਕਾ ਹੈ ਪਰ ਅਜਿਹਾ ਕਰਦਿਆਂ ਉਸ ਨੇ ਸੰਵਿਧਾਨਕ ਤੇ ਵਿਧਾਨਕ ਪ੍ਰਕਿਰਿਆਵਾਂ ਬਾਰੇ ਹੋਛੇ ਬਿਆਨ ਦੇ ਕੇ ਸੰਸਦ ਮੈਂਬਰ ਵਜੋਂ ਆਪਣੀ ਨਾਕਾਬਲੀਅਤ ਦਾ ਪਰਦਾਫਾਸ਼ ਕਰ ਲਿਆ। ਆਪ ਆਗੂ ਵੱਲੋਂ ਖੇਤੀਬਾੜੀ ਕਾਨੂੰਨਾਂ ਨੂੰ ਭੇਜਣ ਦੇ ਮੁੱਦੇ ਉਤੇ ਮੁੱਖ ਮੰਤਰੀ ਤੇ ਰਾਜਪਾਲ ਵਿਚਾਲੇ ਮਿਲੀਭੁਗਤ ਦੇ ਦਾਅਵਿਆਂ ਉਤੇ ਬੋਲਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਐਨ.ਡੀ.ਏ. ਸਰਕਾਰ ਵੱਲੋਂ ਪਾਸ ਕੀਤੇ ਖੇਤੀ ਕਾਨੂੰਨਾਂ ਨੂੰ ਬੇਅਸਰ ਕਰਨ ਲਈ ਪੰਜਾਬ ਵਿਧਾਨ ਸਭਾ ਨੇ ਤਾਂ ਸਰਵ ਸੰਮਤੀ ਨਾਲ ਐਕਟ ਪਾਸ ਕੀਤੇ। ਉਨ੍ਹਾਂ ਕਿਹਾ, “ਤੁਹਾਨੂੰ ਸੱਚਮੁੱਚ ਬਿਲਕੁਲ ਵੀ ਨਹੀਂ ਪਤਾ ਕਿ ਵਿਧਾਨਕ ਕੰਮ ਕਿਵੇਂ ਕੀਤੇ ਜਾਂਦੇ ਹਨ। ਉਨ੍ਹਾਂ ਭਗਵੰਤ ਮਾਨ ਨੂੰ ਸਲਾਹ ਦਿੱਤੀ ਕਿ ਉਹ ਅਜਿਹੇ ਮਹੱਤਵਪੂਰਨ ਮਾਮਲਿਆਂ ਉਤੇ ਆਪਣਾ ਮੂੰਹ ਬੰਦ ਹੀ ਰੱਖਿਆ ਕਰੇ। ਕੈਪਟਨ ਅਮਰਿੰਦਰ ਸਿੰਘ ਨੇ ਕਿਹਾ, “ਜੇ ਤੁਸੀਂ ਸੋਚਦੇ ਹੋ ਕਿ ਤੁਸੀਂ ਝੂਠ ਬੋਲ ਕੇ ਪੰਜਾਬ ਦੇ ਲੋਕਾਂ ਨੂੰ ਗੁੰਮਰਾਹ ਕਰ ਲਵੋਗੇ ਤਾਂ ਇਹ ਤੁਹਾਡੀ ਬਹੁਤ ਵੱਡੀ ਗਲਤੀ ਹੈ ਕਿਉਂਕਿ ਹਰੇਕ ਪੰਜਾਬੀ ਤੁਹਾਡੇ ਫਰੇਬਾਂ ਅਤੇ ਕਿਸਾਨਾਂ ਨਾਲ ਕਮਾਏ ਧ੍ਰੋਹ ਨੂੰ ਦੇਖ ਚੁੱਕਾ ਹੈ।” ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਵੱਲੋਂ ਕੇਂਦਰ ਦੇ ਕਾਲੇ ਕਾਨੂੰਨਾਂ ਦੇ ਮੁੱਦੇ ਉਤੇ ਪਹਿਲੇ ਦਿਨ ਤੋਂ ਇਕੋ ਸਟੈਂਡ ਲਿਆ ਗਿਆ ਹੈ ਜਿਸ ਉਤੇ ਉਹ ਹੁਣ ਤੱਕ ਕਾਇਮ ਹਨ ਪਰ ਆਪ ਤੇ ਅਕਾਲੀ ਦਲ ਦੋਵਾਂ ਵੱਲੋਂ ਵਾਰ-ਵਾਰ ਇਸ ਮੁੱਦੇ ਉਤੇ ਯੂ.ਟਰਨ ਲਏ ਜਾਂਦੇ ਰਹੇ ਹਨ।

ਮੁੱਖ ਮੰਤਰੀ ਨੇ ਕਿਹਾ, “ਇਕ ਦਿਨ ਤੁਹਾਡੀ ਪਾਰਟੀ ਨੇ ਸਾਡੇ ਬਿੱਲਾਂ ਉਤੇ ਨਿਰਵਿਰੋਧ ਸਮਰਥਨ ਦਿੱਤਾ ਅਤੇ ਤੁਹਾਡੇ ਵਿਰੋਧੀ ਧਿਰ ਦੇ ਆਗੂ ਹਰਪਾਲ ਸਿੰਘ ਚੀਮਾ ਮੇਰੇ ਨਾਲ ਰਾਜਪਾਲ ਕੋਲ ਵੀ ਗਏ ਪਰ ਅਗਲੇ ਹੀ ਦਿਨ ਤੁਹਾਡੀ ਪਾਰਟੀ ਨੇ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ।” ਉਨ੍ਹਾਂ ਕਿਹਾ ਕਿ ਅਜਿਹੇ ਬਿਆਨ ਬਦਲਣ ਦੀਆਂ ਕਾਰਵਾਈਆਂ ਨੇ ਆਮ ਆਦਮੀ ਪਾਰਟੀ ਦਾ ਅਸਲ ਚਿਹਰਾ ਪੰਜਾਬ ਦੇ ਲੋਕਾਂ ਸਾਹਮਣੇ ਨੰਗਾ ਕੀਤਾ।

## ਬੇਬੇ ਮਹਿੰਦਰ ਕੌਰ ਨੇ ਕੰਗਨਾ ਰਣੌਤ ਦੇ ਖਿਲਾਫ ਠੋਕਿਆ ਫੌਜਦਾਰੀ ਕੇਸ

ਬਠਿੰਡਾ : ਕਿਸਾਨ ਅੰਦੋਲਨ ਦਾ ਵਿਰੋਧ ਕਰਨ ਵਾਲੀ ਫਿਲਮ ਸਟਾਰ ਕੰਗਣਾ ਰਣੌਤ ਖ਼ਿਲਾਫ਼ ਬਠਿੰਡਾ ਅਦਾਲਤ ਵਿਖੇ ਸ਼ਿਕਾਇਤ ਦਰਜ ਕਰਵਾਈ ਗਈ ਹੈ, ਜਿਸ ਨੇ ਸੋਸ਼ਲ ਮੀਡੀਆ ਤੇ ਇਕ ਅੰਦੋਲਨਕਾਰੀ ਬਜ਼ੁਰਗ ਜਨਾਨੀ ਖ਼ਿਲਾਫ਼ ਅਪਸ਼ਬਦ ਬੋਲੇ ਸਨ ।ਜਾਣਕਾਰੀ ਦਿੰਦਿਆਂ ਵਕੀਲ ਰਘਵੀਰ ਸਿੰਘ ਬਹਿਣੀਵਾਲ ਨੇ ਦੱਸਿਆ ਕਿ ਕੰਗਣਾ ਨੇ ਆਪਣੇ ਟਵਿੱਟਰ ਹੈਂਡਲ ਤੇ ਉਕਤ ਮਾਤਾ ਦੀ ਤਸਵੀਰ ਅਪਲੋਡ ਕਰਕੇ ਲਿਖਿਆ ਸੀ ਕਿ ਕਿਸਾਨ ਅੰਦੋਲਨ 'ਚ ਫਿਰਦੀਆਂ ਅਜਿਹੀਆਂ ਬੀਬੀਆਂ 100 ਰੁਪਏ ਦਿਹਾੜੀ ਤੇ ਮਿਲ ਜਾਂਦੀਆਂ ਹਨ, ਜਿਸ 'ਤੇ ਬਜ਼ੁਰਗ ਮਾਤਾ ਨੇ ਕੰਗਣਾ ਨੂੰ ਜਵਾਬ ਦਿੱਤਾ ਸੀ ਕਿ ਕੰਗਣਾ, ਤੂੰ ਮੈਨੂੰ ਕੀ ਦਿਹਾੜੀ ਦੇਵੇਗੀ, ਵੈਸੇ ਤਾਂ ਉਹ ਆਪਣੇ ਖੇਤਾਂ 'ਚ ਕੰਮ ਕਰਨ ਵਾਲੀਆਂ ਬੀਬੀਆਂ ਨੂੰ 600 ਰੁਪਏ ਦਿਹਾੜੀ ਦਿੰਦੀ ਹੈ, ਪਰ ਜੇ ਕੰਗਣਾ ਇੱਥੇ ਆ ਕੇ ਉਸ ਦੇ ਖੇਤਾਂ 'ਚ ਨਰਮਾ ਚੁੱਗੇ ਤਾਂ ਉਸ ਨੂੰ 700 ਰੁਪਏ ਦੇਵੇਗੀ ।ਇਸ ਤੋਂ ਬਾਅਦ ਨਿਊਜੀਲੈਂਡ ਦੀ ਇਕ ਸਿੱਖ ਸੰਸਥਾ ਨੇ ਮਾਤਾ ਮਹਿੰਦਰ ਕੌਰ ਨੂੰ ਸੋਨੇ ਦੇ ਮੈਡਲ ਨਾਲ ਸਨਮਾਨਿਤ ਕੀਤਾ ਸੀ।

## ਕਿਸਾਨ ਅੰਦੋਲਨ ਨੂੰ ਲੈ ਕੇ ਨਵਜੋਤ ਸਿੱਧੂ ਨੇ ਫਿਰ ਘੇਰੀ ਮੋਦੀ ਸਰਕਾਰ

ਜਲੰਧਰ, 8 ਜਨਵਰੀ (ਚ.ਨ.ਸ.): ਕੇਂਦਰ ਸਰਕਾਰ ਵੱਲੋਂ ਪਾਸ ਖੇਤੀ ਕਾਨੂੰਨਾਂ ਨੂੰ ਵਾਪਸ ਕੀਤੇ ਜਾਣ 'ਤੇ ਡਟੇ ਕਿਸਾਨਾਂ ਵਿਚ ਰੋਸ ਵਧਦਾ ਜਾ ਰਿਹਾ ਹੈ। ਇਸ ਲੜੀ ਵਿਚ ਕਿਸਾਨਾਂ ਵੱਲੋਂ ਕੱਢੇ ਗਏ ਟਰੈਕਟਰ ਮਾਰਚ 'ਤੇ ਸਾਬਕਾ ਕੈਬਿਨਟ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਟਵੀਟ ਕਰਕੇ ਕੇਂਦਰ ਸਰਕਾਰ 'ਤੇ ਨਿਸ਼ਾਨਾ ਲਾਇਆ ਹੈ। ਸ਼ਾਮ ਦੇ ਕਰੀਬ ਕੀਤੇ ਗਏ ਇਸ ਟਵੀਟ 'ਤੇ ਭਾਰੀ ਗਿਣਤੀ ਵਿਚ ਰੀ-ਟਵੀਟ ਕੀਤੇ ਗਏ ਅਤੇ ਲੋਕਾਂ ਨੇ ਸਿੱਧੂ ਦੇ ਟਵੀਟ ਨੂੰ ਪਸੰਦ ਕੀਤਾ।ਸਿੱਧੂ ਦਾ ਟਵੀਟ ਕਰਕੇ ਕੇਂਦਰ ਸਰਕਾਰ ਨੂੰ ਨਿਸ਼ਾਨੇ 'ਤੇ ਲੈਂਦੇ ਕਿਹਾ ਕਿ ਇਹ ਮੰਦਭਾਗਾ ਹੈ ਕਿ ਖੇਤਾਂ ਵਿਚ ਕੰਮ ਕਰਨ ਵਾਲਾ ਟਰੈਕਟਰ ਸੜਕਾਂ 'ਤੇ ਉਤਰ ਆਇਆ ਹੈ ਅਤੇ ਬੈਰੀਕੇਡ ਖਿੱਚ ਰਿਹਾ ਹੈ। ਟਰੈਕਟਰ ਸਾਡੀ ਸਫ਼ਲਤਾ ਦਾ ਪ੍ਰਤੀਕ ਹੈ, ਜੋ ਹੁਣ ਗੁੱਸੇ ਦੇ ਰੂਪ ਵਿਚ ਇਕਤਰਫਾ ਪੱਖ ਲੈਣ ਵਾਲੀ ਸਰਕਾਰ ਵਿਰੁੱਧ ਚੱਲ ਰਹੇ ਅੰਦੋਲਨ ਵਿਚ ਇੰਜਣ ਦਾ ਕੰਮ ਕਰ ਰਿਹਾ ਹੈ।ਅਜਿਹੀ ਸਰਕਾਰ ਜਿਸ ਨੇ ਲੋਕਤੰਤਰ ਦੇ ਮੌਲਿਕ ਅਧਿਕਾਰਾਂ ਨੂੰ ਕੁਚਲਣ ਦੇ ਕੰਮ ਨੂੰ ਪਰਿਭਾਸ਼ਿਤ ਕੀਤਾ ਹੈ।ਹੈਸ਼ਟੈਗ ਟਰੈਕਟਰ ਮਾਰਚ ਦਿੱਲੀ।ਅਤੁਲ ਪਾਂਡੇ ਨੇ ਇਸ 'ਤੇ ਰਿਪਲਾਈ ਕੀਤਾ ਕਰਦੇ ਕਿਹਾ ਕਿ ਤਲਵਾਰ ਆਤਮਰੱਖਿਆ ਲਈ ਹੈ, ਨਾ ਕਿ ਸਿਰਫ਼ ਜਾਨ ਲੈਣ ਲਈ। ਟਰੈਕਟਰ ਖੇਤਾਂ ਲਈ ਹੈ ਪਰ ਜ਼ਰੂਰਤ ਪੈਣ 'ਤੇ ਐਂਬੂਲੈਂਸ ਅਤੇ ਟੈਂਕਰ ਦੋਵੇਂ ਬਣ ਸਕਦਾ ਹੈ।ਸਹੀ ਗੱਲ 'ਤੇ ਸਾਥ ਅਤੇ ਗਲਤ 'ਤੇ ਵਿਰੋਧ ਹੋਣਾ ਚਾਹੀਦਾ ਹੈ ਉਥੇ ਹੀ ਘਨਸ਼ਾਮ ਲਿਖਦੇ ਹਨ ਕਿ ਟਿਕਰੀ ਬਾਰਡਰ ਅਤੇ ਸਿੰਘੂ ਬਾਰਡਰ ਵੱਲ ਵਧਿਆ ਹਜ਼ਾਰਾਂ ਕਿਸਾਨਾਂ ਦਾ ਕਾਫ਼ਲਾ ਜਦੋਂ ਖੇਤਾਂ ਵਿਚ ਚੱਲੇ ਤਾਂ ਸੋਨਾ ਉਗਲੇ, ਜਦੋਂ ਸੜਕਾਂ 'ਤੇ ਚੱਲੇ ਤਾਂ ਦਿੱਲੀ ਦਾ ਤਖ਼ਤ ਹਿਲਾ ਦੇਵੇ।ਜੈ ਕਿਸਾਨ। ਸਿੱਧੂ ਦੇ ਇਸ ਟਵੀਟ 'ਤੇ ਲੋਕਾਂ ਨੇ ਟਰੈਕਟਰ ਮਾਰਚ ਦੀ ਫੋਟੋ ਵੀ ਸ਼ੇਅਰ ਕੀਤੀ ਹੈ, ਜਿਸ ਵਿਚ ਸੜਕਾਂ 'ਤੇ ਲੰਮਾ ਮਾਰਚ ਵਿਖਾਈ ਦੇ ਰਿਹਾ ਹੈ।ਇਕ ਵਿਅਕਤੀ ਲਿਖਦੇ ਹਨ ਕਿ ਸਰਕਾਰ ਦਿਲ ਵੱਡਾ ਕਰੇ।26 ਜਨਵਰੀ ਨੂੰ ਕਿਸਾਨ ਨੂੰ ਮੁੱਖ ਮਹਿਮਾਨ ਬਣਾ ਦੇਵੇ।



## ਐਚ .1 .ਬੀ . ਵੀਜ਼ਾ ਪ੍ਰਕਿਰਿਆ 'ਚ ਬਦਲਾਅ ਕਰੇਗਾ ਅਮਰੀਕਾ, ਲੌਟਰੀ ਸਿਸਟਮ ਦੀ ਥਾਂ ਹੋਵੇਗਾ ਇਹ ਤਰੀਕਾ




ਵਾਸ਼ਿੰਗਟਨ : ਅਮਰੀਕਾ ਨੇ ਵੀਰਵਾਰ ਐਲਾਨ ਕੀਤਾ ਹੈ ਕਿ ਉਹ ਐਚ-1 ਬੀ ਵੀਜ਼ਾ ਦੇ ਲਈ ਚੋਣ ਪ੍ਰਕਿਰਿਆ 'ਚ ਬਦਲਾਅ ਕਰੇਗਾ ਤੇ ਹੁਣ ਨਵੀਂ ਪ੍ਰਕਿਰਿਆ 'ਚ ਮੌਜੂਦਾ ਲੌਟਰੀ ਪ੍ਰਕਿਰਿਆ ਦੀ ਥਾਂ ਵੇਤਨ ਤੇ ਕੌਸ਼ਲ ਨੂੰ ਤਵੱਜੋ ਦਿੱਤੀ ਜਾਵੇਗੀ। ਅਧਿਕਾਰੀਆਂ ਨੇ ਦੱਸਿਆ ਕਿ ਅੰਤਿਮ ਨਿਯਮ ਅੱਠ ਜਨਵਰੀ ਨੂੰ ਫੈਡਰਲ ਰਜਿਸਟਰ 'ਚ ਪ੍ਰਕਾਸ਼ਿਤ ਹੋਣਗੇ। ਉਨ੍ਹਾਂ ਕਿਹਾ ਕਿ ਇਸਦਾ ਉਦੇਸ਼ ਅਮਰੀਕੀ ਮਿਹਨਤਕਸ਼ਾਂ ਦੇ ਆਰਥਿਕ ਹਿੱਤਾਂ ਦੀ ਸੁਰੱਖਿਆ ਕਰਨਾ ਹੈ। ਇਸ ਦੇ ਨਾਲ ਹੀ ਯਕੀਨੀ ਬਣਾਉਣਾ ਹੈ ਕਿ ਅਸਥਾਈ ਰੋਜ਼ਗਾਰ ਪ੍ਰੋਗਰਾਮ ਨਾਲ ਉੱਚ ਯੋਗਤਾ ਰੱਖਣ ਵਾਲੇ ਵਿਦੇਸ਼ੀ ਕਰਮਚਾਰੀਆਂ ਨੂੰ ਲਾਭ ਹੋਵੇ। ਐਚ-1ਬੀ ਵੀਜ਼ਾ ਇਕ ਗੈਰ-ਅਪ੍ਰਵਾਸੀ ਵੀਜ਼ਾ ਹੈ, ਜੋ ਅਮਰੀਕੀ ਕੰਪਨੀਆਂ ਨੂੰ ਵਿਦੇਸ਼ੀ ਕਰਮਚਾਰੀਆਂ ਨੂੰ ਖਾਸ ਅਹੁਦਿਆਂ 'ਤੇ ਰੱਖਣ ਦੀ ਇਜਾਜ਼ਤ ਦਿੰਦਾ ਹੈ। ਅਮਰੀਕਾ ਦੀਆਂ ਤਕਨੀਕੀ ਕੰਪਨੀਆਂ ਇਸ ਵੀਜ਼ਾ ਦੇ ਆਧਾਰ 'ਤੇ ਭਾਰਤ ਤੇ ਚੀਨ ਤੋਂ ਹਰ ਸਾਲ ਹਜ਼ਾਰਾਂ ਦੀ ਸੰਖਿਆਂ 'ਚ ਕਰਮਚਾਰੀਆਂ ਦੀ ਨਿਯੁਕਤੀ ਕਰਦੀਆਂ ਹਨ।ਅਮਰੀਕੀ ਨਾਗਰਿਕਤਾ ਤੇ ਇਮੀਗ੍ਰੇਸ਼ਨ ਸਰਵਿਸਜ਼ ਨੇ ਕਿਹਾ ਕਿ ਐਚ-1ਬੀ ਵੀਜ਼ਾ ਚੋਣ ਪ੍ਰਕਿਰਿਆ 'ਚ ਸੋਧ ਨਾਲ ਉੱਚ ਵੇਤਨ 'ਤੇ ਉੱਚ ਅਹੁਦਿਆਂ 'ਤੇ ਆਵੇਦਨ ਜਾਰੀ ਕਰਨ ਨੂੰ ਹੁਲਾਰਾ ਮਿਲੇਗਾ। ਇਸ ਦੇ ਨਾਲ ਹੀ ਕੰਪਨੀਆਂ ਲਈ ਲੋੜ ਦੇ ਮੁਤਾਬਕ ਕਰਮਚਾਰੀਆਂ ਨੂੰ ਰੱਖਣ ਤੇ ਖੁਦ ਨੂੰ ਕੌਮਾਂਤਰੀ ਪੱਧਰ 'ਤੇ ਮੁਕਾਬਲੇ 'ਚ ਬਣਾਈ ਰੱਖਣ ਦਾ ਰਾਹ ਪੱਧਰਾ ਹੋਵੇਗਾ।ਅੰਤਿਮ ਨਿਯਮ ਫੈਡਰਲ ਰਜਿਸਟਰ 'ਚ ਪ੍ਰਕਾਸ਼ਤ ਹੋਣ ਦੇ 60 ਦਿਨ ਬਾਅਦ ਪ੍ਰਭਾਵੀ ਹੋਣਗੇ।ਐਚ-1ਬੀ ਵੀਜ਼ਾ ਪ੍ਰੋਗਰਾਮ ਲਈ ਆਵੇਦਨ ਕਰਨ ਦਾ ਅਗਲਾ ਗੇੜ ਇਕ ਅਪ੍ਰੈਲ ਤੋਂ ਸ਼ੁਰੂ ਹੋ ਰਿਹਾ ਹੈ। ਯੂਐਸਸੀਆਈਐਸ ਦੇ ਡਿਪਟੀ ਡਾਇਰੈਕਟਰ ਫਾਰ ਪਾਲਿਸੀ ਜੋਸੇਫ ਏਡਲੋ ਨੇ ਕਿਹਾ, ਐਚ1ਬੀ ਵੀਜ਼ਾ ਅਸਥਾਈ ਵੀਜ਼ਾ ਪ੍ਰੋਗਰਾਮ ਦਾ ਦੁਰਉਪਯੋਗ ਹੋ ਰਿਹਾ ਹੈ। ਮੁੱਖ ਤੌਰ 'ਤੇ ਐਂਟਰੀ ਲੈਵਲ ਦੇ ਅਹੁਦਿਆਂ ਨੂੰ ਭਰਨ 'ਤੇ ਆਪਣੀ ਕਾਰੋਬਾਰੀ ਲਾਗਤ ਨੂੰ ਘਟਾਉਣ 'ਚ ਇਸ ਦਾ ਇਸਤੇਮਾਲ ਕਰ ਰਹੇ ਹਨ।

## ਐਲਨ ਮਸਕ ਬਣੇ ਵਿਸ਼ਵ ਦੇ ਸਭ ਤੋਂ ਅਮੀਰ ਵਿਅਕਤੀ, ਜੈਫ ਬੇਜੋਸ ਨੂੰ ਛੱਡਿਆ ਪਿੱਛੇ

ਅਮਰੀਕਾ : ਟੈੱਸਲਾ ਦੇ ਸੀਈਓ ਐਲਨ ਮਸਕ ਅਮੇਜ਼ਨ ਦੇ ਜੇਫ ਬੇਜੋਸ ਨੂੰ ਪਿੱਛੇ ਛੱਡ ਕੇ ਵਿਸ਼ਵ ਦੇ ਸਭ ਤੋਂ ਅਮੀਰ ਆਦਮੀ ਬਣ ਗਏ ਹਨ। ਐਲਨ ਮਸਕ ਦੀ



ਕੁਲ ਸੰਪਤੀ 188 ਬਿਲੀਅਨ ਯੂਐਸ ਡਾਲਰ ਤੋਂ ਪਾਰ ਹੋ ਗਈ, ਜੋ ਕਿ ਐਮਾਜ਼ਾਨ ਦੇ ਸੰਸਥਾਪਕ ਜੈੱਫ ਬੇਜੋਸ ਦੀ ਕੁੱਲ ਕੀਮਤ 187 ਅਰਬ ਡਾਲਰ ਨਾਲੋਂ ਇਕ ਅਰਬ ਡਾਲਰ ਹੈ। ਇਹ ਟੇਸਲਾ ਦੀ ਸ਼ੇਅਰ ਕੀਮਤ ਵਿੱਚ ਨਿਰੰਤਰ ਵਾਧੇ ਕਾਰਨ ਹੋਇਆ ਹੈ। ਇਲੈਕਟ੍ਰਿਕ ਕਾਰ ਨਿਰਮਾਤਾ ਟੇਸਲਾ ਦਾ ਮਾਲਕ ਐਲਨ ਮਸਕ ਹੁਣ ਵਿਸ਼ਵ ਦਾ ਸਭ ਤੋਂ ਅਮੀਰ ਵਿਅਕਤੀ ਬਣ ਗਿਆ ਹੈ. ਉਹ ਬਲੂਮਬਰਗ ਦੁਆਰਾ ਜਾਰੀ ਅਰਬਪਤੀਆਂ ਦੀ ਸੂਚੀ ਵਿੱਚ ਐਮਾਜ਼ਾਨ ਦੇ ਮਾਲਕ ਜੈਫ ਬੇਜੋਸ ਨੂੰ ਪਿੱਛੇ ਛੱਡ ਗਿਆ ਹੈ। ਇਸ ਸੂਚੀ ਵਿਚ 500 ਅਰਬਪਤੀ ਸ਼ਾਮਲ ਹਨ. ਕਿਰਪਾ ਕਰਕੇ ਦੱਸੋ ਕਿ ਬੇਜੋਸ ਸਾਲ 2017 ਤੋਂ ਦੁਨੀਆ ਦਾ ਸਭ ਤੋਂ ਅਮੀਰ ਵਿਅਕਤੀ ਸੀ ।2020 ਸ਼ਾਇਦ ਦੁਨੀਆਂ ਲਈ ਇਕੋ ਜਿਹਾ ਰਿਹਾ, ਪਰ ਐਲਨ ਮਸਕ ਲਈ, ਪਿਛਲੇ 12 ਮਹੀਨੇ ਸ਼ਾਨਦਾਰ ਰਹੇ। ਮਸਕ ਨੇ, 2020 ਵਿਚ ਲਗਭਗ 27 ਬਿਲੀਅਨ ਯੂਐਸ ਡਾਲਰ ਦੀ ਕੀਮਤ ਨਾਲ ਸ਼ੁਰੂ ਕਰਦਿਆਂ ਉਸਦੀ ਦੌਲਤ ਵਿਚ 150 ਬਿਲੀਅਨ ਡਾਲਰ ਦਾ ਵਾਧਾ ਹੋਇਆ, ਜੋ ਕਿ ਉਸ ਲਈ ਤੇਜ਼ੀ ਨਾਲ ਵਿੱਤੀ ਤਬਦੀਲੀ ਦਾ ਸੰਕੇਤ ਹੈ। ਇਹ ਸ਼ਾਇਦ ਇਤਿਹਾਸ ਵਿੱਚ ਦੌਲਤ ਬਣਾਉਣ ਦੀ ਸਭ ਤੋਂ ਤੇਜ਼ ਰਫਤਾਰ ਹੈ। ਇਸ ਵਿਚ ਟੇਸਲਾ ਦਾ ਬਹੁਤ ਵੱਡਾ ਯੋਗਦਾਨ ਹੈ। ਦੱਖਣੀ ਅਫਰੀਕਾ ਵਿਚ ਜਨਮੇ ਇੰਜੀਨੀਅਰ ਨੂੰ ਟੈੱਸਲਾ ਦੇ ਸ਼ੇਅਰਾਂ ਵਿਚ ਪੱਕਾ ਵਿਸ਼ਵਾਸ ਹੋਣ ਦਾ ਫਾਇਦਾ ਮਿਲਿਆ ਹੈ।

## ਅਮਰੀਕੀ ਸੰਸਦ 'ਚ ਹਿੰਸਾ ਤੋਂ ਬਾਅਦ ਟ੍ਰੰਪ ਪ੍ਰਸ਼ਾਸਨ ਤੋਂ 11 ਵੱਡੇ ਅਫਸਰਾਂ ਨੇ ਦਿੱਤਾ ਅਸਤੀਫਾ....

ਅਮਰੀਕਾ : ਰਾਸ਼ਟਰਪਤੀ ਟਰੰਪ ਦੇ ਸਮਰਥਕਾਂ ਨੇ ਵੀਰਵਾਰ ਨੂੰ ਦੁਨੀਆ ਦੇ ਸਭ ਤੋਂ ਪੁਰਾਣੇ ਲੋਕਤੰਤਰ, ਅਮਰੀਕਾ ਦੀ ਸੰਸਦ ਵਿਚ ਹਿੰਸਾ ਕੀਤੀ। ਆਲਮ ਸੀ ਕਿ ਰਾਜਧਾਨੀ ਵਾਸ਼ਿੰਗਟਨ ਡੀ ਸੀ ਵਿਚ ਕਰਫਿਊ ਲਗਾਇਆ ਗਿਆ ਸੀ। ਹਿੰਸਾ ਦੀ ਇਸ ਘਟਨਾ ਤੋਂ ਬਾਅਦ ਟਰੰਪ ਪ੍ਰਸ਼ਾਸਨ ਵਿੱਚ ਅਸਤੀਫ਼ਾ ਦੇਣ ਦਾ ਜ਼ੋਰ ਫੜ ਗਿਆ ਹੈ। ਸਿੱਖਿਆ ਮੰਤਰੀ ਬੈਟੀਸੀ ਡੇਵੋਸ, ਰਾਸ਼ਟਰੀ ਸੁਰੱਖਿਆ ਦੇ ਉਪ ਸਕੱਤਰ ਮੈਟ ਪੋਟਿੰਗਰ ਸਮੇਤ 11 ਚੋਟੀ ਦੇ ਪ੍ਰਸ਼ਾਸਨਿਕ ਅਧਿਕਾਰੀਆਂ ਨੇ ਆਪਣੇ ਅਹੁਦਿਆਂ ਤੋਂ ਅਸਤੀਫਾ ਦੇ ਦਿੱਤਾ ਹੈ ।ਟਰਾਂਸਪੋਰਟ ਮੰਤਰੀ ਈ ਚਾਓ ਨੇ ਵੀ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ। ਅਸਤੀਫਾ ਦੇਣ ਵਾਲਿਆਂ ਵਿਚ ਸਟੀਫਨੀ ਗ੍ਰਿਸ਼ਮ, ਅਮਰੀਕਾ ਦੀ ਪਹਿਲੀ ਮਹਿਲਾ ਮੇਲਾਨੀਆ ਟਰੰਪ ਦੀ ਚੀਫ਼ ਆਫ਼ ਸਟਾਫ, ਵ੍ਹਾਈਟ ਹਾਊਸ ਦੀ ਡਿਪਟੀ ਪ੍ਰੈਸ ਸਕੱਤਰ ਸਾਰਾਹ ਮੈਥਿਊਜ਼ ਅਤੇ ਵ੍ਹਾਈਟ ਹਾਊਸ ਦੀ ਸਮਾਜਿਕ ਸਕੱਤਰ ਰਿੱਕੀ ਨਿਕੇਟਾ ਸ਼ਾਮਲ ਹਨ ।ਆਰਥਿਕ ਸਲਾਹਕਾਰਾਂ ਦੀ ਡਬਲਯੂਐਚ ਕੌਂਸਲ ਦੇ ਕਾਰਜਕਾਰੀ ਪ੍ਰਧਾਨ ਟਾਈਲਰ ਗੁੱਡਸਪਿੱਡ, ਵਣਜ, ਖੁਫੀਆ ਅਤੇ ਸੁਰੱਖਿਆ ਦੇ ਉਪ ਸਹਾਇਕ ਸਕੱਤਰ, ਜਨਤਕ ਅਤੇ ਭਾਰਤੀ , ਹਾਊਸਿੰਗ ਹੰਟਰ ਕੁਰਟਜ਼ ਦੇ ਸਹਾਇਕ ਸੱਕਤਰ, ਜੋਨ ਕੋਸਟੇਲੋ ਨੇ ਵੀ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ ।ਇਨ੍ਹਾਂ ਤੋਂ ਇਲਾਵਾ ਰਿਆਨ ਟੱਲੀ ਅਤੇ ਮਿਕ ਮੁਲਵਨੇ ਨੇ ਵੀ ਆਪਣੇ ਅਹੁਦਿਆਂ ਤੋਂ ਅਸਤੀਫਾ ਦੇ ਦਿੱਤਾ ਹੈ। ਮਹੱਤਵਪੂਰਨ ਗੱਲ ਇਹ ਹੈ ਕਿ ਅਸਤੀਫਾ ਦਿੱਤੇ ਗਏ ਟਰੰਪ ਦੇ ਇਹ ਸਾਰੇ ਸਹਿਯੋਗੀ ਸੰਸਦ ਵਿਚ ਹਿੰਸਾ ਦੀ ਘਟਨਾ ਤੋਂ ਦੁਖੀ ਦੱਸੇ ਜਾ ਰਹੇ ਹਨ। ਆਪਣੇ ਅਸਤੀਫੇ ਵਿੱਚ, ਸਿੱਖਿਆ ਮੰਤਰੀ ਡੇਵੋਸ ਨੇ ਕੈਪੀਟਲ ਹਿੱਲ ਉੱਤੇ ਹੋਏ ਹਮਲੇ ਨੂੰ ਫੈਸਲਾਕੁੰਨ ਕਰਾਰ ਦਿੱਤਾ ਅਤੇ ਕਿਹਾ ਕਿ ਉਹ ਇਸ ਘਟਨਾ ਤੋਂ ਬਹੁਤ ਦੁਖੀ ਹੈ।



## ਕੈਲੀਫੋਰਨੀਆ ਯੂਨੀਵਰਸਿਟੀ 'ਚ ਲੱਗਣਗੀਆਂ ਪੰਜਾਬੀ ਭਾਸ਼ਾ ਦੀਆਂ ਕਲਾਸਾਂ

ਫਰਿਜ਼ਨੋ : ਕੈਲੀਫੋਰਨੀਆ ਯੂਨੀਵਰਸਿਟੀ (ਯੂ. ਸੀ.) ਵਿਚ ਹੁਣ ਪੰਜਾਬੀ ਭਾਸ਼ਾ ਦੀਆਂ ਕਲਾਸਾਂ ਵੀ ਲੱਗਣਗੀਆਂ। ਪੰਜਾਬੀ ਭਾਸ਼ਾ ਦੇ ਪਾਠਕ੍ਰਮ ਨੂੰ ਯੂਨੀਵਰਸਿਟੀ ਪ੍ਰਣਾਲੀ ਵਿਚ ਪੜ੍ਹਾਇਆ ਜਾਵੇਗਾ। ਯੂ. ਸੀ. ਡੇਵਿਸ ਸਿੱਖ ਸੱਭਿਆਚਾਰਕ ਸੰਸਥਾ ਅਨੁਸਾਰ, ਸਿਸਟਮ ਵਾਈਡ ਪੰਜਾਬੀ ਕਲਾਸਾਂ ਯੂ. ਸੀ. ਦਫ਼ਤਰ ਤੋਂ ਇਕ ਗ੍ਰਾਂਟ ਰਾਹੀਂ ਕੀਤੀ ਫੰਡਿੰਗ ਰਾਹੀਂ ਸੰਭਵ ਹੋਈਆਂ ਹਨ। ਯੂ. ਸੀ. ਡੇਵਿਸ ਵਿਚ ਸਰਦੀਆਂ ਦੀ ਤਿਮਾਹੀ ਲਈ ਵਰਚੁਅਲ ਕਲਾਸਾਂ ਸ਼ੁਰੂ ਹੋ ਗਈਆਂ ਹਨ। ਯੂ. ਸੀ. ਡੇਵਿਸ ਸਾਊਥ ਏਸ਼ੀਆ ਸਟੱਡੀਜ਼ ਦੇ ਪ੍ਰੋਫੈਸਰ ਨਿਕੋਲ ਰੰਗਨਾਥ ਅਨੁਸਾਰ ਐਲੀਮੈਂਟਰੀ ਪੰਜਾਬੀ ਲਈ ਕੋਰਸ ਖੁੱਲ੍ਹਣ ਦੇ ਕੁੱਝ ਘੰਟਿਆਂ ਦੇ ਅੰਦਰ ਹੀ ਇਸ ਦੇ ਦਾਖ਼ਲੇ ਭਰ ਗਏ ਸਨ ,ਜਿਸ ਵਿਚ 800 ਤੋਂ ਵੱਧ ਪੰਜਾਬੀ-ਅਮਰੀਕੀ ਵਿਦਿਆਰਥੀ ਦਾਖ਼ਲ ਹੋਏ ਹਨ। ਦੱਸ ਦਈਏ ਕੇਂਦਰੀ ਵੈਲੀ ਵਿਚ ਪੰਜਾਬੀ ਤੀਜੀ ਸਭ ਤੋਂ ਵੱਧ ਬੋਲੀ ਜਾਣ ਵਾਲੀ ਭਾਸ਼ਾ ਹੈ।

ਯੂਨੀਵਰਸਿਟੀ ਅਨੁਸਾਰ ਪੰਜਾਬੀ ਭਾਸ਼ਾ ਦੀ ਜਾਣਕਾਰੀ ਨਾ ਹੋਣ ਵਾਲਿਆਂ ਲਈ ਐਲੀਮੈਂਟਰੀ ਪੰਜਾਬੀ ਕੋਰਸ ਖੁੱਲ੍ਹਾ ਹੈ ।ਇਸ ਕੋਰਸ ਦਾ ਉਦੇਸ਼ ਸਿਲੇਬਸ ਦੇ ਵਰਣਨ ਅਨੁਸਾਰ ਕਲਾਸ ਵਿਦਿਆਰਥੀਆਂ ਨੂੰ ਗੁਰਮੁਖੀ ਲਿਪੀ ਪੜ੍ਹਨਾ ਅਤੇ ਲਿਖਣਾ ਸਿਖਾਉਣ ਦੇ ਨਾਲ ਪੰਜਾਬੀ ਵਿਚ ਮੁੱਢਲੀ ਗੱਲਬਾਤ ਕਰਨ ਨੂੰ ਸੌਖਾ ਬਣਾਉਣਾ ਵੀ ਹੈ।

## ਮਹਿੰਦਰ ਸਿੰਘ ਧੋਨੀ ਦੀ ਆਈਪੀਐੱਲ 'ਚ ਕਮਾਈ 150 ਕਰੋੜ ਦੇ ਕਰੀਬ

### ਬਹੁਤ ਪਿੱਛੇ ਰਹਿ ਗਏ ਵਿਰਾਟ ਕੋਹਲੀ, ਰੋਹਿਤ ਸ਼ਰਮਾ

ਨਵੀਂ ਦਿੱਲੀ : ਮਹਿੰਦਰ ਸਿੰਘ ਧੋਨੀ ਵੈਸੇ ਤਾਂ ਅੰਤਰਰਾਸ਼ਟਰੀ ਕ੍ਰਿਕਟ ਤੋਂ ਸੰਨਿਆਸ ਲੈ ਚੁੱਕੇ ਹਨ, ਪਰ ਕਮਾਈ ਦੇ ਮਾਮਲੇ 'ਚ ਅਜੇ ਵੀ ਉਹ ਵਿਰਾਟ ਕੋਹਲੀ ਤੇ ਰੋਹਿਤ ਸ਼ਰਮਾ ਤੋਂ ਬਹੁਤ ਅੱਗੇ ਹਨ । ਤਾਜ਼ਾਂ ਖ਼ਬਰ ਇਹ ਹੈ ਕਿ ਮਹਿੰਦਰ ਸਿੰਘ ਧੋਨੀ ਆਈਪੀਐੱਲ 'ਚ 150 ਕਰੋੜ ਤੋਂ ਜ਼ਿਆਦਾ ਕਮਾਉਣ ਵਾਲੇ ਪਹਿਲੇ ਖਿਡਾਰੀ ਬਣਨ ਜਾ ਰਹੇ ਹਨ। ਦਰਅਸਲ ਮਹਿੰਦਰ ਸਿੰਘ ਧੋਨੀ ਦਾ ਇਸ ਸਾਲ ਦਾ ਆਈ ਪੀ ਐੱਲ ਖੇਡਣਾ ਵੀ ਤੈਅ ਹੈ। ਉਹ ਚੇਨਈ ਸੁਪਰ ਕਿੰਗਸ ਦਾ ਹਿੱਸਾ ਰਹਿਣਗੇ । ਮਹਿੰਦਰ ਸਿੰਘ ਧੋਨੀ ਦੇ ਨਾਲ ਹੀ ਚੇਨਈ ਟੀਮ ਦੇ ਸੀਈਓ ਕਾਸੀ ਵਿਸ਼ਵਨਾਥਨ ਵੀ ਇਸ ਦੀ ਪੁਸ਼ਟੀ ਕਰ ਚੁੱਕੇ ਹਨ । ਮਹਿੰਦਰ ਸਿੰਘ ਧੋਨੀ ਦੇ ਨਾਲ ਮੌਜੂਦਾ ਕਰਾਰ 15 ਕਰੋੜ ਦਾ ਹੈ। ਇਸ ਤਰ੍ਹਾਂ ਮਹਿੰਦਰ ਸਿੰਘ ਧੋਨੀ ਆਈਪੀਐੱਲ 'ਚ ਹੁਣ ਤਕ 137.8 ਕਰੋੜ ਰੁਪਏ ਦੀ ਕਮਾਈ ਕਰ ਚੁੱਕੇ ਹਨ। ਇਸ ਸਾਲ ਚੇਨਈ ਟੀਮ ਉਨ੍ਹਾਂ ਨੂੰ 15 ਕਕਰੋੜ ਦੇ ਨਾਲ ਰਿਟੇਨ ਕਰਦੀ ਹੈ ਤਾਂ ਮਹਿੰਦਰ ਸਿੰਘ ਧੋਨੀ ਦੀ ਕਮਾਈ ਦਾ ਅੰਕੜਾ ਆਈਪੀਐੱਲ 'ਚ 150 ਕਰੋੜ ਨੂੰ ਪਾਰ ਕਰ ਜਾਵੇਗਾ ਤੇ ਇਸ ਤਰ੍ਹਾਂ ਕਰਨ ਵਾਲੇ ਉਹ ਪਹਿਲੇ ਖਿਡਾਰੀ ਬਣਨਗੇ ।ਸਾਲਾ ਤੋਂ ਆਪਣੇ ਦਬਦਬੇ ਦੀ ਬਦੌਲਤ ਧੋਨੀ ਇਸ ਮਾਮਲੇ 'ਚ ਰੋਹਿਤ ਸ਼ਰਮਾ ਤੇ ਵਿਰਾਟ ਕੋਹਲੀ ਤੋਂ ਅੱਗੇ ਹਨ। ਆਈਪੀਐੱਲ ਤੋਂ ਸਭ ਤੋਂ ਜ਼ਿਆਦਾ ਕਮਾਈ ਕਰਨ ਵਾਲਿਆਂ 'ਚ ਰੋਹਿਤ ਸ਼ਰਮਾ ਦੂਜੇ ਤੇ ਵਿਰਾਟ ਕੋਹਲੀ ਤੀਜੇ ਸਥਾਨ 'ਤੇ ਹੈ। ਪੰਜ ਵਾਰ ਦੇ ਆਈਪੀਐੱਲ ਵਿਨਰ ਰੋਹਿਤ ਸ਼ਰਮਾ ਨੇ ਹੁਣ ਤਕ 131 ਕਰੋੜ ਰੁਪਏ ਕਮਾਏ ਹਨ ਜਦਕਿ ਕੋਹਲੀ ਨੇ 126 ਕਰੋੜ ਤੋਂ ਜ਼ਿਆਦਾ ਤਨਖਾਹ ਕੱਢੀ ਹੈ। ਰੋਹਿਤ ਨੂੰ ਮੁੰਬਈ ਇੰਡੀਅੰਸ ਦੁਆਰਾ 15 ਕਰੋੜ ਰੁਪਏ ਦਾ ਭੁਗਤਾਨ ਕੀਤਾ ਜਾਵੇਗਾ, ਜਿਸ ਨਾਲ ਉਨ੍ਹਾਂ ਦੀ ਕਮਾਈ ਦਾ ਅੰਕੜਾ 146 ਕਰੋੜ ਪਹੁੰਚ ਜਾਵੇਗਾ। 150 ਕਰੋੜ ਦਾ ਅੰਕੜਾ ਪਾਰ ਕਰਨ ਲਈ ਉਸ ਨੂੰ ਦੋ ਹੋਰ ਸੀਜ਼ਨਾਂ ਦੀ ਜ਼ਰੂਰਤ ਪਵੇਗੀ।



## ਕੋਵਿਡ ਮਰੀਜ਼ਾਂ ਲਈ ਸੁਰੱਖਿਅਤ ਹਨ ਬਲੱਡ ਪ੍ਰੈਸ਼ਰ ਦੀਆਂ ਦਵਾਈਆਂ, ਅਧਿਐਨ 'ਚ ਕੀਤਾ ਗਿਆ ਦਾਅਵਾ

ਨਿਊਯਾਰਕ, ਆਈਏਐੱਨਐੱਨਸ, 8 ਜਨਵਰੀ (ਚ.ਨ.ਸ.): ਹੁਣ ਤੱਕ ਅਜਿਹਾ ਕਿਹਾ ਜਾ ਰਿਹਾ ਸੀ ਕਿ ਬਲੱਡ ਪ੍ਰੈਸ਼ਰ ਤੇ ਹੋਰ ਬਿਮਾਰੀਆਂ ਦੇ ਨਾਲ ਕੋਵਿਡ-19 ਮਰੀਜ਼ਾਂ ਦਾ ਇਲਾਜ ਮੁਸ਼ਕਲ ਹੈ ਪਰ ਇਸ ਦੌਰਾਨ ਇਕ ਨਵੇਂ ਅਧਿਐਨ 'ਚ ਇਹ ਖੁਲਾਸਾ ਹੋਇਆ ਹੈ ਕਿ ਇਨ੍ਹਾਂ ਇਨਫੈਕਟਿਡਾਂ 'ਚੋਂ ਜਿਨ੍ਹਾਂ ਨੂੰ ਬਲੱਡਪ੍ਰੈਸ਼ਰ ਦੀ ਸ਼ਿਕਾਇਤ ਹੈ ਉਹ ਇਨਫੈਕਸ਼ਨ ਦੇ ਇਲਾਜ ਦੇ ਨਾਲ ਬੀਪੀ ਦੀ ਦਵਾਈ ਵੀ ਲੈ ਸਕਦੇ ਹਨ। ਇਸ ਦਾ ਕੋਈ ਮਾੜਾ ਅਸਰ ਨਹੀਂ ਹੋ ਸਕਦਾ। ਹਾਈ ਬਲੱਡ ਪ੍ਰੈਸ਼ਰ ਦੇ ਮਰੀਜ਼ਾਂ ਨੂੰ ਦਿੱਤੀ ਜਾਣ ਵਾਲੀ ਇਲਾਜ ਦੀ ਸਹੂਲਤ ਹਸਪਤਾਲ 'ਚ ਦਾਖ਼ਲ ਕੋਵਿਡ-19 ਦੇ ਮਰੀਜ਼ਾਂ ਨੂੰ ਪ੍ਰਭਾਵਿਤ ਨਹੀਂ ਰਕਦੀ ਹੈ। ਅਜਿਹਾ ਖੋਜੀਆਂ ਦਾ ਦਾਅਵਾ ਹੈ। ਲਾਂਸੇਟ ਰੈਸਪੀਰੇਟਰੀ ਮੈਡੀਸਿਨ ਜਰਨਲ 'ਚ ਪ੍ਰਕਾਸ਼ਿਤ ਇਕ ਅਧਿਐਨ 'ਚ ਦਾਅਵਾ ਕੀਤਾ ਗਿਆ ਹੈ ਕਿ ਕੋਵਿਡ-19 ਨਾਲ ਪੀੜਤ ਮਰੀਜ਼ਾਂ ਨੂੰ ਜੇਕਰ ਹਾਈ ਬਲੱਡ ਪ੍ਰੈਸ਼ਰ ਦੀ ਸ਼ਿਕਾਇਤ ਹੈ ਤਾਂ ਉਨ੍ਹਾਂ ਨੂੰ ਇਸ ਦੀਆਂ ਦਵਾਈਆਂ ਦਿੱਤੀਆਂ ਜਾ ਸਕਦੀਆਂ ਹਨ ।ਰਿਸਰਚਰ ਜੂਲੀਓ ਏ ਕਿਰੀਨੋਸ ਨੇ ਦੱਸਿਆ, 'ਸਾਡੇ ਅਧਿਐਨ ਤੇ ਖੋਜ ਦੇ ਨਤੀਜਿਆਂ ਤੋਂ ਪਤਾ ਚੱਲਿਆ ਹੈ ਕਿ ਇਹ ਇਲਾਜ ਸੁਰੱਖਿਅਤ ਹੈ ਤੇ ਬਲੱਡ ਪ੍ਰੈਸ਼ਰ ਦੀ ਸ਼ਿਕਾਇਤ ਵਾਲੇ ਹਸਪਤਾਲ 'ਚ ਦਾਖ਼ਲ ਕੋਵਿਡ-19 ਇਨਫੈਕਟਿਡ ਮਰੀਜ਼ਾਂ ਨੂੰ ਇਸ ਦੀ ਦਵਾਈ ਦੇਣ ਨਾਲ ਕੋਈ ਪਰੇਸ਼ਾਨ ਨਹੀਂ ਹੈ। ਜੂਲੀਓ ਅਮਰੀਕਾ 'ਚ ਪੇਨਸਿਲਵੇਨੀਆ ਯੂਨੀਵਰਸਿਟੀ 'ਚ ਐਸੋਸੀਏਟ ਪ੍ਰੋਫੈਸਰ ਹਨ। ਵੱਖ-ਵੱਖ ਦੇਸ਼ਾਂ ਦੇ 152 ਨੁਮਾਇੰਦਿਆਂ 'ਤੇ ਇਹ ਅਧਿਐਨ ਕੀਤਾ ਗਿਆ ਸੀ।



# ਕਿਸਾਨੀ ਸੰਘਰਸ਼ ਨੂੰ ਸਮਰਪਿਤ ਕਵੀ ਦਰਬਾਰ




ਧੂਰੀ (ਰਮੇਸ਼ਵਰ ਸਿੰਘ) ਪੰਜਾਬੀ ਸਾਹਿਤ ਸਭਾ ਧੂਰੀ ਵੱਲੋਂ ਅਜੋਕੇ ਭਖਦੇ ਮਸਲੇ ਕਿਸਾਨੀ ਸੰਘਰਸ਼ ਸੰਬੰਧੀ ਕਵੀ ਦਰਬਾਰ ਮੂਲ ਚੰਦ ਸ਼ਰਮਾ ਦੀ ਪ੍ਰਧਾਨਗੀ ਹੇਠ ਸਭਾ ਦੇ ਦਫਤਰ ਡਾ. ਰਾਮ ਸਿੰਘ ਸਿੱਧੂ ਸਾਹਿਤ ਭਵਨ ਵਿਖੇ ਕਰਵਾਇਆ ਗਿਆ ਜਿਸ ਵਿੱਚ ਸਭ ਤੋਂ ਪਹਿਲਾਂ ਪ੍ਰਧਾਨ ਮੂਲ ਚੰਦ ਸ਼ਰਮਾ ਵੱਲੋਂ ਹਾਜਰੀਨ ਦਾ ਸੁਆਗਤ ਕੀਤਾ ਗਿਆ ।

ਕਵੀ ਦਰਬਾਰ ਦੀ ਸ਼ੁਰੂਆਤ ਰਣਜੀਤ ਸਿੰਘ ਧੂਰੀ ਦੀ ਕਵਿਤਾ ਜੋ ਕਿ ਕਿਸਾਨੀ ਸੰਘਰਸ਼ ਨੂੰ ਸਮਰਪਿਤ ਸੀ ਨਾਲ ਕਰਕੇ ਇਸ ਕਵੀ ਦਰਬਾਰ ਨੂੰ ਇਨਕਲਾਬੀ ਰੰਗ ਦਿੱਤਾ ।ਸਭਾ ਦੇ ਸਕੱਤਰ ਚਰਨਜੀਤ ਸਿੰਘ ਮੀਮਸਾ ਅਤੇ ਮੈਂਬਰ ਅਮਨ ਜੱਖਲਾਂ ਜੋ ਕਿ ਬੀਤੇ ਦਿਨੀਂ ਕਿਸਾਨੀ ਘੋਲ਼ ਵਿੱਚ ਦਿੱਲੀ ਜਾ ਕੇ ਆਏ ਹਨ ਵਿੱਚੋਂ ਅਮਨ ਨੇ ਪਹਿਲਾਂ ਕਿਸਾਨੀ ਸੰਘਰਸ਼ ਨੂੰ ਸਮਰਪਿਤ ਆਪਣੀ ਕਵਿਤਾ ਪੇਸ਼ ਕੀਤੀ ਤੇ ਦੱਸਿਆ ਕਿ ਸੰਘਰਸ਼ ਵਿਚ ਆਏ ਹੋਏ ਨੌਜਵਾਨਾਂ ਨੂੰ ਪਿਛਲੇ ਦਿਨੀਂ ਰਿਲੀਜ ਹੋਈ ਆਪਣੀ ਕਿਤਾਬ ਇਨਸਾਨੀਅਤ' ਪੜ੍ਹਨ ਲਈ ਭੇਂਟ ਕੀਤੀ ਗਈ ਤਾਂ ਕਿਤਾਬ ਉੱਪਰ ਮੂਲ ਚੰਦ ਸ਼ਰਮਾ ਜੀ ਦੀ ਫੋਟੋ ਨੂੰ ਵੇਖ ਕੇ ਉੱਥੇ ਪਹੁੰਚੇ ਨੌਜਵਾਨਾਂ ਨੇ ਉਸਨੂੰ ਕਿਹਾ ਕਿ ਇਹ ਤਾਂ ਰੁਲਦੂ ਬੱਕਰੀਆਂ ਵਾਲੇ ਦੇ ਨਾਮ ਨਾਲ ਕਿਸਾਨੀ ਸੰਘਰਸ਼ ਦੀ ਹਮਾਇਤ ਕਰਦੀਆਂ ਅਤੇ ਲੋਕਾਂ ਨੂੰ ਜਾਗਰੂਕ ਕਰਦੀਆਂ ਆਪਣੀਆਂ ਰਚਨਾਵਾਂ ਅਖਬਾਰਾਂ ਰਾਹੀਂ ਅਤੇ ਫੇਸਬੁੱਕ ਰਾਹੀਂ ਨਿਡਰਤਾ ਨਾਲ ਲਿਖਣ ਵਾਲੇ ਅਣਖੀ ਯੋਧੇ ਅਤੇ ਕਲਮ ਦੇ ਧਨੀ ਹਨ ਉੱਥੇ ਹੀ ਚਰਨਜੀਤ ਸਿੰਘ ਮੀਮਸਾ ਨੇ ਕਿਸਾਨੀ ਸੰਘਰਸ਼ ਵਿੱਚ ਹਿੱਕ ਠੋਕ ਕੇ ਆਪਣੀ ਬੁਲੰਦ ਆਵਾਜ਼ ਵਿੱਚ ਆਪਣਾ ਗੀਤ ਗਾਇਆ ਅਤੇ ਆਪਣੀ ਦਿੱਲੀ ਸੰਘਰਸ਼ ਦੀ ਹਾਜ਼ਰੀ ਬਾਰੇ ਦੱਸਿਆ ਕਿ ਮੂਲ ਚੰਦ ਸ਼ਰਮਾ ਜੀ ਦੀਆਂ ਰਚਨਾਵਾਂ ਦਿੱਲੀ ਸੰਘਰਸ਼ ਦੇ ਪੱਕੇ ਮੋਰਚੇ ਵਿਚ ਕਿਰਤੀਆਂ, ਕਿਸਾਨਾਂ ਦੀ ਆਵਾਜ਼ ਬਣ ਕੇ ਨਿੱਤ ਦਿਨ ਦੇਸ਼ਾਂ ਵਿਦੇਸ਼ਾਂ ਵਿੱਚ ਛਪਦੇ ਅਖਬਾਰਾਂ ਰਾਹੀਂ ਕਿਸਾਨੀ ਸੰਘਰਸ਼ ਦੀ ਹਰ ਇਕ ਘਟਨਾ ਨੂੰ ਕਾਵਿਕ ਰੂਪ ਵਿੱਚ ਪੇਸ਼ ਹੀ ਨਹੀਂ ਕਰਦੀਆਂ ਸਗੋਂ ਦਿੱਲੀ ਦੇ ਵਿੱਚ ਪੱਕੇ ਮੋਰਚੇ ਤੇ ਡਟੇ ਹੋਏ ਨੌਜਵਾਨ ਬਜੁਰਗ ਭੈਣਾਂ ਅਤੇ ਸਾਰੇ ਹੀ ਸੰਘਰਸ਼ੀ ਸਾਥੀਆਂ ਲਈ ਜੋਸ਼ ਭਰਦੀਆਂ ਹਨ ਤੇ ਉਨ੍ਹਾਂ ਦਾ ਹੌਸਲਾ ਵਧਾਉਂਦੀਆਂ ਹਨ । ਉਨ੍ਹਾਂ ਦੱਸਿਆ ਕਿ ਮੂਲ ਚੰਦ ਸ਼ਰਮਾ ਜੀ ਵੱਲੋਂ ਕਿਸਾਨੀ ਸੰਘਰਸ਼ ਉੱਪਰ ਲਿਖੀਆਂ ਗਈਆਂ ਬੋਲੀਆਂ ਵੀ ਦਿੱਲੀ ਬੈਠੇ ਯੋਧਿਆਂ ਵਿਚ ਇਕ ਨਵਾਂ ਜੋਸ਼,ਜਜ਼ਬਾ ਅਤੇ ਰੰਗ ਭਰਦੀਆਂ ਸਾਡੇ ਕੰਨੀ ਪਈਆਂ ਤੇ ਬੜੀ ਖ਼ੁਸ਼ੀ ਨਾਲ ਕਿਹਾ ਕਿ ਦਿੱਲੀ ਸੰਘਰਸ਼ ਵਿਚ ਧੂਰੀ ਸਾਹਿਤ ਸਭਾ ਦੀਆ ਇਨ੍ਹਾਂ ਰਚਨਾਵਾਂ ਦੀ ਚਰਚਾ ਸਭਾ ਦੀ ਬਹੁਤ ਵੱਡੀ ਪ੍ਰਾਪਤੀ ਹੈ ।ਇਨਕਲਾਬੀ ਰੰਗ ਵਿੱਚ ਰੰਗੇ ਇਸ ਕਵੀ ਦਰਬਾਰ ਵਿਚ ਮੂਲ ਚੰਦ ਸ਼ਰਮਾ ਜੀ ਨੇ ਆਪਣਾ ਕਿਸਾਨੀ ਦਰਦ ਨੂੰ ਬਿਆਨ ਕਰਦਾ ਗੀਤ ਪੇਸ਼ ਕੀਤਾ ।ਇਸ ਤੋਂ ਉਪਰੰਤ ਮੀਤ ਸਕਰੌਦੀ ਨੇ ਦੋ ਗੀਤ , ਜਗਰੂਪ ਸਿੰਘ ਦਰੋਗੇਵਾਲ ਵੱਲੋਂ ਗੀਤ , ਅਕਾਸ਼ਦੀਪ ਸਿੰਘ ( ਗਜਲ ) , ਗੁਰਮੀਤ ਸਿੰਘ ਸੋਹੀ ( ਕਵਿਤਾ ) , ਨਾਹਰ ਸਿੰਘ ਮੁਬਾਰਕ ਪੁਰੀ ( ਕਵਿਤਾ ਅਤੇ ਗੀਤ ) , ਗੁਰਜੰਟ ਸਿੰਘ ਭੈਣੀ ( ਗੀਤ ) , ਡਾ. ਪਰਮਜੀਤ ਦਰਦੀ ( ਗਜਲ ) , ਅਮਨਦੀਪ ਸਿੰਘ ਭੈਣੀ ( ਗੀਤ ) , ਸੁਖਵਿੰਦਰ ਲੋਟੇ (ਗਜਲ ) , ਸਹਿਜਪ੍ਰੀਤ ਸਿੰਘ ( ਕਵਿਤਾ ) ਜਗਦੀਸ਼ ਖੀਪਲ ( ਕਵਿਤਾ ) ਅਤੇ ਜਗਦੇਵ ਸ਼ਰਮਾ ਨੇ ਕਹਾਣੀ ( ਸਫੈਦ ਖ਼ੂਨ ) ਪੇਸ਼ ਕੀਤੀ । ਕਵੀ ਦਰਬਾਰ ਦੌਰਾਨ ਰਣਜੀਤ ਧੂਰੀ ਜੀ ਨੇ ਆਪਣੀ ਨਵੀਂ ਰਿਲੀਜ ਹੋਈ ਕਿਤਾਬ ਲਾਇਬਰੇਰੀ ਨੂੰ ਭੇਟ ਕਰਦਿਆਂ ਨੌਜਵਾਨਾਂ ਨੂੰ ਵੱਧ ਤੋਂ ਵੱਧ ਦਿੱਲੀ ਜਾਣ ਲਈ ਪ੍ਰੇਰਿਤ ਕੀਤਾ ।ਇਸ ਮੌਕੇ ਸਭਾ ਦੇ ਕਾਰਜਕਾਰੀ ਮੈਂਬਰ ਕੁਲਜੀਤ ਧਵਨ ਜੀ ਦੇ ਪਿਤਾ ਜੀ ਜੋ ਕਿ ਪਿਛਲੇ ਦਿਨੀਂ ਅਕਾਲ ਚਲਾਣਾ ਕਰ ਗਏ ਸਨ ਦਾ ਅਫਸੋਸ ਵੀ ਜ਼ਾਹਰ ਕੀਤਾ ਗਿਆ । ਸਟੇਜ ਸਕੱਤਰ ਦੀ ਜਿਮੇਂਵਾਰੀ ਸੁਖਵਿੰਦਰ ਸਿੰਘ ਲੋਟੇ ਨੇ ਬਾਖ਼ੂਬੀ ਨਿਭਾਈ ।ਸਮਾਗਮ ਦੀ ਵਿਸ਼ੇਸ਼ ਗੱਲ ਇਹ ਰਹੀ ਕਿ ਸਾਰੀਆਂ ਹੀ ਰਚਨਾਵਾਂ ਕਿਸਾਨੀ ਘੋਲ਼ ਅਤੇ ਸਮੇਂ ਦੀਆਂ ਸਰਕਾਰਾਂ ਦੀਆਂ ਮਾੜੀਆਂ ਨੀਤਾਂ ਅਤੇ ਗਲਤ ਨੀਤੀਆਂ ਨੂੰ ਉਜਾਗਰ ਕਰਨ ਵਾਲ਼ੀਆਂ ਸਨ ।

# ਡਾ. ਬਲਜੀਤ ਸਿੰਘ ਗਿੱਲ 1 ਫਰਵਰੀ ਨੂੰ ਸੰਭਾਲਣਗੇ ਯੂਨੀਵਰਸਿਟੀ ਆਫ ਸਸਕੈਚਵਨ ਦੇ ਵਾਈਸ ਪ੍ਰਧਾਨ ਦਾ ਆਹੁਦਾ

## -ਮਕਸੂਦੜਾ ਪਿੰਡ ਦਾ ਜੰਮਪਲ ਪੰਜਾਬੀ ਭਾਈਚਾਰੇ ਲਈ ਬਣਿਆ ਮਾਣ

ਵੈਨਕੂਵਰ :-(ਬਰਾੜ-ਭਗਤਾ ਭਾਈ ਕਾ) ਜਿਉਂ ਜਿਉਂ ਪੰਜਾਬੀ ਵਿਦੇਸਾਂ ਵਿੱਚ ਪ੍ਰਵੇਸ ਕਰੀ ਗਏ ਤਿਵੇਂ ਤਿਵੇਂ ਉਹ ਆਪਣੀ ਉੱਚ ਵਿੱਦਿਆ ਸਦਕੇ ਉੱਚ ਅਹੁਦਿਆਂ 'ਤੇ ਪਹੁੰਚਦੇ ਗਏ।ਬੜੇ ਮਾਣ ਵਾਲੀ ਗੱਲ ਹੈ ਕਿ ਲੁਧਿਆਣਾ ਜਲ੍ਹਿਾ ਦੇ ਮਕਸੂਦੜਾ ਪਿੰਡ (ਨੇੜੇ ਰਾੜਾ ਸਾਹਿਬ) ਦੇ ਜੰਮਪਲ ਸਾਬਤ ਸੂਰਤ ਉੱਚੀ ਸੀਰਤ ਦੇ ਮਾਲਕ ਡਾ. ਬਲਜੀਤ ਸਿੰਘ ਗਿੱਲ ਨੇ ਉੱਚ ਵਿੱਦਿਆ ਪ੍ਰਾਪਤ ਕਰਕੇ ਕੈਨੇਡਾ ਵਿੱਚ ਵੀ ਡਾਕਟਰ ਦੀ ਉਪਾਧੀ ਹਾਸਲ ਕਰਨ ਉਪਰੰਤ ਉੱਚਾ ਮੁਕਾਮ ਹਾਸਲ ਕਰਕੇ ਪੰਜਾਬੀਆਂ ਦਾ ਸਿਰ ਉੱਚਾ ਕੀਤਾ ਹੈ।ਉਹ 1 ਫਰਵਰੀ 2021 ਨੂੰ ਕੈਨੇਡਾ ਵਿਖੇ ਯੂਨੀਵਰਸਿਟੀ ਆਫ ਸਸਕੈਚਵਨ ਵਿੱਚ ਵਾਈਸ ਪ੍ਰੈਜੀਡੈਂਟ (ਰਿਸਰਚ) ਦਾ ਅਹੁਦਾ ਸੰਭਾਲਣਗੇ ਜਿਸ ਅਹੁਦੇ ਬਾਰੇ ਮੰਨਿਆਂ ਜਾਂਦਾ ਹੈ ਇਸ ਅਹੁਦੇ ਲਈ ਹਰ ਕੋਈ ਕੋਸਸਿ ਕਰਦਾ ਹੈ ਪਰ ਏਥੇ ਡਾ. ਬਲਜੀਤ ਸਿੰਘ ਗਿੱਲ ਦੀ ਕਾਬਲੀਅਤ ਨੂੰ ਵੇਖਦਿਆਂ ਉਨ੍ਹਾਂ ਦੀ ਇਸ ਅਹੁਦੇ ਲਈ ਚੋਣ ਕੀਤੀ ਹੈ। ਇਸ ਤੋਂ ਪਹਿਲਾਂ ਡਾ. ਗਿੱਲ ਕੈਲਗਰੀ ਯੂਨੀਵਰਸਿਟੀ ਵਿਖੇ ਬਤੌਰ ਡੀਨ ਸੇਵਾਵਾਂ ਨਿਭਾਅ ਰਹੇ ਹਨ। ਯੂਨੀਵਰਸਿਟੀ ਆਫ ਸਸਕੈਚਵਨ ਦੇ ਪ੍ਰੈਜੀਡੈਂਟ ਮਿਸਟਰ ਪੀਟਰ ਨੇ ਜਾਣਕਾਰੀ ਦਿੰਦਿਆਂ ਡਾਕਟਰ ਬਲਜੀਤ ਸਿੰਘ ਗਿੱਲ ਬਾਰੇ ਦੱਸਿਆ ਕਿ ਡਾ. ਗਿੱਲ ਬਹੁਤ ਮਿਹਨਤ ਅਤੇ ਲਗਨ ਨਾਲ ਕਰਨ ਵਾਲਿਆਂ ਦੀ ਪਹਿਲੀ ਕਤਾਰ ਵਿੱਚੋਂ ਇੱਕ ਹਨ।ਉਨ੍ਹਾਂ ਕਿਹਾ ਕਿ ਉਹ ਆਪਣਾ ਕੰਮ ਜੁੰਮੇਵਾਰੀ ਨਾਲ ਕਰਨ 'ਚ ਵਿਸਵਾਸ ਰੱਖਣ ਵਾਲੇ ਉਂਗਲਾਂ 'ਤੇ ਗਿਣੇ ਜਾਣ ਵਾਲੇ ਕੁਝ ਕੁ ਉਨ੍ਹਾਂ ਡਾਕਟਰਾਂ ਵਿੱਚੋਂ ਮੰਨੇ ਜਾਂਦੇ ਹਨ ਜਿੰਨ੍ਹਾ 'ਤੇ ਯੂਨੀਵਰਸਿਟੀ ਨੂੰ ਹੀ ਨਹੀਂ ਸਗੋਂ ਕੈਨੇਡਾ ਸਰਕਾਰ ਨੂੰ ਵੀ ਮਾਣ ਹੈ।ਮਿਸਟਰ ਪੀਟਰ ਨੇ ਗੱਲਬਾਤ ਦੌਰਾਨ ਡਾ. ਗਿੱਲ ਦੀ ਪ੍ਰਸੰਸਾ ਕਰਦਿਆਂ ਦੱਸਿਆ ਕਿ ਉਨ੍ਹਾਂ ਦੀਆਂ ਨਜਰਾਂ ਡਾ. ਗਿੱਲ 'ਤੇ ਟਿਕੀਆਂ ਹੋਈਆਂ ਸਨ ਕਿ ਡਾ. ਗਿੱਲ ਇਸ ਅਹੁਦੇ ਲਈ ਪੂਰੇ ਯੋਗ ਹਨ।ਉਨ੍ਹਾਂ ਨੇ ਇਸ ਅਹੁਦੇ ਲਈ ਕਾਬਲੀਅਤ ਰੱਖਣ ਵਾਲੇ ਡਾਕਟਰ ਸਾਹਿਬਾਨ 'ਚੋ ਡਾ. ਗਿੱਲ ਨੂੰ ਇਸ ਅਹੁਦੇ ਲਈ ਚੁਣਿਆ ਹੈ ਕਿਉਂਕਿ ਇੱਕ ਤਾਂ ਉਹ ਕੰਮ ਕਰਨ ਵਿੱਚ ਮੁਹਾਰਤ ਰੱਖਦੇ ਹਨ ਅਤੇ ਦੂਜਾ ਵੱਡਾ ਕਾਰਨ ਇਹ ਹੈ ਕਿ ਡਾ. ਗਿੱਲ ਸਭ ਤੋਂ ਵੱਧ ਉੱਚ ਵਿੱਦਿਆ ਪ੍ਰਾਪਤ ਹਨ ਜਿਸ ਕਰਕੇ ਉਨ੍ਹਾਂ ਨੂੰ ਇਸ ਅਹੁਦੇ ਲਈ ਪਹਿਲ ਦੇ ਆਧਾਰ ਚੁਣਿਆ ਹੈ।ਡਾ. ਬਲਜੀਤ ਸਿੰਘ ਗਿੱਲ ਨੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਤੋਂ ਵੈਟਰਨਰੀ ਆਫ ਸਾਇੰਸ ਵਿੱਚ ਗ੍ਰੈਜੂਏਸਨ ਅਤੇ ਐਨੀਮਲ ਹਸਬੈਂਡਰੀ 'ਚ ਉੱਚ ਵਿੱਦਿਆ ਪ੍ਰਾਪਤ ਕਰਨ ਉਪਰੰਤ ਓਨਟਾਰੀਓ ਸੂਬੇ ਦੀ ਗਲਫ ਯੂਨੀਵਰਸਿਟੀ ਤੋਂ ਪੀ ਐਚ ਡੀ ਕੀਤੀ। ਇਸ ਤੋਂ ਇਲਾਵਾ ਉਨ੍ਹਾਂ ਨੇ ਟੈਕਸਾਸ ਦੀ ਏ ਐਂਡ ਐਮ ਯੂਨੀਵਰਸਿਟੀ ਅਤੇ ਨਿਊਯਾਰਕ ਦੀ ਕੋਲੰਬੀਆ ਯੂਨੀਵਰਸਿਟੀ ਤੋਂ ਉੱਚ ਵਿੱਦਿਆ ਪ੍ਰਾਪਤ ਕੀਤੀ। ਡਾ. ਬਲਜੀਤ ਸਿੰਘ ਗਿੱਲ ਸਿੱਧੇ ਸਾਧੇ ਸੁਭਾਅ ਦੇ ਮਾਲਕ ਹਨ ਜੋ ਕਿ ਆਪਣੇ ਖੇਤਰ ਦੇ ਕੰਮਾਂ ਵਿੱਚ ਨਿਪੁੰਨ ਹਨ ਜਿੰਨ੍ਹਾਂ ਦੀ ਯੋਗਤਾ ਨੂੰ ਵੇਖਦਿਆਂ ਉਨ੍ਹਾਂ ਨੂੰ ਯੂਨੀਵਰਸਿਟੀ ਆਫ ਸਸਕੈਚਵਨ ਵਿਖੇ ਅਹਿਮ ਜੁੰਮੇਵਾਰੀ ਦਿੱਤੀ ਗਈ ਹੈ। ਯਾਦ ਰਹੇ ਕਿ ਡਾ. ਬਲਜੀਤ ਸਿੰਘ ਗਿੱਲ ਬ੍ਰਿਟਿਸ ਕੋਲੰਬੀਆ ਸੂਬੇ ਤੋਂ ਚੱਲਦੇ ਪ੍ਰਸਿੱਧ ਰੇਡੀਓ ਸੇਰੇ ਪੰਜਾਬ ਦੇ ਉੱਘੇ ਸੰਚਾਲਕ ਹਰਜੀਤ ਸਿੰਘ ਗਿੱਲ ਦੇ ਭਰਾ ਹਨ ਜਿਹੜੇ ਕਿ ਇਸ ਸਮੇਂ ਰੇਡੀਓ ਦੇ ਨਾਲ ਨਾਲ ਇੱਕ ਤਜਰਬੇਕਾਰ ਟੀ ਵੀ ਸੰਚਾਲਕ ਵੀ ਹਨ।

# ਯੂਕੇ: ਸੈਂਕੜੇ ਪਨਾਹਗੀਰਾਂ ਨੇ ਕੈਂਟ ਵਿਚਲੀ ਅਸਥਾਈ ਰਹਾਇਸ਼ 'ਤੇ ਕੀਤੀ ਭੁੱਖ ਹੜਤਾਲ




ਗਲਾਸਗੋ/ਲੰਡਨ (ਮਨਦੀਪ ਖੁਰਮੀ ਹਿੰਮਤਪੁਰਾ) ਦੇਸ਼ ਵਿੱਚ ਹਰ ਸਾਲ ਹਜ਼ਾਰਾਂ ਲੋਕ ਇੱਕ ਚੰਗੇ ਭਵਿੱਖ ਦੀ ਆਸ ਨਾਲ ਯੂਕੇ ਵਿੱਚ ਰਹਿਣ ਲਈ ਪਨਾਹ ਦੀ ਬੇਨਤੀ ਕਰਦੇ ਹਨ।ਪਿਛਲੇ ਸਾਲ 2020 ਵਿੱਚ ਵੀ ਸੈਂਕੜੇ ਲੋਕਾਂ ਨੇ ਇਸ ਕਾਨੂੰਨ ਤਹਿਤ ਅਰਜ਼ੀਆਂ ਦਿੱਤੀਆਂ ਹਨ ਪਰ ਕੋਰੋਨਾਂ ਮਹਾਂਮਾਰੀ ਕਾਰਨ ਉਨ੍ਹਾਂ ਨੂੰ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਅਜਿਹੇ ਹੀ ਸੈਂਕੜੇ ਪਨਾਹਗੀਰਾਂ ਨੂੰ ਕੈਂਟ ਵਿੱਚ ਸਾਬਕਾ ਸੈਨਿਕ ਬੈਰਕਾਂ ਦੀ ਅਸਥਾਈ ਰਿਹਾਇਸ਼ ਵਿੱਚ ਰੱਖਿਆ ਗਿਆ ਹੈ, ਅਤੇ ਇਸ ਰਿਹਾਇਸ਼ ਵਿੱਚ ਰਹਿ ਰਹੇ ਪਨਾਹ ਮੰਗਣ ਵਾਲੇ ਲੋਕਾਂ ਨੇ ਉਹਨਾਂ ਨੂੰ ਮਿਲਣ ਵਾਲੀਆਂ ਨਾ ਮਾਤਰ ਸਹੂਲਤਾਂ ਦੇ ਵਿਰੁੱਧ ਭੁੱਖ ਹੜਤਾਲ ਕਰਕੇ ਆਵਾਜ਼ ਉਠਾਈ ਹੈ।ਕੈਂਟ ਦੇ ਫੋਕੈਸਟੋਨ ਨੇੜੇ ਨੇਪੀਅਰ ਬੈਰਕ ਸਾਈਟ ਨੂੰ ਅਸਥਾਈ ਰਿਹਾਇਸ਼ ਵਜੋਂ ਵਰਤ ਕੇ ਸਤੰਬਰ ਮਹੀਨੇ ਤੋਂ ਲੱਗਭਗ 400 ਪਨਾਹ ਮੰਗਣ ਵਾਲੇ ਪ੍ਰਵਾਸੀਆਂ ਨੂੰ ਰੱਖਿਆ ਜਾ ਰਿਹਾ ਹੈ।ਇਸ ਪਨਾਹ ਘਰ ਨੂੰ ਮਾੜੀਆਂ ਸਿਹਤ ਸਹੂਲਤਾਂ , ਕਾਨੂੰਨੀ ਸਲਾਹ ਦੀ ਘਾਟ ਅਤੇ ਜ਼ਿਆਦਾ ਭੀੜ ਭਰੇ ਹਾਲਤਾਂ ਦੇ ਕਾਰਨ ਬੰਦ ਕਰਨ ਦੀਆਂ ਮੰਗਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸੰਸਥਾ ਦੇ ਵਲੰਟੀਅਰਾਂ ਅਨੁਸਾਰ ਸੋਮਵਾਰ ਨੂੰ ਤਕਰੀਬਨ 350 ਆਦਮੀ ਆਪਣੀ ਪਨਾਹ ਸੰਬੰਧੀ ਦਾਅਵਿਆਂ ਬਾਰੇ ਜਾਣਕਾਰੀ ਦੀ ਘਾਟ, ਕੋਵਿਡ -19 ਫੈਲਣ ਦੇ ਖਤਰੇ ਅਤੇ ਮਾੜੀ ਸਫਾਈ ਦੇ ਵਿਰੋਧ ਵਿੱਚ ਰੋਸ ਵਜੋਂ ਭੁੱਖ ਹੜਤਾਲ 'ਤੇ ਬੈਠ ਗਏ ਸਨ। ਪੁਲਿਸ ਅਧਿਕਾਰੀਆਂ ਅਨੁਸਾਰ ਦਰਜਨਾਂ ਵਸਨੀਕਾਂ ਨੇ ਬੈਰਕਾਂ ਦੇ ਗੇਟਾਂ ਤੇ "ਆਜਾਦੀ" ਦੇ ਨਾਅਰੇ ਲਗਾਉਣ ਦੇ ਨਾਲ ਅਤੇ ਸਮਾਜਿਕ ਦੂਰੀਆਂ ਦੀ ਘਾਟ ਅਤੇ ਮਾਨਸਿਕ ਸਿਹਤ ਸਮੱਸਿਆਵਾਂ ਦੀ ਜਾਣਕਾਰੀ ਦਿੰਦੇ ਹੋਏ ਬੈਨਰ ਵੀ ਲਹਿਰਾਏ ਗਏ। ਹਾਲਾਂਕਿ ਮੰਤਰੀ ਕ੍ਰਿਸ ਫਿਲਪ ਅਨੁਸਾਰ ਸਰਕਾਰ ਪਨਾਹ ਮੰਗਣ ਵਾਲਿਆਂ ਦੀ ਸਿਹਤ ਅਤੇ ਹੋਰ ਸਹੂਲਤਾਂ ਨੂੰ ਬਹੁਤ ਗੰਭੀਰਤਾ ਨਾਲ ਲੈਂਦੀ ਹੈ ਜਿਸਦੇ ਤਹਿਤ ਸ਼ਰਨਾਰਥੀਆਂ ਨੂੰ ਸੁਰੱਖਿਅਤ, ਨਿੱਘੀ, ਕੋਰੋਨਾਂ ਵਾਇਰਸ ਤੋਂ ਸੁਰੱਖਿਅਤ ਰਿਹਾਇਸ ਵੀ ਪ੍ਰਦਾਨ ਕੀਤੀ ਜਾਂਦੀ ਹੈ।

# ਅੰਮ੍ਰਿਤਸਰ ਤੋਂ ਇਟਲੀ ਲਈ ਸਿੱਧੀਆਂ ਉਡਾਣਾਂ ਨੂੰ ਵੱਡਾ ਹੁਲਾਰਾ, ਇੱਕ ਦਿਨ ਵਿਚ ਗਈਆਂ 3 ਉਡਾਣਾਂ

ਨਿਊਯਾਰਕ (ਰਾਜ ਗੋਗਨਾ )-ਸਾਲ 2020 ਵਿਚ ਮਹਾਂਮਾਰੀ ਕਾਰਨ ਅੰਤਰਰਾਸ਼ਟਰੀ ਉਡਾਣਾਂ ਦੇ ਮੁਅੱਤਲ ਹੋਣ ਦੇ ਸਮੇਂ ਦੌਰਾਨ ਬ੍ਰਿਟਿਸ਼ ਏਅਰ ਸਮੇਤ ਵਿਸ਼ਵ ਦੀਆਂ ਕਈ ਹੋਰ ਪ੍ਰਮੁੱਖ ਅੰਤਰਰਾਸ਼ਟਰੀ ਏਅਰ ਲਾਈਨ ਦੁਆਰਾ ਮੁਲਕ ਵਾਪਸੀ ਲਈ ਵਿਸ਼ੇਸ਼ ਉਡਾਣਾਂ ਦਾ ਅੰਮ੍ਰਿਤਸਰ ਤੋਂ ਸਫਤਾਪੂਰਵਕ ਸੰਚਾਲਨ ਹੋਣ ਤੋਂ ਬਾਅਦ, ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡਾ ਅੰਮ੍ਰਿਤਸਰ ਲਈ 2021 ਦੀ ਸ਼ੁਰੂਆਤ ਵਿਚ 8 ਜਨਵਰੀ ਇਕ ਹੋਰ ਇਤਿਹਾਸਕ ਦਿਨ ਸੀ। ਪ੍ਰੈਸ ਨੂੰ ਜਾਰੀ ਇਕ ਬਿਆਨ ਵਿਚ, ਫਲਾਈਅੰਮ੍ਰਿਤਸਰ ਇਨੀਸ਼ੀਏਟਿਵ ਦੇ ਗਲੋਬਲ ਕਨਵੀਨਰ ਅਤੇ ਸਮਾਜ ਸੇਵੀ ਸੰਸਥਾ ਅੰਮ੍ਰਿਤਸਰ ਵਿਕਾਸ ਮੰਚ ਦੇ ਓਵਰਸੀਜ਼ ਸਕੱਤਰ ਸਮੀਪ ਸਿੰਘ ਗੁਮਟਾਲਾ ਨੇ ਜਾਣਕਾਰੀ ਦਿੱਤੀ ਹੈ ਕਿ 8 ਜਨਵਰੀ ਵਾਲੇ ਦਿਨ ਹਵਾਈ ਅੱਡੇ ਤੋਂ ਤਿੰਨ ਸਿੱਧੀਆਂ ਉਡਾਣਾਂ ਇਟਲੀ ਲਈ ਰਵਾਨਾ ਹੋਈਆਂ। ਇਸ ਤੋਂ ਪਹਿਲਾਂ ਦਸੰਬਰ 2020 ਵਿਚ, ਇਟਲੀ ਲਈ ਉਡਾਣਾਂ ਵਿੱਚ ਵਾਧਾ ਹੋਣ ਨਾਲ ਕਈ ਵਾਰ ਦਿਨ ਵਿੱਚ ਦੋ ਉਡਾਣਾ ਦੀ ਰਵਾਨਗੀ ਜਾਂ ਆਮਦ ਵੀ ਹੋਈ ਸੀ। ਗੁਮਟਾਲਾ ਨੇ ਕਿਹਾ, ਹਵਾਈ ਅੱਡੇ ਵਲੋਂ ਰਵਾਨਗੀ ਦੀਆਂ ਉਡਾਣਾਂ ਬਾਰੇ ਕੀਤੇ ਗਏ ਟਵੀਟ ਅਤੇ ਫਲਾਈਟ ਟਰੈਕਿੰਗ ਸਰਵਿਸ ਫਲਾਈਟਰੇਡਾਰ24 ਦੀ ਵੈਬਸਾਈਟ ਤੋਂ ਪ੍ਰਾਪਤ ਕੀਤੇ ਗਏ ਅੰਕੜਿਆਂ ਅਨੁਸਾਰ, ਅੰਮ੍ਰਿਤਸਰ ਹਵਾਈ ਅੱਡੇ ਤੋਂ ਭਾਰਤੀ ਹਵਾਈ ਕੰਪਨੀ ਇੰਡੀਗੋ ਦੀਆਂ ਏਅਰਬਸ ਏ321-ਨਿਊ ਜਹਾਜ਼ ਤੇ ਮਿਲਾਨ ਬਰਗਾਮੋਂ ਹਵਾਈ ਅੱਡੇ ਲਈ ਦੋ ਉਡਾਣਾਂ ਗਈਆਂ ਜੋ ਕਿ ਟਰਕੀ ਦੇ ਇਸਤਾਨਬੁਲ ਹਵਾਈ ਅੱਡੇ ਵਿੱਖੇ ਤੇਲ ਭਰਾਓਣ ਲਈ ਰੁਕਿਆ। ਸਪਾਈਸਜੈੱਟ ਦੀ ਵੀ ਰੋਮ ਲਈ ਲੀਜ਼ ਕੀਤੇ ਗਏ ਏ321 ਜਹਾਜ਼ ਦੀ ਰਵਾਨਗੀ ਹੋਈ ਜੋ ਕਿ ਜਾਰਜੀਆ ਦੇ ਤਿੱਬਿਲਸੀ ਹਵਾਈ ਅੱਡੇ ਵਿਖੇ ਤੇਲ ਭਰਾਓਣ ਲਈ ਰੁਕਿਆ।

ਇਹ ਤਿੰਨ ਸਿੱਧੀਆਂ ਉਡਾਣਾਂ ਇਕੋ ਹੀ ਦਿਨ ਐਤਵਾਰ ਵਾਲੇ ਦਿਨ ਇਟਲੀ ਤੋਂ ਅੰਮ੍ਰਿਤਸਰ ਪਹੁੰਚਣਗੀਆਂ। ਗੁਮਟਾਲਾ ਦਾ ਦੱਸਣਾ ਹੈ ਕਿ ਇਹ ਵਿਸ਼ੇਸ਼ ਚਾਰਟਰ ਉਡਾਣਾਂ ਹਨ ਜੋ ਅਗਸਤ 2020 ਤੋਂ ਅੰਮ੍ਰਿਤਸਰ ਤੋਂ ਇਟਲੀ ਦੇ ਸ਼ਹਿਰ ਮਿਲਾਨ, ਰੋਮ ਅਤੇ ਵਰੋਨਾ ਲਈ ਚੱਲ ਰਹੀਆਂ ਹਨ। ਫਲਾਈਟਰੇਡਰ24 ਤੋਂ ਸਾਡੀ ਟੀਮ ਵੱਲੋਂ ਇਕੱਤਰ ਕੀਤੀ ਜਾਣਕਾਰੀ ਅਨੁਸਾਰ ਹੁਣ ਤੱਕ ਤਕਰੀਬਨ ਕੁੱਲ 75 ਉਡਾਣਾਂ ਅੰਮ੍ਰਿਤਸਰ-ਇਟਲੀ ਦਰਮਿਆਨ ਚੱਲ ਚੁੱਕੀਆਂ ਹਨ। ਇਸ ਵਿੱਚ ਤਕਰੀਬਨ 37 ਰਵਾਨਗੀ ਅਤੇ 38 ਉਡਾਣਾਂ ਦੀ ਆਮਦ ਹੋਈ, ਜਿਸ ਵਿੱਚ ਸਭ ਨਾਲੋਂ ਵੱਧ 13 ਰਵਾਨਗੀ ਅਤੇ 15 ਦੀ ਆਮਦ ਦਸੰਬਰ 2020 ਵਿੱਚ ਹੋਈ। ਹਵਾਈ ਯਾਤਰਾ ਲਈ ਟਿਕਟਾਂ ਵੇਚਣ ਵਾਲੀਆਂ ਕੁੱਝ ਵੈਬਸਾਈਟ ਦੁਆਰਾ ਜਾਰੀ ਕੀਤੇ ਗਏ ਗਏ ਕਾਰਜਕ੍ਰਮ ਅਨੁਸਾਰ ਇਹ ਉਡਾਣਾਂ ਮਾਰਚ 2021 ਦੇ ਅੰਤ ਤਕ ਉਪਲੱਬਧ ਹਨ ਅਤੇ ਆਓਣ ਵਾਲੇ ਦਿਨਾਂ ਵਿੱਚ ਇਹਨਾਂ ਉਡਾਣਾਂ ਦੀ ਗਿਣਤੀ ਵੀ ਵਧੇਗੀ। ਜਦੋਂ ਕਿ ਮਹਾਂਮਾਰੀ ਦੌਰਾਨ ਭਾਰਤ ਵਲੋਂ ਅੰਤਰ ਰਾਸ਼ਟਰੀ ਉਡਾਣਾਂ ਨੂੰ ਮੁਅੱਤਲ ਕੀਤਾ ਗਿਆ ਹੈ ਪਰ ਭਾਰਤ ਅਤੇ ਕਈ ਦੇਸ਼ਾਂ ਵਿਚਾਲੇ ਉਡਾਣਾਂ ਅਸਥਾਈ ਹਵਾਈ ਸਮਝੌਤਿਆਂ ਤਹਿਤ ਚਲ ਰਹੀਆਂ ਹਨ। ਪਿਛਲੇ ਸਾਲ ਦੁਨੀਆ ਭਰ ਦੇ ਬਹੁਤ ਸਾਰੇ ਸ਼ਹਿਰਾਂ ਤੋਂ ਵੀ ਵਿਸ਼ੇਸ਼ ਚਾਰਟਰ ਉਡਾਣਾਂ ਦੀ ਆਮਦ ਜਾਂ ਰਵਾਨਗੀ ਅੰਮ੍ਰਿਤਸਰ ਹਵਾਈ ਅੱਡੇ ਤੋਂ ਹੋਈ ਸੀ।

ਗੁਮਟਾਲਾ ਦਾ ਕਹਿਣਾ ਹੈ ਕਿ ਪਿਛਲੇ ਲੰਮੇ ਸਮੇਂ ਤੋਂ ਅਸੀਂ ਇਟਲੀ ਅਤੇ ਹੋਰਨਾਂ ਮੁਲਕਾਂ ਲਈ ਸਿੱਧੀਆਂ ਉਡਾਣਾਂ ਸ਼ੁਰੂ ਕਰਨ ਸੰਬੰਧੀ ਮੰਗ ਅੰਕੜਿਆਂ ਸਮੇਤ ਏਅਰ ਇੰਡੀਆ ਅਤੇ ਹੋਰਨਾਂ ਏਅਰਲਾਈਨ ਨੂੰ ਕਰਦੇ ਰਹੇ ਹਾਂ ਅਤੇ ਇਨ੍ਹਾਂ ਉਡਾਣਾਂ ਦਾ ਸੰਚਾਲਨ ਹਵਾਈ ਅੱਡੇ ਤੋਂ ਵਿਸ਼ੇਸ਼ ਤੌਰ 'ਤੇ ਇਟਲੀ ਲਈ ਸਿੱਧੇ ਕੌਮਾਂਤਰੀ ਸੰਪਰਕ ਲਈ ਇੱਕ ਵੱਡਾ ਹੁਲਾਰਾ ਹੈ। ਅਸੀਂ ਹੁਨ ਏਅਰਲਾਈਨਾਂ ਨੂੰ ਯਾਤਰੀਆਂ ਦੀ ਗਿਣਤੀ ਅਤੇ ਹੋਰ ਵੇਰਵਿਆਂ ਨਾਲ ਨਿਯਮਤ ਸਿੱਧੀਆਂ ਉਡਾਣਾਂ ਸ਼ੁਰੂ ਕਰਨ ਦੀ ਬੇਨਤੀ ਵੀ ਕਰ ਰਹੇ ਹਾਂ। ਇਟਲੀ ਵਿਚ ਪੰਜਾਬੀਆਂ ਦੀ ਵੱਡੀ ਗਿਣਤੀ ਵਸੀ ਹੋਈ ਹੈ ਅਤੇ ਹਜ਼ਾਰਾਂ ਯਾਤਰੀਆਂ ਨੂੰ ਹਰ ਸਾਲ ਇਟਲੀ ਤੋਂ ਦਿੱਲੀ, ਦੋਹਾ, ਤਾਸ਼ਕੰਦ ਜਾਂ ਅਸ਼ਗਾਬਾਦ ਰਾਹੀਂ ਅੰਮ੍ਰਿਤਸਰ ਆਓਣਾ ਪੈਂਦਾ ਹੈ।

# ਯੂਕੇ ਪੁਲਿਸ ਨੇ ਤਾਲਾਬੰਦੀ ਨਿਯਮ ਤੋੜਨ 'ਤੇ ਕੀਤੇ ਲਗਭਗ 45,000 ਜੁਰਮਾਨੇ

ਗਲਾਸਗੋ/ਲੰਡਨ (ਮਨਦੀਪ ਖੁਰਮੀ ਹਿੰਮਤਪੁਰਾ) ਦੇਸ਼ ਭਰ ਵਿੱਚ ਕੀਤੀ ਹੋਈ ਤਾਲਾਬੰਦੀ ਦੇ ਬਾਵਜੂਦ ਕਈ ਲਾਪ੍ਰਵਾਹ ਲੋਕ ਨਿਯਮਾਂ ਨੂੰ ਤੋੜ ਕੇ ਵਾਇਰਸ ਦੇ ਫੈਲਣ ਲਈ ਬਲਦੀ ਅੱਗ ਵਿੱਚ ਤੇਲ ਪਾਉਂਦੇ ਹਨ।ਅਜਿਹੇ ਲੋਕਾਂ ਨੂੰ ਸਬਕ ਸਿਖਾਉਣ ਲਈ ਦੇਸ਼ ਭਰ ਵਿੱਚ ਪੁਲਿਸ ਵੱਲੋਂ ਲੱਗਭਗ 45,000 ਜੁਰਮਾਨੇ ਦੇ ਨੋਟਿਸ ਕੋਵਿਡ ਨਿਯਮ ਤੋੜਨ ਵਾਲਿਆਂ ਨੂੰ ਦਿੱਤੇ ਗਏ ਹਨ। ਇਸਦੇ ਇਲਾਵਾ ਪੁਲਿਸ ਨੇ ਲਾਗ ਦੀਆਂ ਦਰਾਂ ਨਾਲ ਨਜਿੱਠਣ ਲਈ ਗਸਤ ਵਧਾਉਣ ਦੀ ਚਿਤਾਵਨੀ ਵੀ ਦਿੱਤੀ ਹੈ। ਇਸ ਸੰਬੰਧੀ ਗ੍ਰਹਿ ਸਕੱਤਰ ਪ੍ਰੀਤੀ ਪਟੇਲ ਨੇ ਨਿਯਮਾਂ ਦੀ ਉਲੰਘਣਾ ਕਰਕੇ ਆਪਣੀ ਅਤੇ ਦੇਸ ਦੀ ਸਿਹਤ ਨੂੰ ਖਤਰੇ ਵਿੱਚ ਪਾ ਰਹੇ ਲੋਕਾਂ ਨੂੰ ਸਖਤ ਚਿਤਾਵਨੀ ਜਾਰੀ ਕਰਦਿਆਂ ਅਧਿਕਾਰੀਆਂ ਦੁਆਰਾ ਤੇਜ਼ੀ ਨਾਲ ਜੁਰਮਾਨੇ ਜਾਰੀ ਕਰਨ ਦੀ ਗੱਲ ਕਹੀ ਹੈ। ਨੈਸਨਲ ਪੁਲਿਸ ਚੀਫਜ ਕੌਂਸਲ (ਐਨ ਪੀ ਸੀ ਸੀ) ਦੇ ਚੇਅਰਮੈਨ ਮਾਰਟਿਨ ਹੇਵਿਟ ਅਨੁਸਾਰ ਉਹਨਾਂ ਨੂੰ ਵੱਡੇ ਪੱਧਰ 'ਤੇ ਜੁਰਮਾਨੇ ਜਾਰੀ ਕਰਨ ਦਾ ਕੋਈ ਖੇਦ ਨਹੀ ਹੈ ਜੋ ਕਿ ਕਾਨੂੰਨ ਦੀ ਉਲੰਘਣਾ ਕਰਨ ਵਾਲਿਆਂ ਨੂੰ ਕੀਤੇ ਗਏ ਹਨ। ਮਾਰਟਿਨ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਜੁਰਮਾਨੇ ਦੇਸ਼ ਭਰ ਵਿੱਚ ਲਾਪ੍ਰਵਾਹੀ ਵਰਤਣ ਵਾਲੇ ਲੋਕਾਂ ਨੂੰ ਕੀਤੇ ਗਏ ਹਨ ਜਿਨ੍ਹਾਂ ਵਿੱਚ ਹਰਟਫੋਰਡਸਾਇਰ ਵਿੱਚ ਇੱਕ ਕਿਸਤੀ ਪਾਰਟੀ ਦੇ ਨਾਲ ਸਰੀ ਵਿੱਚ ਇੱਕ ਪਾਰਟੀ ਪ੍ਰਬੰਧਕ ਨੂੰ 10,000 ਪੌਂਡ ਦਾ ਵੀ ਜੁਰਮਾਨਾ ਕੀਤਾ ਗਿਆ , ਜਦ ਕਿ ਪੁਲਿਸ ਦੁਆਰਾ ਸੋਸਲ ਮੀਡੀਆ ਉੱਤੇ ਪਾਈ ਗਈ ਇੱਕ ਗੈਰਕਨੂੰਨੀ ਰੇਵ ਦਾ ਇਸਤਿਹਾਰ ਮਿਲਣ 'ਤੇ ਵੀ 38 ਹੋਰ ਲੋਕਾਂ ਨੂੰ ਜੁਰਮਾਨਾ ਕੀਤਾ ਗਿਆ। ਇਹਨਾਂ ਦੇ ਇਲਾਵਾ ਹੋਰ ਵੀ ਸੈਂਕੜੇ ਲੋਕਾਂ ਨੂੰ ਵਾਇਰਸ ਨਾਲ ਨਜਿੱਠਣ ਦੇ ਮੰਤਵ ਨਾਲ ਤਾਲਾਬੰਦੀ ਨੂੰ ਸਫਲ ਕਰਨ ਲਈ ਜੁਰਮਾਨੇ ਕੀਤੇ ਜਾਣ ਦੇ ਨਾਲ ਨਿਯਮਾਂ ਦੀ ਪਾਲਣਾ ਕਰਨ ਦੀ ਅਪੀਲ ਕੀਤੀ ਗਈ ਹੈ।

# ਕੁੱਤੇ ਤੋਂ ਲੈ ਕੇ ਡੱਡੂ ਦੀ ਲੱਤ ਤੱਕ, ਇੰਡੀਅਨ ਵੀ ਖਾਂਦੇ ਹੈ ਅਜਿਹੇ ਵੀਅਰਡ ਫੂਡ


ਨਾਗਾਲੈਂਡ ਵਿਚ ਵਿੱਕ ਰਿਹਾ ਕੁੱਤੇ ਦਾ ਮੀਟ

ਭਾਰਤ ਨੂੰ ਮਹਾਤਮਾ ਦਾ ਦੇਸ਼ ਕਿਹਾ ਜਾਦਾ ਹੈ। ਇਥੇ ਅਲੱਗ ਅਲੱਗ ਸਭਿਆਚਾਰ ਦੇ ਲੋਕ ਰਹਿੰਦੇ ਹਨ। ਪਰ ਕੀ ਤੁਸੀਂ ਉਨ੍ਹਾਂ ਸਾਰਿਆਂ ਦੇ ਭੋਜਨ ਬਾਰੇ ਜਾਣਦੇ ਹੋ, ਜੋ ਬੇਹੱਦ ਵੀਅਰਡ ਹਨ। ਅੱਜ ਅਸੀਂ ਤੁਹਾਨੂੰ ਕੁਝ ਅਜਿਹੇ ਹੀ ਭੋਜਨ ਬਾਰੇ ਦੱਸਦੇ ਹਾਂ

**ਕਿਤੇ ਖਾਂਦੇ ਹਨ ਚੂਹੇ ਅਤੇ ਕਿਤੇ ਕੁੱਤੇ ਦਾ ਮੀਟ**

ਭਾਰਤ ਵਿਚ ਇੱਕ ਥਾਂ ਅਜਿਹੀ ਹੈ ਕਿ ਜਿਥੇ ਕੀੜੀਆਂ ਦੀਆਂ ਚਟਣੀ ਖਾਦੀ ਜਾਂਦੀ ਹੈ। ਉਥੇ ਹੀ ਦੂਜੇ ਜਗ੍ਹਾਂ ਕੁੱਤੇ ਦਾ ਮੀਟ ਵੀ ਬੇਹੱਦ ਪਸੰਦ ਕੀਤਾ ਜਾਦਾ ਹੈ। ਨਾਗਾਲੈਂਡ ਦੇ ਕੁਝ ਹਿੱਸਿਆਂ ਵਿਚ ਡਾਗ ਮੀਟ ਨੂੰ ਸਥਾਨਕ ਵਾਸੀ ਬੇਹੱਦ ਪਸੰਦ ਕਰਦੇ ਹਨ। ਇਸਦੇ ਇਲਾਵਾ ਮਿਜ਼ੋਰਮ ਦੇ ਲੋਕ ਵੀ ਇਸ ਨੂੰ ਸ਼ੌਕ ਨਾਲ ਖਾਂਦੇ ਹਨ। ਇਸ ਨੂੰ ਪਕਾਉਣ ਦੀ ਤਰੀਕੇ ਅਲੱਗ ਅਲੱਗ ਹਨ।







# ਕੈਨੇਡੀਅਨ ਮੈਂਬਰ ਪਾਰਲੀਮੈਂਟ ਬਰੈਡ ਵਿਸ ਵੀ ਉੱਤਰਿਆ ਕਿਸਾਨਾਂ ਦੇ ਹੱਕ ਵਿੱਚ

## -ਐਬਟਸਫੋਰਡ 'ਚ ਰੋਸ ਮੁਜਾਹਰਾ ਕਰ ਰਹੇ ਕਿਸਾਨ ਪੱਖੀ ਲੋਕਾਂ ਨੂੰ ਕੀਤਾ ਸੰਬੋਧਨ

ਵੈਨਕੂਵਰ :-(ਬਰਾੜ-ਭਗਤਾ ਭਾਈ ਕਾ) ਭਾਰਤ ਸਰਕਾਰ ਵੱਲੋਂ ਖੇਤੀ ਸੰਬੰਧੀ ਲਿਆਂਦੇ ਗਏ ਤਿੰਨ ਬਿੱਲਾਂ ਨੂੰ ਲੈ ਕੇ ਜਿੱਥੇ ਭਾਰਤ ਵਿੱਚ ਸਰਕਾਰ ਅਤੇ ਕਿਸਾਨਾਂ ਵੱਲੋਂ ਸਮਝੇ ਜਾਂਦੇ ਕਾਲੇ ਕਾਨੂੰਨਾਂ ਖਲਿਾਫ ਪੂਰੇ ਭਾਰਤ ਵਿੱਚ ਰੋਸ ਪ੍ਰਦਰਸਨ ਹੋ ਰਹੇ ਹਨ ਉੱਥੇ ਵਿਦੇਸਾਂ ਵਿੱਚ ਵੀ ਜਿੱਥੇ ਕਿਤੇ ਵੀ ਭਾਰਤੀ ਮੂਲ ਦੇ ਲੋਕ ਰਹਿੰਦੇ ਹਨ ਉੱਥੇ ਵੀ ਮੋਦੀ ਸਰਕਾਰ ਖਲਿਾਫ ਜੰਮਕੇ ਪ੍ਰਦਰਸਨ ਹੋ ਰਹੇ ਹਨ। ਇਸੇ ਤਰਾਂ ਹੀ ਕੈਨੇਡਾ ਦੇ ਬ੍ਰਿਟਿਸ ਕੋਲੰਬੀਆ ਸੂਬੇ ਦੇ ਪੰਜਾਬੀਆਂ ਦੀ ਸੰਘਣੀ ਵੱਸੋਂ ਵਾਲੇ ਸਹਿਰ ਐਬਟਸਫੋਰਡ ਵਿੱਚ ਐਬਟਸਫੋਰਡ ਮਿਸਨ ਦੇ ਮੈਂਬਰ ਪਾਰਲੀਮੈਂਟ ਬਰੈਡ ਵਿਸ ਵੱਲੋਂ ਐਬਟਸਫੋਰਡ ਸਹਿਰ ਦੇ ਮਿਡੋਫੇਅਰ ਪਲਾਜੇ ਵਿੱਚ ਪੰਜਾਬੀਆਂ ਵੱਲੋਂ ਖੇਤੀ ਸੰਬੰਧੀ ਬਣੇ ਕਾਲੇ ਕਾਨੂੰਨਾਂ ਖਲਿਾਫ ਆਵਾਜ ਬੁਲੰਦ ਕਰ ਕਰਦਿਆਂ ਕਿਹਾ ਕਿ ਕਿਸਾਨਾਂ ਦੀਆਂ ਮੰਗਾਂ ਜਾਇਜ ਹਨ ਭਾਰਤ ਸਰਕਾਰ ਨੂੰ ਕਿਸਾਨਾਂ ਵੱਲੋਂ ਖੇਤੀ ਸੰਬੰਧੀ ਸਮਝੇ ਜਾਂਦੇ ਕਾਲੇ ਕਾਨੂੰਨਾਂ ਨੂੰ ਵਾਪਸ ਲੈ ਲੈਣੇ ਚਾਹੀਦੇ ਹਨ। ਬਰੈਡ ਨੇ ਦਿੱਲੀ ਵਿਖੇ ਕਿਸਾਨ ਮੋਰਚੇ ਦੌਰਾਨ ਸਹੀਦ ਹੋਏ ਕਿਸਾਨਾਂ ਪ੍ਰਤੀ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਹੱਕ ਲੈਣ ਆਏ ਕਿਸਾਨਾਂ ਦੀ ਮੌਤ 'ਤੇ ਬਹੁਤ ਅਫਸੋਸ ਹੈ। ਬਰੈਡ ਵਿਸ ਨੇ ਸਾਂਤਮਈ ਰਹਿ ਕੇ ਮੁਜਾਹਰਾ ਕਰ ਰਹੇ ਲੋਕਾਂ ਨੂੰ ਸੰਬੋਧਨ ਕਰਕੇ ਦੱਸਿਆ ਕਿ ਉਹ ਆਪਣੇ ਨਾਲ ਸਹਿਰ ਦੇ ਪੰਜਾਬੀ ਪਲਵਿੰਦਰ ਅਰੋੜਾ ਨੂੰ ਨਾਲ ਲੈ ਕੇ ਆਏ ਜਿੰਨ੍ਹਾਂ ਨੇ ਉਨ੍ਹਾਂ ਨੂੰ ਦੱਸਿਆ ਕਿ ਐਬਟਸਫੋਰਡ ਵਿੱਚ ਹਰ ਰੋਜ ਕਿਸਾਨਾਂ ਦੇ ਹੱਕ ਵਿੱਚ ਮੁਜਾਹਰਾ ਕੀਤਾ ਜਾਂਦਾ। ਇਸ ਸਮੇਂ ਉਹ ਤੇ ਪਲਵਿੰਦਰ ਅਰੋੜਾ ਕਿਸਾਨਾਂ ਦੇ ਹੱਕ ਵਿੱਚ ਮੁਜਾਹਰਾ ਕਰ ਰਹੇ ਭਾਰਤੀ ਪਰਿਵਾਰਾਂ ਨਾਲ ਦਿੱਲੀ 'ਚ ਚੱਲ ਰਹੇ ਕਿਸਾਨੀ ਸੰਘਰਸ ਦਾ ਇੱਕ ਹਿੱਸਾ ਬਣੇ।




# ਕੈਨੇਡਾ ਚ' ਇਕ ਐਸਯੂਵੀ ਅਤੇ ਟਰੈਕਟਰ ਟ੍ਰੇਲਰ ਵਿਚਕਾਰ ਹੋਏ ਸੜਕ ਹਾਦਸੇ ਚ' ਦੋ ਪੰਜਾਬੀ ਨੌਜਵਾਨਾਂ ਦੀ ਮੌਤ




ਨਿਊਯਾਰਕ/ ਬਰੈਂਪਟਨ (ਰਾਜ ਗੋਗਨਾ/ ਕੁਲਤਰਨ ਪਧਿਆਣਾ )ਬੀਤੀ ਰਾਤ ਕੈਨੇਡਾ ਦੇ ਹਾਈਵੇਅ 401 ਤੇ ਗੁਲਫ ਲਾਇਨ ਦੇ ਲਾਗੇ ਅਤੇ ਹਾਈਵੇਅ 6 ਦੇ ਵਿਚਾਲੇ ਇਕ ਐਸਯੂਵੀ ਅਤੇ ਟਰੈਕਟਰ ਟਰੇਲਰ ਵਿਚਕਾਰ ਹੋਏ ਸੜਕ ਹਾਦਸੇ ਵਿੱਚ ਦੋ ਪੰਜਾਬੀ ਮੂਲ ਦੇ ਬਰੈਪਟਨ ਨਿਵਾਸੀ ਨੋਜਵਾਨਾਂ ਦੀ ਮੋਤ ਹੋ ਗਈ ਜਿੰਨਾਂ ਦੀ ਪਹਿਚਾਣ ਦੇ ਗੁਰਪ੍ਰੀਤ ਸਿੰਘ ਸੰਘਾ (22) ਸਾਲ ਅਤੇ ਕੈਲੇਡਨ ਸਿਟੀ ਦਾ ਰਹਿਣ ਵਾਲਾ ਨੋਜਵਾਨ ਮੰਨਤ ਖੰਨਾ ਸਪੁੱਤਰ ਦੀਪ ਖੰਨਾ ਜੋ ਕਿ ਇਕ ਟਰਾਂਸਪੋਰਟਰ ਹੈ। ਉਸ ਦੇ ਇਕਲੌਤੇ ਪੁੱਤਰ ਦੀ ਮੌਤ ਹੋ ਗਈ ।ਜਦ ਕਿ ਟਰੱਕ ਟ੍ਰੇਲਰ ਦਾ ਡਰਾਈਵਰ ਸੁਰੱਖਿਅਤ ਹੈ ।ਇਹ ਦਰਦਨਾਕ ਘਟਨਾ ਬੀਤੀ ਰਾਤ ਦੇ 08: 30 ਵਜੇ ਦੇ ਕਰੀਬ ਵਾਪਰੀ,ਹਾਦਸੇ ਦੋਰਾਨ ਹਾਈਵੇਅ ਰਾਤ ਬੰਦ ਕਰਨ ਤੋ ਬਾਅਦ ਸਵੇਰੇ ਖੋਲਿਆ ਗਿਆ!

# ਸਕਾਟਲੈਂਡ ਪੁਲਿਸ ਨੇ ਛਾਪੇਮਾਰੀ ਦੌਰਾਨ ਜ਼ਬਤ ਕੀਤੀ 180 ਹਜ਼ਾਰ ਪੌਂਡ ਦੀ ਭੰਗ

ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ) ਸਕਾਟਲੈਂਡ ਪੁਲਿਸ ਦੀ ਗੈਰਕਾਨੂੰਨੀ ਨਸ਼ਿਆਂ ਵਿਰੁੱਧ ਵਿੱਢੀ ਮੁਹਿੰਮ ਨੂੰ ਉਸ ਵੇਲੇ ਵੱਡੀ ਸਫਲਤਾ ਮਿਲੀ ਜਦੋਂ ਅਧਿਕਾਰੀਆਂ ਦੁਆਰਾ ਇੱਕ ਛਾਪੇਮਾਰੀ ਦੌਰਾਨ ਹਜ਼ਾਰਾਂ ਪੌਂਡ ਦੀ ਭੰਗ ਜ਼ਬਤ ਕੀਤੀ। ਪੁਲਿਸ ਦੁਆਰਾ ਦਿੱਤੀ ਜਾਣਕਾਰੀ ਅਨੁਸਾਰ 9 ਜਨਵਰੀ ਦਿਨ ਸ਼ਨੀਵਾਰ ਨੂੰ ਮਦਰਵੈਲ ਦੇ ਦਲਰਿਆਦਾ ਕ੍ਰੀਸੈਂਟ ਖੇਤਰ ਵਿੱਚ ਸ਼ਾਮ 6 ਵਜੇ ਦੇ ਕਰੀਬ ਮਾਰੇ ਗਏ ਛਾਪੇ ਦੌਰਾਨ ਕਲਾਸ ਬੀ ਨਸ਼ੇ ਭੰਗ ਦੀ ਇੱਕ ਵੱਡੀ ਖੇਪ ਜ਼ਬਤ ਕੀਤੀ ਗਈ ਹੈ ਅਤੇ ਇਸ ਬਰਾਮਦ ਕੀਤੀ ਗਈ ਭੰਗ ਤੇ ਇਸ ਨਾਲ ਸਬੰਧਿਤ ਹੋਰ ਸਮਗਰੀ ਦੀ ਕੀਮਤ ਤਕਰੀਬਨ 180,000 ਪੌਂਡ ਤੋਂ ਵੱਧ ਦੱਸੀ ਗਈ ਹੈ। ਪੁਲਿਸ ਦੁਆਰਾ ਇਸ ਮਾਮਲੇ ਦੇ ਸੰਬੰਧ ਵਿੱਚ ਫਿਲਹਾਲ ਕੋਈ ਗ੍ਰਿਫਤਾਰੀ ਨਹੀਂ ਕੀਤੀ ਗਈ ਹੈ ਜਦਕਿ ਬਰਾਮਦਗੀ ਬਾਰੇ ਹੋਰ ਪੁੱਛਗਿੱਛ ਜਾਰੀ ਹੈ। ਸਾਰਜੈਂਟ ਥਾਮਸ ਕੈਰਨਜ ਅਨੁਸਾਰ ਨਸਿਆਂ ਦੀ ਦੁਰਵਰਤੋਂ ਸਮਾਜ ਲਈ ਬੇਹੱਦ ਖਤਰਨਾਕ ਹੈ ਅਤੇ ਸਕਾਟਲੈਂਡ ਪੁਲਿਸ ਅਜਿਹੇ ਗੈਰਕਾਨੂੰਨੀ ਪਦਾਰਥਾਂ ਦੀ ਵਰਤੋਂ ਨੂੰ ਘਟਾਉਣ ਲਈ ਹਰ ਸੰਭਵ ਯਤਨ ਕਰ ਰਹੀ ਹੈ।

# ਯੂਕੇ ਦੇ ਹਸਪਤਾਲਾਂ 'ਚੋਂ ਮਰੀਜਾਂ ਨੂੰ ਕੀਤਾ ਜਾਵੇਗਾ ਹੋਟਲਾਂ ਵਿੱਚ ਤਬਦੀਲ



ਗਲਸਗੋ/ਲੰਡਨ (ਮਨਦੀਪ ਖੁਰਮੀ ਹਿੰਮਤਪੁਰਾ) ਯੂਕੇ ਦੇ ਹਸਪਤਾਲ ਇਸ ਸਮੇਂ ਕੋਰੋਨਾਂ ਵਾਇਰਸ ਦੇ ਮਰੀਜ਼ਾਂ ਦੀ ਗਿਣਤੀ ਵਧਣ ਕਾਰਨ, ਬਿਸਤਰਿਆਂ ਅਤੇ ਸਿਹਤ ਸਹੂਲਤਾਂ ਦੀ ਘਾਟ ਦਾ ਸਾਹਮਣਾ ਕਰ ਰਹੇ ਹਨ। ਹਸਪਤਾਲਾਂ ਵਿੱਚ ਕੋਰੋਨਾਂ ਦੇ ਗੰਭੀਰ ਮਰੀਜ਼ਾਂ ਦੇ ਇਲਾਜ ਲਈ ਜਗ੍ਹਾ ਦਾ ਪ੍ਰਬੰਧ ਕਰਨ ਦੇ ਮੰਤਵ ਨਾਲ ਹਸਪਤਾਲਾਂ ਦੇ ਕੋਰੋਨਾਂ ਅਤੇ ਹੋਰ ਮਰੀਜਾਂ ਨੂੰ ਹੋਟਲ, ਦੇਖਭਾਲ ਘਰ ਜਾਂ ਉਹਨਾਂ ਦੇ ਆਪਣੇ ਘਰਾਂ ਵਿੱਚ ਤਬਦੀਲ ਕੀਤਾ ਜਾਵੇਗਾ। ਇੰਗਲੈਂਡ ਦੇ ਹਸਪਤਾਲ ਪ੍ਰਬੰਧਕਾਂ ਅਨੁਸਾਰ ਵਾਧੂ ਐਮਰਜੈਂਸੀ ਸਮਰੱਥਾ ਪੈਦਾ ਕਰਨ ਦੇ ਉਪਾਅ ਦੇ ਤੌਰ 'ਤੇ ਮਰੀਜਾਂ ਦੀ ਛੇਤੀ ਛੁੱਟੀ ਕਰਨੀ ਸੁਰੂ ਕੀਤੀ ਜਾਵੇਗੀ। ਇਸ ਸੰਬੰਧੀ ਐਨ.ਐਚ.ਐਸ ,ਕੇਅਰ ਹੋਮਜ ਨੂੰ ਕੋਰੋਨਾਂ ਮਰੀਜਾਂ ਨੂੰ ਹਸਪਤਾਲਾਂ ਤੋਂ ਸਿੱਧੇ ਹੀ ਬਗੈਰ ਕਿਸੇ ਨਕਾਰਾਤਮਕ ਟੈਸਟ ਦੇ ਤਬਦੀਲ ਕਰਨ ਦੀ ਪ੍ਰਕਿਰਿਆ ਬਾਰੇ ਗੱਲਬਾਤ ਕਰ ਰਹੇ ਹਨ। ਇਸ ਨਵੀਂ "ਘਰ ਅਤੇ ਹੋਟਲ" ਯੋਜਨਾ ਦੇ ਤਹਿਤ, ਤਬਦੀਲ ਹੋਣ ਵਾਲੇ ਮਰੀਜਾਂ ਨੂੰ ਕਈ ਸੰਸਥਾਵਾਂ ਜਿਵੇਂ ਸੇਂਟ ਜਾਨ ਐਂਬੂਲੈਂਸ, ਬ੍ਰਿਟਿਸ ਰੈਡ ਕਰਾਸ, ਹਥਿਆਰਬੰਦ ਬਲਾਂ ਦੇ ਮੈਡੀਕਲ ਕਰਮਚਾਰੀ ਅਤੇ ਸਿਹਤ ਵਿਭਾਗ ਦੇ ਸਟਾਫ ਦੁਆਰਾ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ। ਇਸ ਯੋਜਨਾ ਦੇ ਤਹਿਤ ਲੰਡਨ ਹੋਟਲ ਸਮੂਹ (ਐਲ ਐਚ ਜੀ) ਨੇ ਲੰਡਨ ਦੇ ਕਿੰਗਜ ਕਾਲਜ ਹਸਪਤਾਲ ਤੋਂ ਬੇਘਰ ਕੋਰੋਨਾਂ ਪਾਜੇਟਿਵ ਮਰੀਜਾਂ ਨੂੰ ਲੈਣਾ ਸੁਰੂ ਕਰ ਦਿੱਤਾ ਹੈ ਅਤੇ ਕ੍ਰੋਏਡਨ ਦੇ ਇੱਕ ਹੋਟਲ ਵਿੱਚ ਉਨ੍ਹਾਂ ਦੀ ਦੇਖ ਭਾਲ ਕਰ ਰਹੇ ਹਨ। ਇਸ ਹੋਟਲ ਸਮੂਹ ਦੀ 20 ਹੋਰ ਐਨ.ਐਚ.ਐਸ ਟਰੱਸਟਾਂ ਨਾਲ ਹੋ ਰਹੀ ਗੱਲਬਾਤ ਅਨੁਸਾਰ ਉਹਨਾਂ ਨੂੰ 5,000 ਬੈੱਡ ਮੁਹੱਈਆ ਕਰਵਾਏ ਜਾ ਸਕਦੇ ਹਨ।

BJ DIGITAL & PHOTOS
BROADCAST HD FILM QUALITY
Blu-ray DVD

Experience 22 Years
Digital Video & Phtos Wedding, Birthday, Ring Ceremony, Sweet Sixten & All Others Function All work in digital
Ph.: 718 441 6516, Cell : 646 403 7334




# ਰੋਚਕ ਜਾਣਕਾਰੀ

1. ਮਨੁੱਖ ਦੁਆਰਾ ਬਣਾਈ ਗਈ ਵਿਸ਼ਵ ਦੀ ਸਭ ਤੋਂ ਲੰਮੀ ਨਹਿਰ ਕਿਹੜੀ ਹੈ ?
2. ਵਿਸ਼ਵ ਦਾ ਸਭ ਤੋਂ ਵੱਡਾ ਦੀਪ ਕਿਹੜਾ ਹੈ ?
3. ਮਨੁੱਖੀ ਸਿਰ 'ਚ ਆਮ ਤੌਰ 'ਤੇ ਵਾਲਾਂ ਦੀ ਵਿਕਾਸ ਦਰ ਕਿੰਨੀ ਹੈ ?
4. ਵਿਸ਼ਵ ਦੀ ਸਭ ਤੋਂ ਵੱਡੀ ਮਿੱਠੇ ਪਾਣੀ ਵਾਲੀ ਝੀਲ ਕਿਹੜੀ ਮੰਨੀ ਜਾਂਦੀ ਹੈ ?
5. ਅਲੂਮੀਨੀਅਮ ਕਿਸ ਧਾਤ 'ਚੋਂ ਕੱਢਿਆ ਜਾਂਦਾ ਹੈ ?
6. ਮਾਊਂਟ ਐਵਰੈਸਟ ਦਾ ਪੁਰਾਣਾ ਨਾਂ ਕੀ ਸੀ ?

ਉੱਤਰ : 1) ਬੀਜਿੰਗ 'ਚ ਸਥਿਤ ਗ੍ਰੈਂਡ ਕੈਨਾਲ, 2) ਗਰੀਨਲੈਂਡ 3) ਚਾਰ ਤੋਂ 6 ਹਫਤਿਆਂ 'ਚ 1 ਇੰਚ, 4) ਲੇਕ ਸੁਪੀਰੀਅਰ 5) ਬੌਕਸਾਈਟ 'ਚੋਂ 6) ਪੀਕ-15

## ਚਿੱਤਰ ਬਣਾਓ

ਬੱਚਿਓ! ਆਓ ਤੁਹਾਨੂੰ ਨਵੇਂ ਢੰਗ ਨਾਲ ਚਿੱਤਰ ਬਣਾਉਣ ਦੀ ਕਲਾ ਸਿਖਾਈਏ...




ਇਹ ਚਿੱਤਰ ਪਹੇਲੀ ਵਿਚ ਤਿੱਤਲੀ ਨੂੰ ਫੁੱਲ ਤੱਕ ਪਹੁੰਚਾਉਣ ਵਿਚ ਸਹਾਇਤਾ ਕਰੋ...



# ਝਗੜਾ



ਦੋ ਵਾਂ ਬਿੱਲੀਆਂ ਦਾ ਫੇਰ ਝਗੜਾ ਹੋ ਗਿਆ। ਇਸ ਵਾਰ ਉਨ੍ਹਾਂ ਦੇ ਝਗੜੇ ਦਾ ਕਾਰਨ ਰੋਟੀ ਨਹੀਂ ਚੂਹਾ ਸੀ। ਇਕ ਬਿੱਲੀ ਚੂਹੇ ਨੂੰ ਫੜਨ ਲਈ ਜਿਵੇਂ ਹੀ ਉਸਦੇ ਪਿੱਛੇ ਭੱਜੀ, ਚੂਹਾ ਭੱਜ ਕੇ ਨਾਲ ਦੇ ਘਰ ਵਿਚ ਵੜ ਗਿਆ ਤੇ ਨਾਲ ਦੇ ਘਰ ਵਿਚ ਰਹਿੰਦੀ ਬਿੱਲੀ ਨੇ ਚੂਹੇ ਨੂੰ ਦਬੋਚ ਲਿਆ। ਹੁਣ ਇਹ ਚੂਹਾ ਦੋਵਾਂ ਬਿੱਲੀਆਂ ਦੇ ਝਗੜੇ ਦਾ ਕਾਰਨ ਬਣ ਗਿਆ। 'ਇਹ ਚੂਹਾ ਮੇਰਾ ਹੈ, ਇਸ ਨੂੰ ਮੈਂ ਖਾਵਾਂਗੀ। ਕਿਉਂਕਿ ਜਿਸ ਘਰ ਵਿਚ ਮੈਂ ਰਹਿੰਦੀ ਹਾਂ, ਇਹ ਉਸ ਘਰ ਵਿਚ ਰਹਿੰਦਾ ਸੀ ਤੇ ਜਾਨ ਬਚਾਉਣ ਦੇ ਇਰਾਦੇ ਨਾਲ ਤੇਰੇ ਘਰ ਵਿਚ ਵੜ ਗਿਆ।' ਪਹਿਲੀ ਬਿੱਲੀ ਨੇ ਦੂਜੀ ਨੂੰ ਆਖਿਆ। 'ਇਸ ਚੂਹੇ ਨੂੰ ਮੈਂ ਫੜਿਆ ਹੈ। ਇਸ ਕਰਕੇ ਇਸ ਨੂੰ ਮੈਂ ਖਾਵਾਂਗੀ।' ਇਹ ਕਹਿੰਦਿਆਂ ਦੂਜੀ ਬਿੱਲੀ ਚੂਹੇ 'ਤੇ ਆਪਣਾ ਹੱਕ ਜਤਾ ਰਹੀ ਸੀ। ਦੋਵੇਂ ਬਿੱਲੀਆਂ ਝਗੜਦੀਆਂ-ਝਗੜਦੀਆਂ ਕਿਸੇ ਪੰਚਾਇਤੀ ਦੀ ਭਾਲ ਵਿਚ ਤੁਰ ਪਈਆਂ। ਥੋੜ੍ਹਾ ਅੱਗੇ ਗਈਆਂ ਤਾਂ ਉਨ੍ਹਾਂ ਨੂੰ ਬਾਂਦਰ ਮਿਲ ਪਿਆ। 'ਚੱਲ ਬਾਦਰ ਕੋਲੋਂ ਫ਼ੈਸਲਾ ਕਰਵਾ ਲਈਏ। ਬਾਂਦਰ ਦੱਸ ਦੇਵੇਗਾ ਕਿ ਚੂਹੇ ਦਾ ਅਸਲੀ ਹੱਕਦਾਰ ਕੌਣ ਆ।' ਬਾਂਦਰ ਨੂੰ ਵੇਖ ਕੇ ਪਹਿਲੀ ਬਿੱਲੀ ਨੇ ਆਖਿਆ। 'ਇਸ ਕੋਲੋਂ ਫ਼ੈਸਲਾ ਨਹੀਂ ਕਰਵਾਉਣਾ। ਇਹ ਬਹੁਤ ਲਾਲਚੀ ਹੈ। ਪਹਿਲਾਂ ਇਕ ਵਾਰ ਜਦੋਂ ਆਪਣਾ ਰੋਟੀ ਤੋਂ ਝਗੜਾ ਹੋਇਆ ਸੀ, ਤਾਂ ਇਹ ਸਾਡੀ ਰੋਟੀ ਦੀ ਵੰਡ ਕਰਦਾ-ਕਰਦਾ ਸਾਰੀ ਰੋਟੀ ਆਪ ਹੀ ਖਾ ਗਿਆ ਸੀ।' ਦੂਜੀ ਬਿੱਲੀ ਨੇ ਪੁਰਾਣੀ ਘਟਨਾ ਨੂੰ ਚੇਤੇ ਕਰਦਿਆਂ ਸਿਰ ਫੇਰ ਦਿੱਤਾ। 'ਉਦੋਂ ਆਪਾਂ ਰੋਟੀ ਤੋਂ ਝਗੜੀਆਂ ਸਾਂ ਤੇ ਇਹ ਬਾਂਦਰ ਫ਼ੈਸਲਾ ਕਰਦਾ-ਕਰਦਾ ਸਾਰੀ ਰੋਟੀ ਆਪ ਖਾ ਗਿਆ ਸੀ। ਬਾਂਦਰ ਚੂਹੇ ਨੂੰ ਨਹੀਂ ਖਾਂਦਾ। ਬਾਂਦਰ ਸ਼ਾਕਾਹਾਰੀ ਹੈ।' ਪਹਿਲੀ ਬਿੱਲੀ ਨੇ ਆਖਿਆ ਤੇ ਦੋਵੇਂ ਬਿੱਲੀਆਂ ਦੁਬਾਰਾ ਫ਼ੈਸਲਾ ਕਰਵਾਉਣ ਲਈ ਬਾਂਦਰ ਕੋਲ ਪਹੁੰਚ ਗਈਆਂ। ਦੋਵੇਂ ਬਿੱਲੀਆਂ ਝਗੜਾ ਨਿਬੇੜਨਾ ਚਾਹੁੰਦੀਆਂ ਸਨ। ਚੂਹਿਆਂ ਪਿੱਛੇ ਉਨ੍ਹਾਂ ਦਾ ਝਗੜਾ ਅਕਸਰ ਹੁੰਦਾ ਰਹਿੰਦਾ ਸੀ। 'ਅੱਜ ਤੋਂ ਬਾਅਦ ਤੁਹਾਡੀ ਚੂਹਿਆਂ ਪਿੱਛੇ ਲੜਾਈ ਨਹੀਂ ਹੋਵੇਗੀ ਪਰ ਤੁਹਾਨੂੰ ਦੋਵਾਂ ਨੂੰ ਮੇਰੀ ਇਕ ਸ਼ਰਤ ਮੰਨਣੀ ਪਵੇਗੀ।' ਬਾਂਦਰ ਨੇ ਸੋਚ-ਵਿਚਾਰ ਕੇ ਆਖਿਆ। ਦੋਵੇਂ ਬਿੱਲੀਆਂ ਬਾਂਦਰ ਦੀ ਸ਼ਰਤ ਮੰਨਣ ਲਈ ਉਸੇ ਸਮੇਂ ਤਿਆਰ ਹੋ ਗਈਆਂ। ਫੜਿਆ ਚੂਹਾ ਉਨ੍ਹਾਂ ਨੇ ਬਾਂਦਰ ਦੇ ਕਹਿਣ 'ਤੇ ਛੱਡ ਦਿੱਤਾ ਸੀ। 'ਦੋਵਾਂ ਬਿੱਲੀਆਂ ਵਿੱਚੋਂ ਕੋਈ ਵੀ ਦੂਜੇ ਘਰ ਦਾ ਚੂਹਾ ਨਹੀਂ ਖਾਏਗੀ। ਚੂਹਾ ਫੜ ਕੇ ਤੁਹਾਨੂੰ ਮੇਰੇ ਕੋਲ ਆਉਣਾ ਹੋਵੇਗਾ। ਮੈਂ ਦੱਸਿਆ ਕਰਾਂਗਾ ਕਿ ਚੂਹਾ ਕਿਸ ਘਰ ਦਾ ਹੈ। ਮੈਨੂੰ ਦੋਵਾਂ ਘਰਾਂ ਦੇ ਸਾਰੇ ਚੂਹਿਆਂ ਦੀ ਪਛਾਣ ਆ।' ਬਾਂਦਰ ਨੇ ਆਪਣਾ ਫ਼ੈਸਲਾ ਸੁਣਾਇਆ ਤੇ ਦੋਵਾਂ ਬਿੱਲੀਆਂ ਨੇ ਉਸੇ ਵਕਤ ਬਾਂਦਰ ਦੇ ਫ਼ੈਸਲੇ ਨੂੰ ਪ੍ਰਵਾਨਗੀ ਦੇ ਦਿੱਤੀ। ਹੁਣ ਦੋਵਾਂ ਵਿੱਚੋਂ ਜਿਹੜੀ ਵੀ ਬਿੱਲੀ ਦੇ ਹੱਥ ਚੂਹਾ ਆਉਂਦਾ, ਉਹ ਚੂਹੇ ਨੂੰ ਖਾਣ ਤੋਂ ਪਹਿਲਾਂ ਬਾਂਦਰ ਕੋਲ ਲੈਕੇ ਆਉਂਦੀ। 'ਇਹ ਚੂਹਾ ਤੇਰੇ ਘਰ ਦਾ ਨਹੀਂ ਹੈ।' ਚੂਹੇ ਨੂੰ ਵੇਖਦਾ ਹੋਇਆ ਬਾਂਦਰ ਹਰ ਵਾਰ ਇੰਜ ਆਖਦਾ ਤੇ ਬਿੱਲੀਆਂ ਨੂੰ ਚੂਹਾ ਛੱਡਣਾ ਪੈਂਦਾ। ਬਾਂਦਰ ਬੇਹੱਦ ਚਲਾਕ ਸੀ। ਉਹ ਸ਼ਾਕਾਹਾਰੀ ਹੋਣਕਾਰਨ ਚੂਹੇ ਨਹੀਂ ਖਾਂਦਾ ਸੀ ਪਰ ਉਸਨੇ ਆਪਣੇ ਫ਼ਾਇਦੇ ਲਈ ਹੋਰ ਢੰਗ ਲੱਭ ਲਿਆ ਸੀ। 'ਜੇ ਮੇਰੀ ਸੇਵਾ ਕਰਦੇ ਰਹੋਗੇ ਤਾਂ ਮੈਂ ਕਿਸੇ ਵੀ ਚੂਹੇ ਨੂੰ ਮਰਨ ਨਹੀਂ ਦੇਵਾਂਗਾ।' ਚਲਾਕ ਬਾਂਦਰ ਨੇ ਚੂਹਿਆਂ ਨੂੰ ਆਖਿਆ ਸੀ। ਚੂਹੇ ਦੋਵਾਂ ਘਰਾਂ ਵਿੱਚੋਂ ਕਾਜੂ, ਬਾਦਾਮ ਤੇ ਮੇਵਿਆਂ ਵਰਗੇ ਬੇਸ਼ਕੀਮਤੀ ਪਦਾਰਥ ਚੋਰੀ ਕਰਕੇ ਬਾਂਦਰ ਲਈ ਲਿਆਉਂਦੇ ਰਹਿੰਦੇ ਸਨ। ਕਾਜੂ, ਬਦਾਮਾਂ ਦੇ ਲਾਲਚ ਕਾਰਨ ਬਾਂਦਰ ਬਿੱਲੀਆਂ ਸਾਹਮਣੇ ਝੂਠ ਬੋਲਦਾ ਸੀ ਤੇ ਉਨ੍ਹਾਂ ਤੋਂ ਚੂਹੇ ਨੂੰ ਛੁਡਵਾ ਦਿੰਦਾ। ਦੋਵੇਂ ਬਿੱਲੀਆਂ ਕਈ ਦਿਨ ਵੇਖਦੀਆਂ ਰਹੀਆਂ। ਇਨ੍ਹਾਂ ਦਿਨਾਂ ਵਿਚ ਦੋਵਾਂ ਬਿੱਲੀਆਂ ਨੂੰ ਇਕ ਵੀ ਚੂਹਾ ਨਹੀਂ ਮਿਲਿਆ ਸੀ। ਬਿੱਲੀਆਂ ਭੁੱਖੀਆਂ ਰਹਿਣ ਕਾਰਣ ਦਿਨੋਂ ਦਿਨ ਕਮਜ਼ੋਰ ਹੁੰਦੀਆਂ ਜਾ ਰਹੀਆਂ ਸਨ ਤੇ ਮੇਵੇ, ਬਾਦਾਮ ਖਾ ਖਾ ਕੇ ਬਾਂਦਰ [illegible] ਮੋਟਾ ਹੁੰਦਾ ਜਾ ਰਿਹਾ ਸੀ। ਬਿੱਲੀਆਂ ਨੂੰ ਹੁਣ ਸਮਝ ਲੱਗੀ ਸੀ ਕਿ ਜੇ ਕਿਸੇ ਵੀ ਗੱਲ ਦਾ ਝਗੜਾ ਹੋਵੇ, ਝਗੜੇ ਕਾਰਨ ਬਾਂਦਰ ਵਰਗੇ ਦੂਜੇ ਫ਼ਾਇਦਾ ਲੈ ਹੀ ਜਾਂਦੇ ਹਨ ਤੇ ਦੋਵਾਂ ਬਿੱਲੀਆਂ ਨੇ ਆਪਸ ਵਿਚ ਨਾ ਝਗੜਨ ਦਾ ਫ਼ੈਸਲਾ ਕਰ ਲਿਆ। ਦੋਵਾਂ ਬਿੱਲੀਆਂ ਨੇ ਇਹ ਵੀ ਫ਼ੈਸਲਾ ਕਰ ਲਿਆ ਕਿ ਉਹ ਚੂਹਿਆਂ ਦੀ ਥਾਂ ਹੋਰ ਪੌਸ਼ਟਿਕ ਪਦਾਰਥ ਲੱਭ ਕੇ ਖਾਇਆ ਕਰਨਗੀਆਂ ਤੇ ਬਾਂਦਰ ਵਾਂਗ ਸਿਹਤ ਬਣਾਉਣਗੀਆਂ।

## ਜਨਮ ਦਿਨ ਮੁਬਾਰਕ

ਅਦਾਰਾ ਪ੍ਰੀਤਨਾਮਾ ਅਤੇ ਕਮਲਜੀਤ ਸਿੰਘ ਵੱਲੋਂ ਫਤਿਹਵੀਰ ਸਿੰਘ ਨੂੰ ਜਨਮ ਦਿਨ ਦੀਆਂ ਲੱਖ ਲੱਖ ਵਧਾਈਆਂ। ਅਸੀਂ ਰੱਬ ਅੱਗੇ ਅਰਦਾਸ ਕਰਦੇ ਹਾਂ ਕਿ ਫਤਿਹਵੀਰ ਸਿੰਘ ਦਿਨ ਦੁੱਗਣੀ ਅਤੇ ਰਾਤ ਚੁਗੁਣੀ ਤਰੱਕੀ



## ਰੇਲ ਗੱਡੀ

ਛੁੱਕ-ਛੁੱਕ ਕਰਦੀ ਰੇਲ ਗੱਡੀ
ਡੱਬਾ-ਡੱਬਾ ਜੋੜ ਹੋਵੇ ਵੱਡੀ
ਪਟੜੀ 'ਤੇ ਭੱਜਦੀ ਜਾਵੇ
ਝੂਟੇ ਲੈ ਮਜ਼ਾ ਬੜਾ ਆਵੇ
ਕੂ-ਕੂ ਕਰ ਕੇ ਰੌਲਾ ਪਾਵੇ
ਧੂੰਆਂ ਹਵਾ 'ਚ ਉਡਾਵੇ।

• ਅਮਰਪ੍ਰੀਤ ਸਿੰਘ ਝੀਤਾ
9779191447




## ਕੁਲ਼ਫ਼ੀ ਵਾਲਾ

ਕੁਲਫੀ ਵਾਲਾ ਭਾਈ ਆਇਆ
ਗਲੀ ਵਿਚਾਲੇ ਹੋਕਾ ਲਾਇਆ
ਮਾਨੀ, ਅਰਸ਼, ਅਸਨੂਰ ਨੇ
ਘਰ ਵੱਲ ਫੇਰਾ ਪਾਇਆ
ਮਾਨੀ ਦਾਦੂ ਨੂੰ ਲਿਆਇਆ
ਹਾਕ ਮਾਰਕੇ ਉਹ ਖੜ੍ਹਾਇਆ
ਉਹਨੇ ਢੱਕਣ ਚੱਕ ਵਿਖਾਇਆ
ਹਰਾ, ਲਾਲ, ਸੰਤਰੀ ਸਭ ਨੂੰ ਭਾਇਆ
ਮੇਰੀ-ਮੇਰੀ ਠੰਢੀ ਆਖ ਸੁਣਾਇਆ
ਚੂਸ-ਚੂਸ ਕੇ ਮਨ ਪਰਚਾਇਆ
ਸਭ ਨੂੰ ਖ਼ੂਬ ਨਜ਼ਾਰਾ ਆਇਆ
ਹਰ ਕੋਈ ਭੱਜ ਕੇ ਘਰ ਨੂੰ ਆਇਆ
ਬੂਟੇ ਨੂੰ ਵੀ ਬਚਪਨ ਚੇਤੇ ਕਰਾਇਆ
ਕੁਲਫ਼ੀ ਵਾਲਾ ਭਾਈ ਆਇਆ।

• ਬੂਟਾ ਖ਼ਾਨ ਸੁੱਖੀ

## ਅੰਤਰ ਲੱਭੋ

ਇਹ ਦੋਵੇਂ ਤਸਵੀਰਾਂ ਦੇਖਣ 'ਚ ਇਕੋ ਜਿਹੀਆਂ ਲਗਦੀਆਂ ਹਨ ਪਰ ਇਨ੍ਹਾਂ 'ਚ ਕੁਝ ਅੰਤਰ ਹਨ। ਧਿਆਨ ਨਾਲ ਦੇਖੋ ਅਤੇ ਇਨ੍ਹਾਂ ਵਿੱਚੋਂ ਅੰਤਰ ਲੱਭੋ।



ਜਵਾਬ : 1. ਦਰੱਖ਼ਤ ਦੇ ਤਣੇ 2. ਲੜਕੀ ਦੀ ਗੁੱਤ 3. ਲੜਕੀ ਦੀ ਫਰਾਕ 4. ਸਟੂਲ ਦੀ ਲੱਤ 5. ਜ਼ਮੀਨ 'ਤੇ ਪਈ ਪੈਂਸਿਲ 6. ਕਲਰ ਬਾਕਸ ਦਾ ਫਲੈਪ 7. ਪਰਦੇ ਦੀ ਲੰਬਾਈ 8. ਡਰਾਇੰਗ ਕਾਪੀ 'ਤੇ ਬਣੀ ਬੱਤਖ਼ 9. ਹਾਥੀ ਦੀ ਸੁੰਡ 10. ਕੁੜੀ ਦੀ ਹੱਥ।

PREETNAMA
ਪ੍ਰੀਤਨਾਮਾ
ਖਰਾ ਸੱਚ
Online and Print Media

ਪ੍ਰੀਤਨਾਮਾ

ADVISORY BOARD

ਪ੍ਰਿਤਪਾਲ ਕੌਰ ਪ੍ਰੀਤ
ਮੁੱਖ ਸੰਪਾਦਕ
+1 (201) 312-4180
*******************
ਜੋਗਾ ਸਿੰਘ
*****************************
ਜਸਵਿੰਦਰ ਸਿੰਘ ਨਿਊਜਰਸੀ
*****************************
ਗੁਰਮੀਤ ਸਿੰਘ ਧਲਵਾਨ ਸ਼ਿਕਾਗੋ
*****************************
ਜੀ. ਐਸ ਸਿੰਘ ਪੰਜਾਬ
*****************************
ਸੁਜਾਨ ਨਾਗ, ਯੂ.ਐਸ.ਏ.
******************
ਜਸਵਿੰਦਰ ਕੌਰ, ਪੰਜਾਬ
**********************
ਸੁਖਮੰਦਰ ਬਰਾੜ
(ਭਗਤਾ ਭਾਈਕਾ) ਵੈਨਕੂਵਰ,
*****************************
ਗਗਨਦੀਪ ਸਿੰਘ
ਗ੍ਰਾਫਿਕ ਡਿਜ਼ਾਇਨਰ
9592398822
*****************************

ਪ੍ਰੀਤਨਾਮ ਪੰਜਾਬੀ ਮਾਂ ਬੋਲੀ, ਸਭਿਆਚਾਰ ਅਤੇ ਪੰਜਾਂ ਪਾਣੀਆਂ ਦੀ ਧਰਤੀ ਦੀ ਸਲਾਮਤੀ ਨੂੰ ਸਮਰਪਿਤ ਹੈ। ਪ੍ਰੀਤਨਾਮਾ ਵਿਚ ਛਪੀਆਂ ਰਚਨਾਵਾਂ ਨਾਲ ਸੰਪਾਦਕ ਜਾਂ ਅਖਬਾਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਲੇਖਕ ਆਪਣੀਆਂ ਰਚਨਾਵਾਂ ਨੂੰ ਈਮੇਲ ਰਾਹੀਂ ਭੇਜ ਸਕਦੇ ਹਨ। ਈਮੇਲ ਵਾਲੀਆਂ ਰਚਨਾਵਾਂ ਨੂੰ ਤਰਜੀਹ ਦਿੱਤੀ ਜਾਵੇਗੀ। ਪ੍ਰੀਤਨਾਮਾ ਨੂੰ ਰਚਨਾਵਾਂ ਵਿਚ ਲੋੜ ਅਨੁਸਾਰ ਕਾਂਟ ਛਾਂਟ ਕਰਨ ਦਾ ਜਾਂ ਬਿਲਕੁਲ ਨਾ ਛਾਪਣ ਦਾ ਅਧਿਕਾਰ ਹੈ। ਇਸ਼ਤਿਹਾਰ ਵਿਚ ਛਪੀ ਸਮਗਰੀ ਲਈ ਇਸ਼ਤਿਹਾਰਦਾਤਾ ਖੁਦ ਜ਼ਿੰਮੇਵਾਰ ਹੋਵੇਗਾ। ਇਸ਼ਤਿਹਾਰਾਂ ਵਿਚ ਦਿੱਤੀ ਗਈ ਜਾਣਕਾਰੀ, ਕੀਮਤ, ਵਰੰਟੀ, ਕੁਆਲਿਟੀ, ਸੁਝਾਵਾਂ ਲਈ ਸਿਰਫ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜ਼ਿੰਮੇਵਾਰ ਹੋਵੇਗੀ।

**The Preetnama is not responsible or legally lible for any news, article, advertisement or typing mistakes in the news or articles**

**ਪਿਛਲੇ ਕੁਝ ਹਫਤਿਆਂ ਤੋਂ ਪਾਠਕਾਂ ਵੱਲੋਂ ਲੇਖ ਪ੍ਰਕਾਸ਼ਿਤ ਨਾ ਹੋਣ ਦੇ ਲਗਾਤਾਰ ਫੋਨ ਆ ਰਹੇ ਹਨ, ਜਿਸ ਲਈ ਲਈ ਖਿਮਾ ਦੇ ਜਾਚਕ ਹਾਂ। ਅਸੀਂ ਪਾਠਕਾਂ ਅਤੇ ਲੇਖਕਾਂ ਨੂੰ ਵਿਸ਼ਵਾਸ ਆਧਾਰ 'ਤੇ ਪ੍ਰਕਾਸ਼ਿਤ ਕੀਤਾ ਜਾਵੇਗਾ।**

Preetnamausa@gmail.com
www.preetnama.com

# ਸੰਪਾਦਕੀ

# ਮੋਦੀ ਸਰਕਾਰ ਨੂੰ ਵੱਡਾ ਝਟਕਾ



ਪ੍ਰਿਤਪਾਲ ਕੌਰ
ਮੁੱਖ ਸੰਪਾਦਕ

ਦੋ ਦਿਨ ਦੀ ਸੁਣਵਾਈ ਤੋਂ ਬਾਅਦ ਆਖਿਰ ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਨੂੰ ਝਟਕਾ ਦਿੰਦੇ ਹੋਏ ਖੇਤੀ ਕਾਨੂੰਨਾਂ ਉਤੇ ਰੋਕ ਲਗਾ ਦਿੱਤੀ ਹੈ ਅਤੇ ਇਕ ਚਾਰ ਮੈਂਬਰੀ ਕਮੇਟੀ ਗਠਿਤ ਕੀਤੀ ਗਈ ਹੈ ਜੋ ਕਿ ਸਾਰੇ ਪੱਖਾਂ ਦੀ ਸੁਣਵਾਈ ਕਰ ਕੇ ਸੁਪਰੀਮ ਕੋਰਟ ਨੂੰ ਆਪਣੀ ਰਿਪੋਰਟ ਸੌਂਪੇਗੀ। ਸਰਵ ਉਚ ਅਦਾਲਤ ਦਾ ਫੈਸਲਾ ਆਉਣ ਉਪਰੰਤ ਕਿਸਾਨ ਜਥੇਬੰਦੀਆਂ ਨੇ ਫੈਸਲੇ ਦਾ ਤਾਂ ਸਵਾਗਤ ਕੀਤਾ ਹੈ ਪਰ ਨਾਲ-ਨਾਲ ਇਹ ਵੀ ਕਿਹਾ ਹੈ ਕਿ ਉਨ੍ਹਾਂ ਦਾ ਅੰਦੋਲਨ ਜਾਰੀ ਰਹੇਗਾ। ਪਿਛਲੇ ਡੇਢ ਮਹੀਨੇ ਤੋਂ ਚੱਲ ਰਹੇ ਕਿਸਾਨ ਅੰਦੋਲਨ ਨੂੰ ਲੈ ਕੇ ਕੇਂਦਰ ਸਰਕਾਰ ਦੇ ਲਾਹਪ੍ਰਵਾਹੀ ਭਰੇ ਰਵੱਈਏ 'ਤੇ ਸੁਪਰੀਮ ਕੋਰਟ ਦਾ ਨਾਰਾਜ਼ ਹੋਣਾ ਸੁਭਾਵਿਕ ਹੈ। ਸੁਪਰੀਮ ਕੋਰਟ ਕੇਂਦਰ ਸਰਕਾਰ ਨੂੰ ਕਹਿੰਦੀ ਰਹੀ ਕਿ ਉਹ ਅੰਦੋਲਨਕਾਰੀ ਕਿਸਾਨਾਂ ਨਾਲ ਗੱਲਬਾਤ ਕਰਕੇ ਮਸਲੇ ਦਾ ਉਚਿਤ ਹੱਲ ਕੱਢੇ ਪਰ ਕੇਂਦਰ ਵੱਲੋਂ ਅਜਿਹੇ ਯਤਨ ਹੁੰਦੇ ਨਜ਼ਰ ਨਹੀਂ ਆਏ। ਜੇਕਰ ਅੱਠ ਦੌਰ ਦੀਆਂ ਵਾਰਤਾਵਾਂ ਵਿੱਚ ਵੀ ਸਰਕਾਰ ਕੋਈ ਰਸਤਾ ਕੱਢਣ ਵਿੱਚ ਸਮਰਥ ਨਹੀਂ ਦਿਸੀ, ਜਿਸ ਨਾਲ ਅੰਦੋਲਨ ਖਤਮ ਕਰਕੇ ਕਿਸਾਨ ਘਰਾਂ ਨੂੰ ਵਾਪਸ ਜਾਣ ਤਾਂ ਇਹ ਵਿਵਸਥਾ ਉਤੇ ਹੀ ਵੱਡਾ ਪ੍ਰਸ਼ਨਚਿੰਨ ਹੈ। ਸਾਫ ਹੈ ਕਿ ਸਰਕਾਰ ਦੀ ਮਨਸ਼ਾ ਅੰਦੋਲਨਕਾਰੀ ਕਿਸਾਨਾਂ ਦੀ ਗੱਲ ਸੁਣਨ ਅਤੇ ਸਮੱਸਿਆ ਦਾ ਹੱਲ ਕੱਢਣ ਦੀ ਸ਼ਾਇਦ ਨਹੀਂ ਸੀ ਬਲਕਿ ਉਹ ਇਹ ਮੰਨ ਕੇ ਬੈਠ ਗਈ ਕਿ ਇੱਕ ਨਾ ਇੱਕ ਦਿਨ ਕਿਸਾਨ ਥੱਕ ਹਾਰ ਕੇ ਵਾਪਸ ਚਲੇ ਜਾਣਗੇ। ਗੱਲਬਾਤ ਦੇ ਲਈ ਤਰੀਕਾਂ ਦੇਣ ਦੇ ਇਲਾਵਾ ਸਰਕਾਰ ਨੇ ਆਪਣੇ ਵੱਲੋਂ ਅਜਿਹੀ ਕੋਈ ਗੰਭੀਰ ਅਤੇ ਠੋਸ ਪਹਿਲ ਨਹੀਂ ਕੀਤੀ ਜਿਸ ਤੋਂ ਪਤਾ ਲੱਗਦਾ ਹੋਵੇ ਕਿ ਉਹ ਇਸ ਸਮੱਸਿਆ ਦਾ ਹੱਲ ਕੱਢਣਾ ਚਾਹੁੰਦੀ। ਇਸ ਲਈ ਸੋਮਵਾਰ ਨੂੰ ਚੀਫ ਜਸਟਿਸ ਐਸ ਏ ਬੋਬਡੇ ਦੀ ਚੇਅਰਮੈਨੀ ਵਾਲੇ ਤਿੰਨ ਮੈਂਬਰੀ ਬੈਂਚ ਨੇ ਸਖਤ ਲਹਿਜੇ ਵਿੱਚ ਸਰਕਾਰ ਨੂੰ ਚਿਤਾਵਨੀ ਦਿੱਤੀ। ਅਦਾਲਤ ਨੇ ਸਾਫ ਕਰ ਦਿੱਤਾ ਕਿ ਜੇਕਰ ਜ਼ਰੂਰਤ ਪਈ ਤਾਂ ਉਹ ਇਨ੍ਹਾਂ ਕਾਨੂੰਨਾਂ ਦੇ ਅਮਲ ਉਤੇ ਰੋਕ ਵੀ ਲਗਾ ਦੇਵੇਗੀ। ਸੁਪਰੀਮ ਕੋਰਟ ਦੇ ਰੁਖ ਤੋਂ ਇੰਨੀ ਉਮੀਦ ਤਾਂ ਬਣੀ ਕਿ ਇਸ ਸਮੱਸਿਆ ਦਾ ਹੁਣ ਕੋਈ ਉਚਿਤ ਅਤੇ ਤਰਕਪੂਰਨ ਹੱਲ ਨਿਕਲੇਗਾ। ਨਵੇਂ ਖੇਤੀ ਕਾਨੂੰਨਾਂ ਨੂੰ ਲੈ ਕੇ ਸ਼ੁਰੂ ਤੋਂ ਹੀ ਆਵਾਜ਼ਾਂ ਉਠਦੀਆਂ ਰਹੀਆਂ ਹਨ। ਜਿਸ ਜਲਦਬਾਜ਼ੀ ਵਿੱਚ ਪਹਿਲਾਂ ਆਰਡੀਨੈਂਸ ਲਿਆਂਦਾ ਗਿਆ ਅਤੇ ਫਿਰ ਕਾਨੂੰਨ ਬਣਾ ਕੇ ਲਾਗੂ ਕਰ ਦਿੱਤੇ ਗਏ, ਉਸ ਤੋਂ ਕਿਸਾਨ ਤਾਂ ਕੀ ਸਾਰਿਆਂ ਦੇ ਮਨ ਵਿੱਚ ਸ਼ੱਕ ਪੈਦਾ ਹੋਏ। ਆਖਿਰ ਕਿਸਾਨਾਂ ਨੂੰ ਅਜਿਹਾ ਕਿਉਂ ਲੱਗ ਰਿਹਾ ਹੈ ਕਿ ਇਹ ਨਵੇਂ ਕਾਨੂੰਨ ਉਨ੍ਹਾਂ ਦੇ ਹਿੱਤਾਂ ਦੇ ਖਿਲਾਫ ਹਨ ਅਤੇ ਕੁਝ ਉਦਯੋਗਿਕ ਘਰਾਣਿਆਂ ਦੇ ਹਿੱਤਾਂ ਦੇ ਲਈ ਬਣਾਏ ਗਏ ਹਨ ? ਅਜਿਹਾ ਲੱਗਦਾ ਹੈ ਕਿ ਕਿਧਰੇ ਕੁਝ ਅਜਿਹਾ ਜ਼ਰੂਰ ਹੈ ਜਿਸ ਨੂੰ ਕਿਸਾਨ ਵੀ ਸਮਝ ਰਹੇ ਰਹੇ ਹਨ ਅਤੇ ਸਰਕਾਰ ਲੁਕਾ ਰਹੀ ਹੈ। ਦੇਸ਼ ਭਰ ਦੇ ਲੱਖਾਂ ਕਿਸਾਨ ਕਿਸੇ ਸਿਆਸੀ ਦਲ ਜਾਂ ਵਿਰੋਧੀ ਦਲ ਦੇ ਬਹਿਕਾਵੇ ਵਿੱਚ ਆ ਕੇ ਇੰਨਾ ਵੱਡਾ ਅਤੇ ਸਖਤ ਕਦਮ ਚੁੱਕਣ ਅਜਿਹਾ ਸੰਭਵ ਨਹੀਂ ਹੈ। ਕਿਸਾਨਾਂ ਦੀਆਂ ਮੰਗਾਂ 'ਤੇ ਵਿਚਾਰ ਦੇ ਲਈ ਸਰਕਾਰ ਆਪਣੇ ਪ੍ਰਤੀਨਿਧੀਆਂ, ਖੇਤੀ ਮਾਮਲਿਆਂ ਦੇ ਜਾਣਕਾਰ ਵਿਰੋਧੀ ਨੇਤਾਵਾਂ, ਖੇਤੀ ਮਾਹਿਰਾਂ ਅਤੇ ਕਿਸਾਨ ਸੰਗਠਨਾਂ ਦੇ ਨੁਮਾਇੰਦਿਆਂ ਦੀ ਕਮੇਟੀ ਬਣਾ ਦਿੰਦੀ ਅਤੇ ਉਹ ਕਮੇਟੀ ਕਿਸਾਨਾਂ ਦੀਆਂ ਮੰਗਾਂ 'ਤੇ ਗੰਭੀਰਤਾ ਨਾਲ ਵਿਚਾਰ ਕਰਦੀ ਤਾਂ ਹੱਲ ਦੀ ਦਿਸ਼ਾ ਵਿੱਚ ਵੱਧਣ ਦਾ ਰਸਤਾ ਨਿਕਲਦਾ। ਪਰ ਅਜਿਹਾ ਹੋਇਆ ਨਹੀਂ। ਇਸ ਗੱਲ ਨੂੰ ਸੁਪਰੀਮ ਕੋਰਟ ਨੇ ਸਮਝਿਆ। ਅਦਾਲਤ ਵੀ ਦੇਖ ਰਹੀ ਹੈ ਕਿ ਜੇਕਰ ਕਿਸਾਨ ਵਿੱਚ ਇਸ ਤਰ੍ਹਾਂ ਦਾ ਰੋਹ ਹੈ ਤਾਂ ਜ਼ਾਹਿਰ ਹੈ ਕਿ ਨਵੇਂ ਕਾਨੂੰਨਾਂ ਵਿੱਚ ਕੁਝ ਤਾਂ ਅਜਿਹਾ ਹੈ ਜੋ ਉਨ੍ਹਾਂ ਦੇ ਹਿੱਤਾਂ ਦੇ ਖਿਲਾਫ ਹੈ। ਇਸ ਲਈ ਅਦਾਲਤ ਨੇ ਖੇਤੀ ਕਾਨੂੰਨਾਂ ਅਤੇ ਕਿਸਾਨਾਂ ਦੇ ਅੰਦੋਲਨ ਦੇ ਸਬੰਧ ਵਿੱਚ ਹੁਕਮ ਦੇਣ ਦੀ ਗੱਲ ਕੀਤੀ। ਨਾਲ ਹੀ ਅਦਾਲਤ ਦੇ ਇਸ ਮਾਮਲੇ ਉਤੇ ਵਿਚਾਰ ਦੇ ਲਈ ਸੁਪਰੀਮ ਕੋਰਟ ਨੇ ਇੱਕ ਕਮੇਟੀ ਬਣਾਉਣ ਦੀ ਗੱਲ ਵੀ ਕਹੀ ਹੈ। ਸਰਕਾਰ ਅਤੇ ਕਿਸਾਨ ਸੰਗਠਨਾਂ ਵਿਚਾਲੇ ਹੁਣ ਅਗਲੀ ਗੱਲਬਾਤ 15 ਤਰੀਕ ਨੂੰ ਹੋਣੀ ਹੈ। ਪਰ ਹੁਣ ਸੁਪਰੀਮ ਕੋਰਟ ਦੇ ਹੁਕਮ ਤੋਂ ਬਾਅਦ ਇਸ ਮੀਟਿੰਗ ਦਾ ਕੋਈ ਮਾਇਨਾ ਨਹੀਂ ਰਹਿ ਗਿਆ। ਇਹ ਇਸ ਮਸਲੇ ਦਾ ਹੱਲ ਇਸ ਗੱਲ ਉਤੇ ਜ਼ਿਆਦਾ ਨਿਰਭਰ ਕਰਦਾ ਹੈ ਕਿ ਕਿਸਾਨ ਜਥੇਬੰਦੀਆਂ ਹੁਣ ਕਿਹੜਾ ਰਾਹ ਅਪਣਾਉਂਦੀਆਂ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਸੰਘਰਸ਼ ਜਾਰੀ ਰਹੇਗਾ। ਇਸ ਫੈਸਲੇ ਤੋਂ ਬਾਅਦ ਸਿੱਟਾ ਕੀ ਨਿਕੇਲੇਗਾ, ਇਸ ਬਾਰੇ ਕੁਝ ਵੀ ਕਹਿਣਾ ਜਲਦਬਾਜ਼ੀ ਹੋਵੇਗਾ ਪਰ ਇਸ ਨਾਲ ਮੋਦੀ ਸਰਕਾਰ ਨੂੰ ਵੱਡਾ ਝਟਕਾ ਲੱਗਿਆ ਹੈ ਜਿਹੜੀ ਹਰ ਕਾਨੂੰਨ ਬਣਾ ਕੇ ਇਹ ਸਮਝਦੀ ਹੈ ਕਿ ਉਸ ਨੇ ਜੋ ਫੈਸਲਾ ਲਿਆ ਹੈ, ਉਹੀ ਠੀਕ ਹੈ। ਕਿਸਾਨਾਂ ਦੇ ਮਾਮਲੇ ਵਿੱਚ ਵੀ ਉਸ ਦੀ ਇਹੀ ਸੋਚ ਸੀ ਪਰ ਜਿਸ ਤਰ੍ਹਾਂ ਕਿਸਾਨਾਂ ਨੇ ਸੰਘਰਸ਼ ਕੀਤਾ ਅਤੇ ਉਨ੍ਹਾਂ ਨਾਲ ਦੇਸ਼ ਦਾ ਹਰ ਤਬਕਾ ਜੁੜਿਆ ਉਨ੍ਹਾਂ ਨੇ ਇਹ ਦਰਸਾ ਦਿੱਤਾ ਹੈ ਕਿ ਲੋਕਤੰਤਰ ਵਿੱਚ ਵਿਰੋਧੀ ਦੀ ਆਵਾਜ਼ ਵੀ ਸੁਣਨੀ ਬਹੁਤ ਜ਼ਰੂਰੀ ਹੈ। ਸੁਪਰੀਮ ਕੋਰਟ ਦਾ ਫੈਸਲਾ ਕੇਂਦਰ ਸਰਕਾਰ ਲਈ ਇਕ ਸਬਕ ਹੈ।

# ਪੋਹ ਮਹੀਨੇ ਦਾ ਪ੍ਰਸਿੱਧ ਤਿਉਹਾਰ ਲੋਹੜੀ

ਲੋਹੜੀ ਦਾ ਤਿਉਹਾਰ ਭਾਵੇਂ ਕੋਈ ਧਾਰਮਿਕ ਮਹੱਤਤਾ ਨਹੀਂ ਰੱਖਦਾ, ਪਰ ਇਹ ਤਿਉਹਾਰ ਬਹੁਤ ਖਾਸ ਹੈ। ਨਵੇਂ ਸਾਲ ਦੀ ਸ਼ੁਰੂਆਤ ਦਾ ਜੋ ਪਹਿਲਾ ਤਿਉਹਾਰ ਹੈ, ਉਹ ਤਿਉਹਾਰ ਲੋਹੜੀ ਹੀ ਹੈ, ਜੋ ਬਹੁਤ ਮਹੱਤਵਪੂਰਨ ਹੋ ਨਿੱਬੜਦਾ ਹੈ। ਲੋਹੜੀ ਪੋਹ ਮਹੀਨੇ ਦਾ ਪ੍ਰਸਿੱਧ ਤਿਉਹਾਰ ਹੈ, ਇਹ ਪੋਹ ਮਹੀਨੇ ਦੀ ਅਖੀਰਲੀ ਰਾਤ ਨੂੰ ਮਨਾਇਆ ਜਾਂਦਾ ਹੈ। ਲੋਹੜੀ ਤੋਂ ਅਗਲੇ ਦਿਨ ਮਾਘ ਮਹੀਨੇ ਦੀ ਸੰਗਰਾਂਦ ਹੁੰਦੀ ਹੈ। ਇਸ ਦਿਨ ਮਾਘੀ ਦਾ ਤਿਉਹਾਰ ਹੁੰਦਾ ਹੈ। ਲੋਹੜੀ ਜ਼ਿਆਦਾਤਰ 13 ਜਨਵਰੀ ਨੂੰ ਹੀ ਆਉਂਦੀ ਹੈ। ਇਸ ਮਹੀਨੇ ਫਸਲਾਂ ਦੀ ਬਿਜਾਈ ਤਕਰੀਬਨ-ਤਕਰੀਬਨ ਹੋ ਚੁੱਕੀ ਹੋਈ ਹੁੰਦੀ ਹੈ, ਬੱਸ ਥੋੜ੍ਹੀ ਬਹੁਤ ਦੇਖ ਭਾਲ ਹੀ ਬਾਕੀ ਹੁੰਦੀ ਹੈ। ਲੋਹੜੀ ਸਰਦੀਆਂ ਦੇ ਅੰਤ ਅਤੇ ਹਾੜ੍ਹੀ ਦੀਆਂ ਫਸਲਾਂ ਦੇ ਪ੍ਰਫੁੱਲਤ ਹੋਣ ਦਾ ਹਥਿਆਰ ਹੈ। ਜਿਸ ਘਰ ਮੁੰਡਾ ਜੰਮਿਆ ਹੋਵੇ ਜਾਂ ਨਵ ਵਿਆਹੀ ਵਹੁਟੀ ਆਈ ਹੋਵੇ, ਉਸਦੀ ਪਹਿਲੀ ਲੋਹੜੀ ਨੂੰ ਬੜੇ ਹੀ ਚਾਅ ਤੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਵਣਜਾਰਾ ਬੇਦੀ ਦਾ ਮੰਨਣਾ ਹੈ ਕਿ ਲੋਹੜੀ ਪੰਜਾਬ ਵਿੱਚ ਪ੍ਰਚੱਲਿਤ ਕਿਸੇ ਸਮੇਂ ਸੂਰਜ ਦੇਵ ਦੀ ਪੂਜਾ ਦੀ ਹੀ ਰਹਿੰਦੀ ਹੈ। ਕੱਤਕ ਮਹੀਨੇ ਵਿੱਚ ਸੂਰਜ ਧਰਤੀ ਤੋਂ ਦੂਰੀ ਬਣਾ ਲੈਂਦਾ ਹੈ, ਜਿਸ ਕਾਰਨ ਸੂਰਜ ਦੀਆਂ ਕਿਰਨਾਂ ਧਰਤੀ 'ਤੇ ਜਲਦੀ ਨਹੀ ਪਹੁੰਚਦੀਆਂ ਤੇ ਜ਼ਿਆਦਾ ਗਰਮ ਨਹੀਂ ਰਹਿ ਜਾਂਦੀਆਂ। ਪੁਰਾਣੇ ਸਮਿਆਂ ਵਿੱਚ ਲੋਕ ਇਸ ਪ੍ਰਕ੍ਰਿਆ ਨੂੰ ਸੂਰਜ ਦੀ ਤਪਸ਼ ਘੱਟ ਜਾਣ ਨਾਲ ਜੋੜਦੇ ਹਨ। ਸੂਰਜ ਦੇ ਚਾਨਣ ਨੂੰ ਮੁੜ ਸੁਰਜੀਤ ਕਰਨ ਲਈ ਲੋਹੜੀ ਦੀ ਅੱਗ ਬਾਲੀ ਜਾਂਦੀ ਸੀ। ਲੋਹੜੀ ਦੇ ਤਿਉਹਾਰ ਦਾ ਸਬੰਧ ਭਾਵੇਂ ਮੂਲ ਰੂਪ ਵਿੱਚ ਮੌਸਮ ਨਾਲ ਜੁੜਿਆ ਹੈ, ਪਰ ਇਸ ਤਿਉਹਾਰ ਨਾਲ ਕਈ ਦੰਦ ਕਥਾਵਾਂ ਵੀ ਜੁੜੀਆਂ ਹੋਈਆਂ ਹਨ। ਕੁੱਝ ਲੋਕ ਇਸ ਤਿਉਹਾਰ ਨੂੰ ਸੰਤ ਕਬੀਰ ਜੀ ਦੀ ਪਤਨੀ 'ਲੋਈ' ਦੇ ਨਾਂ ਨਾਲ ਵੀ ਜੋੜਦੇ ਹਨ ਕਿ 'ਲੋਈ' ਦੇ ਨਾਂ ਤੋਂ ਹੀ 'ਲੋਹੜੀ' ਦਾ ਨਾਂ ਪਿਆ ਹੈ। ਕੁੱਝ ਲੋਕ ਲੋਹੜੀ ਸ਼ਬਦ 'ਲੋਹ' ਸ਼ਬਦ ਤੋਂ ਪਿਆ ਦੱਸਦੇ ਹਨ। ਜਿਸ ਦਾ ਅਰਥ ਰੌਸ਼ਨੀ ਅਤੇ ਸੇਕ ਹੈ। ਕੁੱਝ ਲੋਕਾਂ ਦਾ ਮੰਨਣਾ ਹੈ ਕਿ ਤਿਲ ਅਤੇ ਰਿਉੜੀਆਂ ਦੇ ਸ਼ਬਦ ਦੇ ਸੁਮੇਲ ਤੋਂ ਬਣਿਆ ਹੈ, ਪਹਿਲਾਂ ਇਹ 'ਤਿਲੋਹੜੀ' ਸੀ, ਪਰ ਬਾਅਦ ਵਿੱਚ 'ਲੋਹੜੀ' ਮਸ਼ਹੂਰ ਹੋ ਗਿਆ। ਲੋਹੜੀ ਦਾ ਇਤਿਹਾਸ ਅਕਬਰ ਬਾਦਸ਼ਾਹ ਦੇ ਸਮੇਂ 'ਦੁੱਲਾ ਭੱਟੀ' ਨਾਂ ਦੇ ਡਾਕੂ ਨਾਲ ਵੀ ਜੋੜਿਆ ਜਾਂਦਾ ਹੈ, ਜੋ ਅਮੀਰ ਲੋਕਾਂ ਨੂੰ ਲੁੱਟ ਕੇ ਸਾਰਾ ਧੰਨ ਗਰੀਬਾਂ ਵਿੱਚ ਵੰਡ ਦੇਂਦਾ ਸੀ। ਔਰਤਾਂ ਨੂੰ ਆਪਣੀਆਂ ਧੀਆਂ ਭੈਣਾਂ ਸਮਝਦਾ ਸੀ। ਇਸ ਲਈ ਲੋਕਾਂ ਵਿੱਚ ਉਹ ਬਹੁਤ ਮਸ਼ਹੂਰ ਹੋ ਚੁੱਕਾ ਸੀ। ਇੱਕ ਵਾਰ ਉਸਨੇ ਅਗਵਾਕਾਰਾਂ ਦੇ ਚੁੰਗਲ ਵਿੱਚੋਂ ਇੱਕ ਲੜਕੀ ਨੂੰ ਛੁਡਾਇਆ ਤੇ ਆਪਣੀ ਧਰਮ ਦੀ ਧੀ ਬਣਾ ਲਿਆ। ਇੱਕ ਹੋਰ ਲਿੱਖਤ ਅਨੁਸਾਰ ਕਿਸੇ ਗਰੀਬ ਬ੍ਰਾਹਮਣ ਦੀਆਂ ਸੁੰਦਰੀ ਤੇ ਮੁੰਦਰੀ ਨਾਂਅ ਦੀਆਂ ਦੋ ਬਹੁਤ ਖੂਬਸੂਰਤ ਧੀਆਂ ਸਨ, ਜਿਨ੍ਹਾਂ ਦੀ ਮੰਗਣੀ ਹੋ ਚੁੱਕੀ ਸੀ। ਉਸ ਸਮੇਂ ਦੇ ਹਾਕਮ ਦੀ ਨਜ਼ਰੀਂ ਇਹ ਲੜਕੀਆਂ ਚੜ੍ਹ ਗਈਆਂ ਤੇ ਉਹ ਹਾਕਮ ਦੋਨਾਂ ਭੈਣਾਂ 'ਤੇ ਮੈਲੀ ਅੱਖ ਰੱਖਣ ਲੱਗ ਪਿਆ। ਉਸ ਬ੍ਰਾਹਮਣ ਨੇ ਉਨ੍ਹਾਂ ਲੜਕੀਆਂ ਦੇ ਸਹੁਰਿਆਂ ਅੱਗੇ ਬਹੁਤ ਤਰਲੇ ਕੀਤੇ ਕਿ ਉਹ ਲੜਕੀਆਂ ਵਿਆਹ ਕੇ ਲੈ ਜਾਣ, ਪਰ ਉਹ ਹਾਕਮਾਂ ਤੋਂ ਡਰਦੇ ਨਾਂਹ ਕਰ ਗਏ। ਉਸ ਬ੍ਰਾਹਮਣ ਨੇ ਕਿਸੇ ਤਰ੍ਹਾਂ ਦੁੱਲੇ ਭੱਟੀ ਨਾਲ ਸੰਪਰਕ ਕੀਤਾ ਤੇ ਮਦਦ ਦੀ ਗੁਹਾਰ ਲਾਈ। ਦੁੱਲੇ ਭੱਟੀ ਨੇ ਕੁੜੀਆਂ ਦੇ ਵਿਆਹ ਕਰਵਾਉਣ ਦਾ ਵਚਨ ਦਿੱਤਾ। ਲੜਕੀਆਂ ਦੇ ਸਹੁਰੇ ਹਾਕਮਾਂ ਤੋਂ ਡਰਦੇ ਮਾਰੇ ਰਾਤ ਨੂੰ ਵਿਆਹ ਕਰਨ ਲਈ ਕਹਿਣ ਲੱਗੇ। ਦੁੱਲੇ ਭੱਟੀ ਨੇ ਲਾਗਲੇ ਪਿੰਡਾਂ ਵਿੱਚੋਂ ਦਾਨ ਦੇ ਰੂਪ ਵਿੱਚ ਗੁੜ, ਸ਼ੱਕਰ, ਬਾਲਣ, ਦਾਣੇ ਇੱਕਠੇ ਕੀਤੇ ਤੇ ਨਾਲ ਹੀ ਜਿੰਨ੍ਹਾਂ ਦੇ ਨਵੇਂ ਵਿਆਹ ਹੋਏ ਸਨ ਜਾਂ ਜਿੰਨ੍ਹਾਂ ਦੇ ਮੁੰਡਾ ਜੰਮਿਆ ਸੀ, ਸਭ ਨੂੰ ਵਿਆਹ ਵਿੱਚ ਸ਼ਾਮਿਲ ਹੋਣ ਲਈ ਕਿਹਾ। ਸਭ ਲੋਕ ਸੁੰਦਰੀ ਤੇ ਮੁੰਦਰੀ ਦੇ ਵਿਆਹ 'ਤੇ ਇੱਕਠੇ ਹੋਏ। ਦੁੱਲੇ ਭੱਟੀ ਨੇ ਆਪਣੇ ਹੱਥੀਂ ਲੜਕੀਆਂ ਦੇ ਵਿਆਹ ਕੀਤੇ ਤੇ ਸੇਰ-ਸੇਰ ਸ਼ੱਕਰ ਪਾਈ। ਸੁੰਦਰ ਮੁੰਦਰੀ ਦੋਵੇਂ ਭੈਣਾਂ ਵਿਆਹੀਆਂ ਗਈਆਂ ਤੇ ਉਸ ਬ੍ਰਾਹਮਣ ਨੇ ਦੁੱਲੇ ਭੱਟੀ ਦਾ ਲੱਖ-ਲੱਖ ਧੰਨਵਾਦ ਕੀਤਾ। ਉਸ ਦਿਨ ਤੋਂ ਇਸੇ ਤਰ੍ਹਾਂ ਲੋਹੜੀ ਮਨਾਉਣ ਦਾ ਰਿਵਾਜ਼ ਪੈ ਗਿਆ। ਦੁੱਲਾ ਭੱਟੀ ਇੰਨਾ ਮਸ਼ਹੂਰ ਹੋ ਗਿਆ ਕਿ ਅੱਜ ਵੀ ਜਦ ਬੱਚੇ ਘਰਾਂ ਵਿੱਚੋਂ ਲੋਹੜੀ ਮੰਗਦੇ ਹਨ ਤਾਂ ਇਹ ਗੀਤ ਜ਼ਰੂਰ ਗਾਉਂਦੇ ਹਨ।

ਸੁੰਦਰ ਮੁੰਦਰੀਏ-ਹੋ !
ਤੇਰਾ ਕੌਣ ਵਿਚਾਰਾ-ਹੋ !
ਦੁੱਲਾ ਭੱਟੀ ਵਾਲਾ-ਹੋ !
ਦੁੱਲੇ ਨੇ ਧੀ ਵਿਆਈ-ਹੋ !
ਸੇਰ ਸ਼ੱਕਰ ਪਾਈ-ਹੋ !
ਕੁੜੀ ਦਾ ਲਾਲ ਪਤਾਕਾ-ਹੋ !
ਕੁੜੀ ਦਾ ਸਾਲੂ ਪਾਟਾ-ਹੋ !
ਸਾਲੂ ਕੌਣ ਸਮੇਟੇ-ਹੋ !
ਚਾਚਾ ਗਾਲੀ ਦੇਸੇ-ਹੋ !
ਚਾਚੇ ਚੂਰੀ ਕੁੱਟੀ-ਹੋ !
ਜ਼ਿੰਮੀਦਾਰਾਂ ਲੁੱਟੀ-ਹੋ !
ਜ਼ਿੰਮੀਦਾਰ ਸੁਧਾਏ-ਹੋ !
ਬਮ-ਬਮ ਭੋਲੇ ਆਏ-ਹੋ !
ਇੱਕ ਭੋਲਾ ਰਹਿ ਗਿਆ-ਹੋ !
ਸਿਪਾਹੀ ਫੜ ਕੇ ਲੈ ਗਿਆ-ਹੋ !
ਸਿਪਾਹੀ ਨੇ ਮਾਰੀ ਇੱਟ-ਹੋ !
ਭਾਵੇਂ ਰੋ ਭਾਵੇਂ ਪਿੱਟ-ਹੋ !
ਸਾਨੂੰ ਦੇ ਦੇ ਲੋਹੜੀ-ਹੋ !
ਤੇ ਤੇਰੀ ਜੀਵੇ ਜੋੜੀ-ਹੋ !

ਲੋਹੜੀ ਤੋਂ ਦਸ ਪੰਦਰਾਂ ਦਿਨ ਪਹਿਲਾਂ ਮੁੰਡੇ ਕੁੜੀਆਂ (ਅੱਜ ਕੱਲ ਤਾਂ ਬੱਚੇ) ਟੋਲੀਆਂ ਬਣਾ ਕੇ ਘਰਾਂ ਵਿੱਚ ਜਾ ਕੇ ਲੋਹੜੀ ਮੰਗਦੇ ਹਨ ਤੇ ਲੋਹੜੀ ਨਾਲ ਸਬੰਧਤ ਗੀਤ ਗਾਉਂਦੇ ਹਨ। ਘਰਾਂ ਮੂਹਰੇ ਜਾ ਕੇ ਆਖਦੇ ਹਨ ਕਿ:

ਦੇਹ ਮਾਈ ਪਾਥੀ, ਤੇਰਾ ਪੁੱਤ ਚੜ੍ਹੂਗਾ ਹਾਥੀ।
ਦੇਹ ਮਾਈ ਲੋਹੜੀ, ਤੇਰਾ ਪੁੱਤ ਚੜ੍ਹੂਗਾ ਘੋੜੀ।

ਜਦ ਕੋਈ ਘਰ ਵਾਲਾ ਲੋਹੜੀ ਦੇਣ ਵਿੱਚ ਦੇਰ ਕਰਦਾ ਹੈ ਤਾਂ ਕਾਹਲ ਨੂੰ ਦਰਸਾਉਂਦੀਆਂ ਹੋਈਆਂ ਇਹ ਸਤਰਾਂ ਗਾਈਆਂ ਜਾਂਦੀਆਂ ਹਨ।

ਸਾਡੇ ਪੈਰਾਂ ਹੇਠ ਰੋੜ, ਸਾਨੂੰ ਛੇਤੀ ਛੇਤੀ ਤੋਰ।
ਸਾਡੇ ਪੈਰਾਂ ਹੇਠ ਸਲਾਈਆਂ, ਅਸੀਂ ਕਿਹੜੇ ਵੇਲੇ ਦੀਆਂ ਆਈਆਂ।

ਜਦ ਕੋਈ ਘਰ ਵਾਲਾ ਫਿਰ ਵੀ ਲੋਹੜੀ ਨਾ ਦੇਵੇ ਤਾਂ ਇਹ ਟੋਲੀਆਂ ਇਹ ਗਾਉਂਦੀਆਂ ਹੋਈਆਂ ਅਗਲੇ ਘਰ ਲਈ ਰਵਾਨਾ ਹੋ ਜਾਂਦੀਆਂ ਹਨ।

ਹੁੱਕਾ ਬਈ ਹੁੱਕਾ, ਇਹ ਘਰ ਭੁੱਖਾ।

ਲੋਹੜੀ ਵਾਲੀ ਰਾਤ ਜਿਸ ਘਰ ਨਵਾਂ ਵਿਆਹ ਹੋਵੇ ਜਾਂ ਮੁੰਡੇ ਦਾ ਜਨਮ ਹੋਇਆ ਹੋਵੇ ਦੇ ਸੱਦੇ 'ਤੇ ਕਿਸੇ ਖੁੱਲੇ ਥਾਂ ਤੇ ਲੱਕੜਾਂ ਦਾ ਢੇਰ ਲਗਾ ਕੇ ਅੱਗ ਬਾਲੀ ਜਾਂਦੀ ਹੈ ਤੇ ਸਾਰੇ ਲੋਕ ਉਸ ਅੱਗ ਦੁਆਲੇ ਇੱਕਠੇ ਹੋ ਜਾਂਦੇ ਹਨ ਤੇ ਮੂੰਗਫਲੀ ਰਿਉੜੀਆਂ, ਗੱਚਕਾਂ ਤੇ ਹੋਰ ਕਈ ਪਕਵਾਨ ਖਾਂਦੇ ਹਨ ਤੇ ਅੱਗ ਵਿੱਚ ਤਿਲ ਸੁੱਟ ਕੇ ਬੋਲਦੇ ਹਨ ਕਿ

ਈਸ਼ਰ ਆ, ਦਲਿੱਦਰ ਜਾ
ਦਲਿੱਦਰ ਦੀ ਜੜ੍ਹ ਚੁੱਲੇ ਪਾ

ਅੱਗ ਵਿੱਚ ਤਿਲ ਸੁੱਟਦੇ ਸਮੇਂ ਇਹ ਧਾਰਣਾ ਹੁੰਦੀ ਹੈ ਕਿ ਜਿੰਨੇ ਤਿਲ ਜਠਾਣੀ ਅੱਗ ਵਿੱਚ ਸੁੱਟੇਗੀ, ਉਨ੍ਹੇ ਹੀ ਦਰਾਣੀ ਮੁੰਡੇ ਜੰਮੇਗੀ। ਲੋਹੜੀ ਵਾਲੇ ਦਿਨ ਸਰੋਂ ਦਾ ਸਾਗ, ਮੱਕੀ ਦੀ ਰੋਟੀ, ਮੂਲੀ, ਗੰਨੇ, ਮੂੰਗਫਲੀ, ਰਿਉੜੀਆਂ, ਗੱਚਕ, ਭੁੱਗਾ, ਖਿੱਲਾਂ, ਖਜੂਰਾਂ, ਗੰਨੇ ਦੇ ਰਸ (ਰਹੂ ਦੀ ਖੀਰ) ਤੇ ਖਿੱਚੜੀ ਬਣਾਈ ਜਾਂਦੀ ਹੈ। ਅਗਲੇ ਦਿਨ ਮਾਘੀ 'ਤੇ ਖਾਧੀ ਜਾਂਦੀ ਹੈ। ਇਸੇ ਲਈ ਆਖਦੇ ਹਨ ਕਿ 'ਪੋਹ ਰਿੰਨੀ ਮਾਘ ਖਾਧੀ'। ਪਰ ਕਈ ਲੋਕ ਇਸ ਦਿਨ ਸ਼ਰਾਬ ਪੀਂਦੇ ਤੇ ਮਾਸ ਦਾ ਸੇਵਨ ਕਰਦੇ ਹਨ ਤੇ ਪੁਰਾਣੀਆਂ ਦੁਸ਼ਮਣੀਆਂ ਕੱਢਦੇ ਹੋਏ, ਲੜਾਈ ਝਗੜੇ ਵੀ ਕਰਦੇ ਹਨ, ਜੋ ਕਿ ਬੇਹੱਦ ਮਾੜੀ ਗੱਲ ਹੈ। ਸਾਨੂੰ ਇਸ ਤਿਉਹਾਰ ਨੂੰ ਬੜੀ ਹੀ ਸਿਆਣਪ, ਸੂਝ-ਬੂਝ ਤੇ ਖੁਸ਼ੀਆਂ ਨਾਲ ਮਨਾਉਣਾ ਚਾਹੀਦਾ ਹੈ। ਪਰ ਅੱਜ ਕੱਲ ਇਹ ਲੋਹੜੀ ਦਾ ਤਿਉਹਾਰ ਸਿਰਫ ਸਕੂਲਾਂ ਕਾਲਜਾਂ ਦੀਆਂ ਸਟੇਜਾਂ ਤੱਕ ਹੀ ਸੀਮਤ ਰਹਿ ਗਿਆ ਹੈ। ਕਈ ਵਿਦਵਾਨ ਲੋਕਾਂ ਦੀ ਸਮਝ ਸਦਕਾ ਇਹ ਤਿਉਹਾਰ ਹੁਣ ਧੀਆਂ ਦੀ ਲੋਹੜੀ ਕਰਕੇ ਵੀ ਮਨਾਇਆ ਜਾਣ ਲੱਗਾ ਹੈ। ਧੀਆਂ ਮੁੰਡਿਆਂ ਨਾਲੋਂ ਕਿਸੇ ਪੱਖ ਤੋਂ ਘੱਟ ਨਹੀਂ ਹਨ। ਅੱਜ ਕੱਲ ਮਰਦ ਪ੍ਰਧਾਨ ਸਮਾਜ ਵਿੱਚ ਧੀਆਂ ਬਰਾਬਰਤਾ ਪਾ ਰਹੀਆਂ ਹਨ। ਧੀਆਂ ਹਰ ਖੇਤਰ ਵਿੱਚ ਮੱਲਾਂ ਮਾਰ ਰਹੀਆਂ ਹਨ ਤੇ ਤਰੱਕੀ ਦੀਆਂ ਮੰਜ਼ਿਲਾਂ ਨੂੰ ਛੂਹ ਰਹੀਆਂ ਹਨ, ਚਾਹੇ ਉਹ ਖੇਡਾਂ ਦਾ ਖੇਤਰ ਚਾਹੇ ਪੜ੍ਹਾਈ ਦਾ ਖੇਤਰ, ਚਾਹੇ ਸੰਗੀਤ ਦਾ ਖੇਤਰ ਤੇ ਚਾਹੇ ਕੋਈ ਹੋਰ ਖੇਤਰ ਹੋਵੇ, ਹਰ ਖੇਤਰ ਵਿੱਚ ਧੀਆਂ ਨੇ ਮੱਲਾਂ ਮਾਰੀਆਂ ਹਨ। ਮੁੰਡਿਆਂ ਤੋਂ ਵੱਧ ਕੇ ਰੁਤਬੇ ਹਾਸਲ ਕੀਤੇ ਹਨ। ਕੰਪਿਊਟਰੀਕਰਨ ਦੇ ਇਸ ਯੁੱਗ ਵਿੱਚ ਸਾਨੂੰ ਆਪਣੀ ਰੂੜੀਵਾਦੀ ਸੋਚ ਨੂੰ ਛੱਡਣਾ ਪਵੇਗਾ। ਅੱਜ ਦੇ ਜ਼ਮਾਨੇ ਵਿੱਚ ਧੀ ਪੁੱਤ ਵਿੱਚ ਕੋਈ ਫਰਕ ਨਹੀਂ ਰੱਖਣਾ ਚਾਹੀਦਾ। ਇੱਕ ਪੁੱਤ ਦੇ ਪੜ੍ਹਨ ਨਾਲ ਸਿਰਫ ਇੱਕ ਪੁੱਤ ਹੀ ਪੜ੍ਹਦਾ ਹੈ ਤੇ ਜਦ ਇੱਕ ਧੀ ਪੜ੍ਹਦੀ ਹੈ ਤਾਂ ਪੂਰਾ ਪਰਿਵਾਰ ਪੜ੍ਹ ਜਾਂਦਾ ਹੈ। ਭਰੂਣ ਹੱਤਿਆ ਵਰਗੇ ਬੱਜਰ ਗੁਨਾਹਾਂ ਤੋਂ ਤੌਬਾ ਕਰਨੀ ਹੋਵੇਗੀ। ਧੀ ਪੁੱਤਰ ਦੇ ਲਿੰਗ ਅਨੁਪਾਤ ਦਾ ਜੋ ਫਰਕ ਵਧਦਾ ਜਾ ਰਿਹਾ ਹੈ, ਇਸ ਨੂੰ ਰੋਕਣਾ ਅਤਿਅੰਤ ਜ਼ਰੂਰੀ ਹੈ ਤਾਂ ਹੀ ਲੋਹੜੀ ਵਰਗੇ ਤਿਉਹਾਰ ਮਨਾਉਣੇ ਸਭ ਲਈ ਸਾਰਥਕ ਹੋਣਗੇ ਤੇ ਆਉ ਸਾਰੇ ਰਲ ਕੇ ਇਹ ਪ੍ਰਣ ਕਰੀਏ ਕਿ ਅਸੀ ਅੱਜ ਤੋਂ ਧੀ ਅਤੇ ਪੁੱਤਰ ਵਿੱਚ ਕੋਈ ਫਰਕ ਨਾ ਕਰਕੇ ਇੱਕ ਵੱਖਰੀ ਮਿਸਾਲ ਕਾਇਮ ਕਰਾਂਗੇ ਤਾਂ ਹੀ ਲੋਹੜੀ ਮੁਬਾਰਕ ਹੋਵੇਗੀ ਜੇ ਪੁੱਤਰ ਦੇ ਬਰਾਬਰ ਧੀ ਦੀ ਵੀ ਲੋਹੜੀ ਮਨਾਵਾਂਗੇ। ਲੋਹੜੀ ਵਾਲੇ ਦਿਨ ਲੋਕੀਂ ਘਰਾਂ ਦੀਆਂ ਛੱਤਾਂ ਉੱਪਰ ਚੜ ਕੇ ਰੰਗ ਬਿਰੰਗੀਆਂ ਪਤੰਗਾਂ ਉਡਾਉਂਦੇ ਹਨ। ਕੋਠਿਆਂ ਉੱਪਰ ਸਪੀਕਰ ਲਾ ਕੇ ਕਿਸੇ ਦੂਜੇ ਦੀ ਪਤੰਗ ਬੋਅ ਹੋਣ 'ਤੇ ਉੱਚੀ-ਉੱਚੀ ਰੌਲਾ ਪਾਉਂਦੇ ਹਨ ਤੇ ਖੁਸ਼ੀਆਂ ਮਨਾਉਂਦੇ ਹਨ।




# ਤਪੋ ਰਾਜ ਰਾਜੋ ਨਰਕ



ਜਗਜੀਤ ਸਿੰਘ ਦਸੂਹਾ
718-207-6496

ਭਾਵੇਂ ਭਾਰਤ ਨੂੰ ਸੰਸਾਰ ਦਾ ਇੱਕ ਵੱਡਾ ਲੋਕਤੰਤਰ ਦੇਸ਼ ਆਖਿਆ ਜਾਂਦਾ ਹੈ, ਕਿਉਂਕਿ ਇਸ ਦੇ ਸੰਵਿਧਾਨ ਰਚਨਹਾਰ ਨੇ ਸੰਵਿਧਾਨ ਅੰਦਰ ਲੋਕਤੰਤਰ ਨੂੰ ਬੜੀ ਹਮਾਇਤ ਨਾਲ ਦਰਜ ਕੀਤਾ ਹੈ, ਕਿਉਂਕਿ ਭਾਰਤ ਦੇ ਲੋਕਾਂ ਨੇ ਇੱਕ ਲੰਬਾਂ ਸਮਾਂ ਤਾਨਾਸ਼ਾਹੀ ਦਾ ਸੰਤਾਪ ਹੰਢਾਇਆ। ਪਰ ਅਮਲੀ ਰੂਪ ਵਿਚ ਇਹ ਹੋ ਨਹੀਂ ਪਾਇਆ ਕਿਉਂਕਿ ਇਸਦੇ ਕਈ ਕਾਰਨ ਹਨ ਜਾਂ ਇਸ ਦੇਸ਼ ਅੰਦਰ ਲੋਕਤੰਤਰ ਅਨੁਕੂਲ ਨਹੀਂ ਹੈ। ਭਾਰਤ ਦੇਸ਼ ਨੂੰ ਬਹੁ ਧਰਮੀ, ਬਹੁ ਭਾਸ਼ਾਈ, ਬਹੁ ਜਾਤੀ, ਬਹੁ ਸਭਿਆਚਾਰਕ ਨਾਲ ਜੋੜਿਆ ਜਾਂਦਾ ਹੈ। ਇਸ ਦੇਸ਼ ਅੰਦਰ ਘੱਟ ਪੜੇ ਲਿਖੇ ਲੋਕਾਂ ਦੀ ਗਿਣਤੀ ਜ਼ਿਆਦਾ ਹੋਣ ਕਾਰਨ ਵੀ ਲੋਕਤੰਤਰ ਆਪਣੀ ਪੂਰੀ ਜਗ੍ਹਾਂ ਬਣਾ ਨਹੀਂ ਪਾਇਆ। ਅੱਜ ਦੇ ਸੰਦਰਭ ਵਿਚ ਭ੍ਰਿਸ਼ਟ ਲੋਕਾਂ ਅੰਦਰ ਦੇਸ਼ ਭਗਤੀ ਦਾ ਜਜਬਾ ਨਾ ਹੋਣਾ ਵੀ ਇੱਕ ਕਾਰਨ ਹੈ। ਗਿਆਨ ਵਿਹੂਣੇ ਲੋਕਾਂ ਦਾ ਦੇਸ਼ ਦੀ ਭਲਾਈ ਜਾਂ ਤਰੱਕੀ ਨਾਲੋਂ ਆਪਣੇ ਸਵਾਰਥਾਂ ਨੂੰ ਜ਼ਿਆਦਾ ਤਰਜੀਹ ਦੇਣਾ ਹੈ। ਦੇਸ਼ ਦੀ ਤਰੱਕੀ ਉਨ੍ਹਾਂ ਲਈ ਕੋਈ ਜ਼ਿਆਦਾ ਮਹੱਤਤਾ ਨਹੀਂ ਰੱਖਦੇ।

ਕਹਿਣ ਨੂੰ ਇਹ ਆਮ ਕਿਹਾ ਜਾਂਦਾ ਹੈ "ਸਾਰੇ ਜਹਾਂ ਸੇ ਅੱਛਾ ਹਿੰਦੁਸਤਾ ਹਮਾਰਾ" ਇਹ ਜਜਬਾ ਇੱਕ ਦਿਖਾਵੇਂ ਦੀ ਦੇਸ਼ ਭਗਤੀ ਜ਼ਰੂਰ ਹੋ ਸਕਦਾ ਹੈ ਪਰ ਤਰਕਪੂਰਨ ਨਹੀਂ। ਜੇਕਰ ਦੇਸ਼ ਅੰਦਰ ਸਭ ਕੁਝ ਠੀਕ ਹੁੰਦਾ ਹੈ ਤਾਂ ਅੱਜ ਲੱਖਾਂ ਦੀ ਗਿਣਤੀ ਵਿਚ ਲੋਕ ਆਪਣਾ ਘਰ ਬਾਰ ਪਰਿਵਾਰ, ਰਿਸ਼ਤੇਦਾਰੀਆਂ, ਭਾਈਚਾਰਾ, ਆਪਣੀ ਮਿੱਟੀ ਦਾ ਮੋਹ ਤਿਆਗ ਕੇ ਬਾਹਰਲੇ ਦੇਸ਼ਾਂ ਅੰਦਰ ਰਹਿਣ ਵਸੇਰਾ ਨਾ ਬਣਾਉਂਦੇ। ਨੌਜਵਾਨ ਵੱਧ ਤੋਂ ਵੱਧ ਡਿਗਰੀਆਂ ਲੈ ਕੇ ਖੱਜਰ ਖੁਆਰ ਹੋ ਕੇ ਬਾਹਰਲੇ ਦੇਸ਼ਾਂ ਅੰਦਰ ਸਨਿਆਸੀ ਦੀ ਤਰ੍ਹਾਂ ਜ਼ਿੰਦਗੀ ਬਤੀਤ ਕਰ ਰਹੇ ਹਨ। ਬਿਨਾਂ ਡਾਕਟਰੀ ਸਹੂਲਤਾਂ ਦੇ ਗਰੀਬ ਅਤੇ ਮੱਧ ਵਰਗ ਦੇ ਲੋਕ ਹਰ ਰੋਜ਼ ਹਜ਼ਾਰਾਂ ਦੀ ਗਿਣਤੀ ਵਿਚ ਮਰ ਰਹੇ ਹਨ। ਬਜ਼ੁਰਗਾਂ ਦੀ ਸਾਰ ਲੈਣ ਵਾਲਾ ਕੋਈ ਨਹੀਂ। ਮਹਿੰਗਾਈ ਦਾ ਗ੍ਰਾਫ ਹਰ ਰੋਜ਼ ਉਪਰ ਚੜ੍ਹੀ ਜਾ ਰਿਹਾ ਹੈ। ਦੇਸ਼ ਦੇ ਲੀਡਰ ਚੰਦਰਮਾਂ ਤੇ ਪਹੁੰਚਣ ਦੀਆਂ ਰੋਜ਼ ਗੱਲਾਂ ਕਰਦੇ ਹਨ। ਬਾਹਰੋਂ ਕੋਈ ਦੇਸ਼ ਦਾ ਲੀਡਰ ਆਉਂਦਾ ਹੈ ਤਾਂ ਉਸਦੀ ਸ਼ਾਨੋ ਸ਼ੋਹਰਤ ਲਈ ਦੇਸ਼ ਦੇ ਗਰੀਬਾਂ ਨਾਲ ਮਜ਼ਾਕ ਕਰਕੇ, ਉਨ੍ਹਾਂ ਦੀ ਗਰੀਬੀ ਨੂੰ ਲੁਕਾ ਕੇ ਪੇਸ਼ ਕੀਤਾ ਜਾਂਦਾ ਹੈ ਜੋ ਕਿ ਗਰੀਬੀ ਨੂੰ ਢੱਕਣ ਲਈ ਕਰੋੜਾਂ ਰੁਪਏ ਖਰਚ ਕੀਤੇ ਜਾਂਦੇ ਹਨ, ਨਾ ਕਿ ਇਨ੍ਹਾਂ ਗਰੀਬਾਂ ਨੂੰ ਗਰੀਬੀ ਘੱਟ ਕੀਤੀ ਜਾ ਸਕਦੇ। ਲੋਕਾਂ ਨੂੰ ਮਨ ਦੀ ਗੱਲਾਂ ਨਾਲ ਉਲਝਾਈ ਰੱਖ ਕੇ ਸਮਾਂ ਕੱਢੀ ਜਾ ਰਹੇ ਹਨ। ਦੇਸ਼ ਦਾ ਇਮਾਨਦਾਰ ਸ਼ਾਸਕ ਹਮੇਸ਼ਾਂ ਆਪਣੇ ਮਨ ਦੀ ਬਿਜਾਏ ਪਰਜਾ ਦੇ ਮਨ ਦੀ ਗੱਲ ਸੁਣਦਾ ਹੈ। ਪਰ ਇਥੇ ਉਲਟ ਹੋ ਰਿਹਾ ਹੈ। ਜਦ ਤੱਕ ਤੁਸੀਂ ਲੋਕਾਂ ਦੀ ਗੱਲ ਨਹੀਂ ਸੁਣਦੇ ਉਦੋਂ ਤੱਕ ਕੋਈ ਵੀ ਦੇਸ਼ ਤਰੱਕੀ ਨਹੀਂ ਕਰ ਸਕਦਾ।

ਮੌਜੂਦਾ ਕੇਂਦਰ ਸਰਕਾਰ ਦੀ ਗੱਲ ਆਖੀਏ ਤਾਂ ਪਤਾ ਲੱਗਦਾ ਹੈ ਕਿ ਜੋ ਕੁਝ ਦੇਸ਼ ਅੰਦਰ ਹੋ ਰਿਹਾ ਹੈ। ਉਹ ਸਭ ਕੁਝ ਠੀਕ ਨਹੀਂ ਹੋ ਰਿਹਾ ਹੈ। ਕਹਿਣ ਨੂੰ ਭਾਵੇਂ ਲੋਕਤੰਤਰ ਕਹੀ ਜਾਣ ਪਰ ਅਸਲੀਅਤ ਕੁਝ ਹੋਰ ਹੀ ਹੈ। ਇਹ ਰਾਜਨੀਤਿਕ ਪਾਰਟੀ ਥੋੜ੍ਹੇ ਸਮੇਂ ਅੰਦਰ ਬਹੁਤ ਸ਼ਕਤੀਸ਼ਾਲੀ ਪਾਰਟੀ ਬਣ ਗਈ ਹੈ। ਇਹ ਬਿਲਕੁਲ ਉਸੇ ਤਰ੍ਹਾਂ ਹੈ ਜਿਸ ਤਰ੍ਹਾਂ ਕਦੇ ਕਾਂਗਰਸ ਪਾਰਟੀ ਹੋਇਆ ਕਰਦੀ ਸੀ, ਪਰ ਸਮਾਂ ਕਦੇ ਇੱਕੋ ਜਿਹਾ ਨਹੀਂ ਰਹਿੰਦਾ। ਸਮਾਂ ਹਾਕਮਾਂ ਪਾਸੋਂ ਅਨੇਕਾਂ ਪ੍ਰਕਾਰ ਦੀਆਂ ਗਲਤੀਆਂ ਕਰਵਾ ਕੇ ਉਨ੍ਹਾਂ ਨੂੰ ਬਦਲਣ ਦੀ ਤਾਕਤ ਰੱਖਦਾ ਹੈ। ਜਾਂ ਇੰਝ ਕਹਿ ਲਈਏ 'ਅੱਤ ਖ਼ੁਦਾ ਦਾ ਵੈਰ'

ਮੌਜੂਦਾ ਕੇਂਦਰ ਸਰਕਾਰ ਦੇ ਸਮੇਂ ਅੰਦਰ ਕੁਝ ਅਜਿਹੀਆਂ ਘਟਨਾਵਾਂ ਇੱਕ ਤੋਂ ਬਾਅਦ ਇੱਕ ਵਾਪਰ ਰਹੀਆਂ ਹਨ, ਜਿਨ੍ਹਾਂ ਤੋਂ ਆਮ ਲੋਕਾਂ ਅਤੇ ਘੱਟ ਗਿਣਤੀ ਦੇ ਲੋਕ ਸੁਰੱਖਿਅਤ ਮਹਿਸੂਸ ਨਹੀਂ ਕਰ ਰਹੇ। ਇਸ ਸਰਕਾਰ ਨੇ ਆਂਉਂਦਿਆਂ ਸਾਰ ਆਪਣੀ ਮਨੋਦਸ਼ਾ ਦੱਸਣੀ ਸ਼ੁਰੂ ਕਰ ਦਿੱਤੀ। ਘੱਟ ਗਿਣਤੀਆਂ ਉਪਰ ਅਤਿਆਚਾਰ ਕਰਨਾ ਸ਼ੁਰੂ ਕਰ ਦਿੱਤਾ। ਭਗਵਾਂ ਦਾ ਨਾ ਦੇ ਕੇ ਇਸਲਾਮਿਕ ਲੋਕਾਂ ਉਪਰ ਕਦੇ ਖਾਣ ਪੀਣ ਦੀ ਰੋਕ ਲਗਾ ਕੇ, ਕਦੇ ਉਨ੍ਹਾਂ ਦੀ ਸੰਸਿਤੀ ਨੂੰ ਤਲਾਕ ਦਾ ਨਾਂ ਦੇ ਕੇ, ਕਦੇ ਬਾਬਰੀ ਮਸਜਿਦ ਦਾ ਨਾਂ ਦੇ ਕੇ। ਕਦੇ ਲਵ ਜਹਾਦ ਦਾ ਨਾਂ ਦੇ ਕੇ, ਕਦੇ ਅਨੁਸੂਚਿਤ ਜਾਤੀਆਂ ਦੇ ਸੰਵਿਧਾਨਕ ਹੱਕ ਨੂੰ ਤਰਸੀਮ ਕਰਕੇ ਭਾਵ ਭਗਵਾਂ ਨੂੰ ਦੇਸ਼ ਅੰਦਰ ਨੰਬਰ ਵੰਨ ਅਤੇ ਦੂਜਿਆਂ ਨੰਬਰ ਦੋ ਜਾਂ ਹੋਰ ਦਾ ਨਾਂ ਦੇ ਕੇ ਸ਼ਹਿਰੀ ਬਣਾਉਣਾ ਕਈ ਵਾਰ ਮਨ ਵਿਚੋਂ ਇਹ ਖਿਆਲ ਆਉਂਦਾ ਹੈ ਕਿ ਇਹ ਸਭ ਕੁਝ ਹਾਕਮਾਂ ਦੁਆਰਾ ਇਤਿਹਾਸ ਨੂੰ ਦੁਹਰਾਇਆ ਤਾਂ ਨਹੀਂ ਜਾ ਰਿਹਾ। ਕਦੇ ਜਿਵੇਂ ਮੁਗਲਾਂ ਸ਼ਾਸਕਾਂ ਦੁਆਰਾ ਕੱਟੜਤਾ ਨੂੰ ਪਰਜਾ ਉਪਰ ਥੋਪ ਕੇ ਅਤਿਆਚਾਰਕ ਹੋਣ ਲੱਗ ਪਏ। ਜੇਕਰ ਇਤਿਹਾਸ ਨੇ ਉਨ੍ਹਾਂ ਹਾਕਮਾਂ ਨੂੰ ਕੱਟੜਤਾ ਦਾ ਹਾਮੀ ਕਿਹਾ ਹੈ ਤਾਂ ਅੱਜ ਦਾ ਭਗਵਾਕਰਨ ਸੋਚ ਵੀ ਕੱਟੜਤਾ ਤੇ ਅਤਿਆਚਾਰਕ ਦਾ ਪ੍ਰਤੀਕ ਨਹੀਂ ਹੋ ਸਕਦੀ। ਅੱਜ ਦੇ ਇਹ ਹਾਕਮ ਸਗੋਂ ਉਨ੍ਹਾਂ ਹਾਕਮਾਂ ਨਾਲੋਂ ਜ਼ਿਆਦਾ ਨਿਰਦਈ ਹੋ ਸਕਦੇ ਹਨ। ਕਿਉਂਕਿ ਉਨ੍ਹਾਂ ਦਾ ਜੀਵਨ ਫਿਰ ਵੀ ਗ੍ਰਹਿਸਥੀ ਸੀ। ਅਰਥਾਤ ਉਨ੍ਹਾਂ ਦਾ ਮੋਹ ਪਰਿਵਾਰ ਨਾਲ ਜਾਂ ਰਿਸ਼ਤੇਦਾਰੀਆਂ ਨਾਲ ਜਾਂ ਭਾਈਚਾਰੇ ਨਾਲ ਸੀ, ਫਿਰ ਵੀ ਉਹ ਰਾਜ ਪ੍ਰਾਪਤੀ ਲਈ ਅਤਿਆਚਾਰੀ ਬਣੇ। ਇਹ ਅੱਜ ਦੇ ਸ਼ਾਸਕ ਨਿਰੋਲ ਸੰਨਿਆਸੀ ਰਹੇ ਹਨ। ਇਨ੍ਹਾਂ ਨੇ ਘਰ ਬਾਰ ਬਚਪਨ ਤੋਂ ਛੱਡਿਆ ਹੋਇਆ ਸੀ। ਮਨੁੱਖਤਾ ਨਾਲ ਇਨ੍ਹਾਂ ਦਾ ਕੋਈ ਮੋਹ ਨਹੀਂ ਰਿਹਾ, ਕਿਉਂਕਿ ਜਿਸ ਦਾ ਆਪਣੇ ਪਰਿਵਾਰ ਨਾਲ ਮੋਹ ਨਹੀਂ ਹੋ ਸਕਦਾ, ਉਹ ਦੂਜਿਆਂ ਨਾਲ ਕਿਵੇਂ ਕਰ ਸਕਦਾ ਹੈ। ਇਨ੍ਹਾਂ ਦਾ ਇੱਕੋ ਇੱਕ ਮੋਹ ਰਾਜ ਭਾਗ ਕਾਇਮ ਰੱਖਣਾ ਹੈ। ਸੋ ਅੱਜ ਇਹ ਸਭ ਕੁਝ ਕਰ ਰਿਹਾ ਹੈ।

ਮੌਜੂਦਾ ਸੰਘਰਸ਼ ਜੋ ਕਿਸਾਨਾਂ ਦਾ ਚੱਲ ਰਿਹਾ ਹੈ, ਅੱਜ ਇਹ ਲੇਖ ਲਿਖਣ ਸਮੇਂ ਤੱਕ ਕੋਈ ਚਾਲੀ ਦਿਨਾਂ ਤੋਂ ਉਪਰ ਹੋ ਗਿਆ ਹੈ। ਸੱਤਰ ਤੋਂ ਜ਼ਿਆਦਾ ਜਾਨਾਂ ਅੰਦੋਲਨਕਾਰੀਆਂ ਦੀਆਂ ਜਾ ਚੁੱਕੀਆਂ ਹਨ। ਜਿਨ੍ਹਾਂ ਵਿਚੋਂ ਨੌਜਵਾਨ ਅਧਖੜ ਉਮਰ ਤੇ ਬਜ਼ੁਰਗ ਲੋਕ ਸ਼ਾਮਲ ਹਨ, ਪਰ ਪੱਧਰ ਦਿਲ ਸਰਕਾਰ ਨੂੰ ਕੋਈ ਹਮਰਦਰਦੀ ਨਹੀਂ ਸਗੋਂ ਹੁਣ ਤੱਕ ਕੋਈ ਅੱਠ ਮੀਟਿੰਗਾਂ ਦਾ ਡਰਾਮਾ ਕਰਕੇ ਮਜ਼ਾਕ ਕੀਤਾ ਜਾ ਰਿਹਾ ਹੈ ।ਜੇਕਰ ਹਾਕਮ ਸ਼੍ਰੇਣੀ ਦੀ ਨੀਯਤ ਸਾਫ ਹੁੰਦੀ ਤਾਂ ਬਿਨਾਂ ਮੀਟਿੰਗਾਂ ਤੋਂ ਕਿਸਾਨਾਂ ਦੀ ਗੱਲ ਮੰਨ ਲਈ ਜਾਂਦੀ ਪਰ ਇਸ ਪਿਛੇ ਉਨ੍ਹਾਂ ਦਾ ਆਪਣਾ ਸਵਾਰਥ ਕੁਝ ਜ਼ਿਆਦਾ ਦਿਸ ਰਿਹਾ ਹੈ। ਅੱਤ ਦੀ ਠੰਡ ਹੋਣ ਕਰਕੇ ਅੰਦੋਲਨਕਾਰੀ ਖੁੱਲ੍ਹੀ ਛੱਤ ਵਿਚ ਬੈਠੇ ਹਨ ਤੇ ਠੰਡ ਨਾ ਸਹਾਰਦੇ ਹੋਏ ਮੌਤ ਦਾ ਜਾਮ ਪੀ ਰਹੇ ਹਨ। ਪਰ ਸਰਕਾਰ ਵਧੀਆ ਵਧੀਆ ਪਕਵਾਨ ਰੋਜ਼ ਲੋਕਾਂ ਦੇ ਪੈਸਿਆਂ ਨਾਲ ਛੱਕ ਰਹੀ ਹੈ, ਅਤਿ ਸੁਵਿਧਾ ਪੂਰਨ ਦਫ਼ਤਰਾਂ ਜਾਂ ਘਰਾਂ ਅੰਦਰ ਨਿੱਘ ਮਾਣ ਰਹੇ ਹਨ ਅਤੇ ਉਨ੍ਹਾਂ ਦੇ ਦਲਾਲ ਦੀ ਚੰਦ ਅਹੁਦਿਆਂ ਖਾਤਰ ਗੱਦਾਰੀ ਕਰ ਰਹੇ ਹਟਨ। ਸਰਕਾਰੀ ਚਾਪਲੂਸ ਹਰ ਰੋਜ਼ ਅਜਿਹੇ ਬਿਆਨ ਦੇ ਰਹੇ ਹਨ ਜੋ ਜ਼ਖਮਾਂ ਉਪਰ ਲੂਣ ਛਿੜਕਣ ਤੋਂ ਬਗੈਰ ਹੋਰ ਕੁਝ ਨਹੀਂ।

ਸਰਕਾਰ ਦੀ ਅਜਿਹੀ ਸੋਚ ਨੇ ਸਾਬਤ ਕਰ ਦਿੱਤਾ ਹੈ ਕਿ ਇਹ ਹਾਕਮ ਸ਼੍ਰੇਣੀ ਨਾ ਹੀ ਲੋਕਤੰਤਰ ਤਰੀਕੇ ਨਾਲ ਬਣੀ ਹੈ ਨਾ ਹੀ ਲੋਕਤੰਤਰ ਹੈ। ਇਹ ਹਾਕਮ ਲੋਕਾਂ ਨੂੰ ਧਰਮ, ਜਾਤ, ਭਾਸ਼ਾਵਾਂ ਦੇ ਆਧਾਰ 'ਤੇ ਵੰਡ ਕੇ ਰਾਜ ਸੱਤਾ ਹਾਸਲ ਕਰਦੀ ਹੈ।

ਇਹੋ ਜਿਹੀ ਸੋਚ ਦੀ ਧਾਰਨੀ ਸਰਕਾਰ ਕਦੇ ਲੋਕ ਹਿਤੈਸ਼ੀ ਨਹੀਂ ਹੋ ਸਕਦੀ, ਸਗੋਂ ਲੋਕ ਵਿਰੋਧੀ ਹੋਇਆ ਕਰਦੀ ਹੈ। ਨਾ ਹੀ ਇਨ੍ਹਾਂ ਅੰਦਰ ਦੇਸ਼ ਭਗਤੀ ਦੀ ਕੋਈ ਗੱਲ ਹੈ। ਇਹ ਸਰਕਾਰ ਆਪਣੇ ਕੁਝ ਉਨ੍ਹਾਂ ਚਹੇਤਿਆਂ ਨੂੰ ਖੁਸ਼ ਕਰਨ 'ਤੇ ਲੱਗੀ ਹੈ। ਜਿਨ੍ਹਾਂ ਦੇ ਫੰਡ ਨਾਲ ਪਾਰਟੀ ਮਜ਼ਬੂਤ ਹੋਈ ਤੇ ਲੋਕਾਂ ਨੂੰ ਗੁੰਮਰਾਹ ਕਰਨ ਉਪਰੰਤ ਧੰਨ ਖਰਚ ਕੀਤਾ ਅਤੇ ਜਿਨ੍ਹਾਂ ਨੇ ਸਰਕਾਰ ਬਣਾਉਣ ਵਿਚੋਂ ਇਨ੍ਹਾਂ ਦੀ ਮਦਦ ਕੀਤੀ, ਕਿਉਂਕਿ ਇਨ੍ਹਾਂ ਨੂੰ ਫਿਰ ਅਗਲੀ ਇਲੈਕੇਸ਼ਨ ਵਿਚੋਂ ਜ਼ਰੂਰਤ ਹੈ। ਇਸ ਲਈ ਇਹ ਸਰਕਾਰ ਉਨ੍ਹਾਂ ਨੂੰ ਨਰਾਜ਼ ਨਹੀਂ ਕਰਨਾ ਚਾਹੁੰਦੀ। ਸਰਕਾਰ ਦੇ ਚਾਪਲੂਸ ਦਾ ਬਿਆਨ ਸੀ ਕਿ ਕਿਸਾਨਾਂ ਦੀ ਵੋਟਾਂ ਨਾਲ ਕੋਈ ਸਰਕਾਰ ਨੂੰ ਜ਼ਿਆਦਾ ਫਰਕ ਨਹੀਂ ਪੈਂਦਾ। ਇਸ ਲਈ ਸਰਕਾਰ ਆਪਣਾ ਅੜੀਅਲ ਰਵੱਈਆ ਆਪਣਾ ਰਹੀ ਹੈ। ਇਸ ਅੰਦੋਲਨ ਸਮੇਂ ਜਿਨੇ ਵੀ ਸਰਕਾਰ ਦੀ ਹਮਾਇਤ ਵਿਚ ਬੋਲ ਰਹੇ ਹਨ ਇਹ ਲੋਕ ਸਮੇਂ ਦਾ ਫਾਇਦਾ ਉਠਾਉਣ ਵਿਚ ਲੱਗੇ ਹੋਏ ਹਨ ਕਿ ਜਿੰਨੀ ਵੀ ਸਰਕਾਰ ਦੀ ਹਮਾਇਤ ਵਿਚੋਂ ਵਿੰਗਾ ਟੇਡਾ ਬੋਲਿਆ ਜਾਵੇ ਸਰਕਾਰ ਦੀ ਨਜ਼ਰ ਵਿਚ ਫਾਇਦੇਮੰਦ ਹੋਵੇਗਾ ਜਿਨ੍ਹਾਂ ਸਦਕਾ ਉਨ੍ਹਾਂ ਨੂੰ ਕਈ ਅਹੁਦਿਆਂ ਨਾਲ ਨਿਵਾਜਿਆ ਜਾਵੇਗਾ। ਪਰ ਇਹ ਅਹੁਦੇ ਕਿਸੇ ਕੰਮ ਜੋਗੇ ਨਹੀਂ ਹੋਣੇ ਜੇਕਰ ਲੋਕਾਂ ਦੀਆਂ ਨਜ਼ਰਾਂ ਵਿਚੋਂ ਡਿੱਗ ਗਏ। ਲੋਕ ਅੱਜ ਵੀ ਥੁੱਕ ਰਹ ਹਨ ਤੇ ਇਤਿਹਾਸ ਵੀ ਥੁੱਕੇਗਾ।

ਅੱਜ ਇਹ ਵੀ ਪ੍ਰਤੀਤ ਹੋ ਰਿਹਾ ਹੈ ਕਿ ਸਰਕਾਰ ਜਿਵੇਂ ਇੱਕ ਤੀਰ ਨਾਲ ਦੋ ਸ਼ਿਕਾਰ ਕਰ ਰਹੀ ਹੈ। ਸਰਕਾਰ ਦਾ ਪੰਜਾਬੀਆਂ ਪ੍ਰਤੀ ਰਵੱਈਆ ਠੀਕ ਨਹੀਂ ਹੈ। ਉਹ ਜਿਵੇਂ ਪਹਿਲਾਂ ਹੀ ਪੰਜਾਬੀਆਂ ਨੂੰ ਸਬਕ ਸਿਖਾਉਣ ਦਾ ਮੌਕਾ ਲੱਭ ਰਹੀ ਸੀ। ਕਿਉਂਕਿ ਪੰਜਾਬੀ ਪਾਸੋਂ ਸਰਕਾਰ ਅਤੇ ਪਾਰਟੀ ਨੂੰ ਕੋਈ ਭਵਿੱਖ ਵਿਚ ਮੁਨਾਫਾ ਹੋਣਾ ਨਜ਼ਰ ਨਹੀਂ ਆ ਰਿਹਾ। ਕਿਉਂਕਿ ਪਿਛਲੀਆਂ ਜਿੰਨੀਆਂ ਵੀ ਇਲੈਕਸ਼ਨਾਂ ਹੋਈਆਂ ਹਨ। ਪੰਜਾਬੀਆਂ ਨੇ ਕਦੇ ਵੀ ਇਨ੍ਹਾਂ ਨੂੰ ਬੋਟੀ ਨਹੀਂ ਪਾਈ। ਇਸ ਲਈ ਇਹ ਅੰਦਰੋਂ ਅੰਦਰ ਜ਼ਹਿਰ ਨਿਕਾਲ ਰਹੇ ਹਨ। ਸਰਕਾਰ ਨੂੰ ਇਹ ਵੀ ਹਜ਼ਮ ਨਹੀਂ ਹੋ ਰਿਹਾ ਹੈ ਕਿ ਹੋਰ ਸੂਬੇ ਕਿਵੇਂ ਇਨ੍ਹਾਂ ਪੰਜਾਬੀਆਂ ਨਾਲ ਹਨ ਪਰ ਹਾਂ ਮਿਲਾ ਰਹੇ ਹਨ। ਉਨ੍ਹਾਂ ਆਸ ਨਹੀਂ ਸੀ ਕਿ ਹੋਰ ਸੂਬੇ ਇਨ੍ਹਾਂ ਦੀ ਹਮਾਇਤ ਕਰਨਗੇ। ਕਿਉਂਕਿ ਇਹ ਅੰਦੋਲਨ ਪੰਜਾਬੀਆਂ ਨੇ ਕਈ ਮਹੀਨੇ ਪਹਿਲਾਂ ਪੰਜਾਬ ਸ਼ੁਰੂ ਕੀਤਾ ਸੀ। ਹੋਰ ਕਿਸੇ ਸੂਬੇ ਨੇ ਵਿਦਰੋਹ ਨਹੀਂ ਕੀਤਾ ਸੀ। ਪਰ ਇਹ ਵੀ ਪੰਜਾਬ ਦੇ ਲਈ ਮਾਣ ਵਾਲੀ ਗੱਲ ਹੈ ਕਿ ਪੰਜਾਬੀਆਂ ਨੇ ਹੀ ਹਮੇਸ਼ਾਂ ਅੰਦੋਲਨਾਂ ਨੂੰ ਜਨਮ ਦਿੱਤਾ ਅਤੇ ਇਤਿਹਾਸ ਕਾਇਮ ਕੀਤਾ ਅਤੇ ਇਹ ਇਤਿਹਾਸ ਉਹ ਹਮੇਸ਼ਾਂ ਬਣਾਈ ਰੱਖਣਾ ਚਾਹੁੰਦੇ ਹਨ। ਹਾਂ ਜੇਕਰ ਇਹ ਅੰਦੋਲਨ ਪੰਜਾਬੀਆਂ ਨੇ ਸ਼ੁਰੂ ਨਾ ਕੀਤਾ ਹੁੰਦਾ ਤਾਂ ਕਦੋਂ ਦਾ ਖ਼ਤਮ ਹੋ ਜਾਣਾ ਸੀ। ਸਰਕਾਰ ਨੇ ਈਨ ਮੰਨ ਲੈਣੀ ਸੀ, ਪਰ ਪੰਜਾਬੀਆਂ ਨੇ ਈਨ ਮੰਨਵਾ ਉਹ ਆਪਣੀ ਹਾਰ ਸਮਝਦੇ ਹਨ। ਇਸ ਲਈ ਤਾਂ ਸਰਕਾਰ ਦੇ ਮੀਡੀਆ ਨੇ ਕਦੇ ਇਸ ਅੰਦੋਲਨ ਨੂੰ ਖਾਲਿਸਤਾਨ ਦਾ ਨਾਮ ਦਿੱਤਾ ਕਦੇ ਵਿਦੇਸ਼ੀ ਫੰਡ ਦੀ ਮਦਦ ਦਾ ਨਾਮ ਦਿੱਤਾ। ਕਦੇ ਐਸ.ਵਾਈ.ਐਲ. ਨਹਿਰ ਦਾ ਮੁੱਦਾ ਬਣਾ ਕੇ ਪੰਜਾਬੀ, ਹਰਿਆਣਾ ਦੇ ਕਿਸਾਨਾਂ ਨੂੰ ਪਾੜਨ ਦੀ ਕੋਸ਼ਿਸ਼ ਕੀਤੀ। ਪਰ ਝੂਠ ਦੇ ਕੋਈ ਪੈਰ ਨਹੀਂ ਹੁੰਦੇ। ਹੁਣ ਇਹ ਕਿਹਾ ਜਾਣ ਲੱਗਾ ਹੈ ਕਿ ਕਿਸਾਨ ਅੰਦੋਲਨ ਦਾ ਕੋਈ ਲੀਡਰ ਨਹੀਂ ਹੈ ਜਿਸ ਨਾਲ ਸਰਕਾਰ ਗੱਲ ਕਰੇ। ਇਹ ਸਭ ਕੁਝ ਸਰਕਾਰ ਦੀ ਮਾੜੀ ਨੀਯਤ ਅਤੇ ਮਾੜੀ ਨੀਤੀ ਦਾ ਨਤੀਜਾ ਹੈ ਜੋ ਸਰਕਾਰ ਇਸ ਪ੍ਰਤੀ ਸੁਹਿਰਦ ਨਹੀਂ ਹੈ।

ਅਖੀਰ ਵਿਚ ਇੱਕ ਗੱਲ ਦੀ ਸਮਝ ਨਹੀਂ ਆ ਰਹੀ ਕਿ ਜਦ ਕੋਈ ਖੁਦਕੁਸ਼ੀ ਕਰਦਾ ਹੈ ਤਾਂ ਕੋਈ ਖੁਦਕੁਸ਼ੀ ਕਰਨ ਦੇ ਕਾਰਨ ਨੂੰ ਆਪਣੇ ਨੋਟ ਰਾਹੀਂ ਲਿਖਤੀ ਗਵਾਹ ਬਣਾ ਦਿੰਦਾ ਹੈ ਕਿ ਇਹ ਖੁਦਕੁਸ਼ੀ ਦਾ ਅਸਲ ਕਾਰਨ ਮੇਰੇ ਇਹ ਲਿਖੇ ਬਿਆਨ ਹਨ ਤਾਂ ਕਿ ਕੋਈ ਹੋਰ ਭਰਮ ਵਿਚ ਨਾ ਰਿਹਾ ਜਾ ਸਕੇ। ਫਿਰ ਉਸ ਦੁਆਰਾ ਲਿਖੇ ਬਿਆਨਾਂ ਦੇ ਅਧਾਰ 'ਤੇ ਮੁਕੱਦਮਾ ਚਲਾਇਆ ਜਾਂਦਾ ਹੈ ਤੇ ਜੋ ਉਸ ਮੌਤ ਦੇ ਦੋਸ਼ੀ ਹੋਣ ਸਜ਼ਾ ਦਿੱਤੀ ਜਾਂਦੀ ਹੈ, ਪਰ ਇਥੇ ਇਹ ਸਵਾਲ ਖੜ੍ਹਾ ਹੋ ਜਾਂਦਾ ਹੈ ਕਿ ਇਨ੍ਹਾਂ ਸੱਤਰ ਅੰਦੋਲਨਕਾਰੀਆਂ ਨੇ ਵੀ ਲਿਖਤੀ ਬਿਆਨ ਦਰਜ ਕੀਤੇ ਹਨ। ਜਿਵੇਂ ਪਿਛੇ ਜਿਹੇ ਅੰਦੋਲਨ ਵਿਚ ਗਏ ਸੰਤ ਰਾਮ ਸਿੰਘ ਜੀ ਨੇ ਖੁਦਕੁਸ਼ੀ ਕਰਨ ਤੋਂ ਪਹਿਲਾਂ ਨੋਟ ਰਾਹੀਂ ਬਿਆਨ ਲਿਖੇ ਕਿ ਮੈਂ ਕਿਸਾਨਾਂ ਦੀ ਤਰਸਯੋਗ ਹਾਲਤ ਦੇਖ ਨਹੀਂ ਸਕਿਆ। ਮੇਰਾ ਮਨ ਮਾਯੂਸ ਹੋ ਗਿਆ ਹੈ ਤੇ ਮੈਂ ਖੁਦਕੁਸ਼ੀ ਕਰ ਰਿਹਾ ਹਾਂ । ਜਦ ਇਕ ਧਾਰਮਿਕ ਬ੍ਰਿਤੀ ਵਾਲਾ ਵਿਅਕਤੀ ਇਸ ਤਰ੍ਹਾਂ ਦੀ ਖੁਦਕੁਸ਼ੀ ਕਰਦਾ ਹੈ ਤਾਂ ਆਮ ਵਿਅਕਤੀ ਦਾ ਮਨ ਪਸੀਜ ਜਾਂਦਾ ਹੈ। ਇਹ ਜੋ ਅੰਦੋਲਨਕਾਰੀ ਮੌਤ ਨੂੰ ਗਲੇ ਲਗਾ ਚੁੱਕੇ ਹਨ। ਇਨ੍ਹਾਂ ਦਾ ਦੋਸ਼ੀ ਕੌਣ ਹੈ। ਜੇਕਰ ਕਿਸੇ ਖੁਦਕੁਸ਼ੀ ਕਰਨ ਵਾਲੇ ਦੇ ਲਿਖਤੀ ਬਿਆਨ ਦੇ ਆਧਾਰਿਤ ਕੇਸ ਚਲਾਇਆ ਜਾ ਸਕਦਾ ਹੈ ਤਾਂ ਸਰਕਾਰ ਦੇ ਉਨ੍ਹਾਂ ਜ਼ਿੰਮੇਵਾਰ ਵਿਅਕਤੀਆਂ ਉਪਰ ਕੇਸ ਕਿਉਂ ਨਹੀਂ ਚਲਾਇਆ ਜਾ ਸਕਦੇ। ਇਥੇ ਆ ਕੇ ਕਾਨੂੰਨ ਦੀ ਸੀਮਾ ਖ਼ਤਮ ਹੋ ਜਾਂਦੀ ਹੈ। ਬੇਸ਼ੱਕ ਦੁਨਿਆਵੀ ਅਦਾਲਤਾਂ ਵਿਚ ਅਜਿਹੇ ਕੇਸ ਨਾ ਚੱਲਣ ਪਰ ਰੱਬ ਦੀ ਦਰਗਾਹ ਅੰਦਰ ਕੇਸ ਚਲਣਾ ਹੈ। ਇੱਕ ਪਾਸੇ ਅਸੀਂ ਮੰਨਦੇ ਹਾਂ ਕਿ ਭਾਰਤ ਇੱਕ ਬਹੁ ਧਰਮੀ ਦੇਸ਼ ਹੈ। ਫਿਰ ਇਹ ਮਰਨ ਵਾਲਿਆਂ ਦਾ ਦੋਸ਼ ਇਨ੍ਹਾਂ ਜ਼ਿੰਮੇਵਾਰ ਵਿਅਕਤੀਆਂ ਉਪਰ ਨਹੀਂ ਲੱਗੇਗਾ। ਕੀ ਇਹ ਸਿਧਾਂਤਇਨ੍ਹਾਂ ਉਪਰ ਲਾਗੂ ਨਹੀਂ ਹੋਵੇਗਾ, 'ਤਪੋ ਰਾਜ ਰਾਜੋ ਨਰਕ

**ਸਮਾਪਤ**



## किसान संगठन एवं सरकार दोनों ही हठधर्मी पर क्यों

# भारतीय इतिहास का अनूठा किसान आन्दोलन

**निर्मल रानी**

भारतीय किसानों द्वारा नए कृषि अध्यादेशों को केंद्र सरकार द्वारा वापस लिए जाने की मांग को लेकर चलाया जाने वाला आंदोलन कंपकपाती ठण्ड व शीत ऋतु की बारिश झेलता हुआ लगभग दो महीने पूरे कर चुका है। इस दौरान जहां लगभग 60 किसान इस आंदोलन में भाग लेते हुए दिल्ली की सीमा पर शहीद हो गए वहीं दो आंदोलनकारियों द्वारा कृषक समाज की चिंता व बेचैनी देख आत्म हत्या भी कर ली गयी। आत्म हत्या करने वालों में करनाल के एक प्रमुख संत बाबा राम सिंह भी शामिल थे।आश्चर्य की बात है कि जैसे जैसे आंदोलन लंबा खिंचता जा रहा है और केंद्र सरकार द्वारा किसान संगठनों के साथ सात दौर की बात चीत की फ़र्ज़ अदायगी के बावजूद सरकार किसानों की कृषि अध्यादेशों को वापस करने की मांग की अनदेखी करती जा रही है वैसे वैसे किसानों में जोश व उत्साह का और अधिक संचार होता जा रहा है। इसका कारण यही है कि यह किसान आंदोलन अब न सिर्फ़राष्ट्रव्यापी जन आंदोलन का रूप ले चुका है बल्कि भारत सहित पूरे विश्व का भारतीय समाज भी इस आंदोलन को नैतिक रूप से अपना समर्थन दे रहा है देश ने इससे पहले भी अनेक बड़े आंदोलन देखे हैं परन्तु आज के आधुनिक दौर में चलने वाला यह आंदोलन तथा इसे संचालित करने की आधुनिक शैली ऐसी है जिसे देखकर सत्ता के गलियारों में भी रश्क किया जा रहा है। आंदोलनकारियों के खान.पान उनके रहन सहन उनकी दिनचर्या व सुख सुविधाओं को लेकर तरह तरह के सवाल खड़े किये गए हैं। कभी उनकी फ़ंडिंग पर सवाल उठा तो कभी किसानों को ख़ालिस्तानी बताया गया। और भी अनेक लांछन लगाकर आंदोलन को बदनाम करने की कोशिश की गयी। परन्तु अन्नदाता है कि सरकार उसके तंत्र व बिकाऊ मीडिया के हर आरोपों का माकूल जवाब तो दे ही रहा है साथ ही आंदोलन में उसकी ज़रूरत की सभी सुविधाओं में भी दिन प्रतिदिन इज़ाफ़ होता जा रहा है। उदाहरण के तौर पर जब गोदी मीडिया के द्वारा कुछ भाजपाई नेताओं व इनके आई टी सेल द्वारा इसे ख़ालिस्तानी आंदोलन से जोड़ा गया तो आंदोलनकारियों ने जगह जगह एक पोस्टर लगाए जिसपर खेतों में कंधे पर फावड़ा लेकर एक किसान खड़ा है और मोटे अक्षरों में लिखा है .पंजाब के किसान ख़ालिस्तान नहीं मांग रहे बल्कि इस देश को अंबानीस्थान अडानीस्थान बनने से बचा रहे हैं। फ़ंडिंग के सवाल पर किसानों का कहना है कि इसकी फ़ंडिंग तो लगभग 570 वर्ष पूर्व गुरु नानक देव जी द्वारा 20 रूपये देकर की गयी थी। यह उसी सच्चे सौदे की बुनियाद है जो आज तक चल रही और रहती दुनिया तक यह बरकत क़ायम रहेगी। दिल्ली के चारों ओर दर्जनों लंगर केंद्र संचालित हो रहे हैं। इनमें कई लंगर स्थलों पर मशीनों द्वारा रोटियाँ बनाई जा रही हैं। अनेक जगह ऐसे उपकरण लगे हैं जो भाप से खाना बनाते हैं। अनेकानेक देसी गीज़र लगे हैं जो आंदोलनकारियों को सर्दी में गर्म पानी उपलब्ध करा रहे हैं। कई जगहों पर कपड़ा धोने के केंद्र बने हैं जहाँ अनेक वाशिंग मशीनें लगी हुई हैं। सैकड़ों जगहों पर दिन रात अलाव जलाकर शीत ऋतु से मोर्चा लेने की कोशिश की जा रही है। अनेक वॉलन्टीरस अपने हाथों में वाकी टाकी लेकर व्यवस्था को नियंत्रित करते देखे जा सकते हैं। आंदोलनकारियों द्वारा कहीं कहीं अपने अतिथि शुभचिंतकों व पत्रकारों को पगड़ियां भी भेंट की जाती हैं। जहाँ तक लंगर वितरण करने प्रश्न है तो यहां लंगर खिलाने वाले किसान व वालेंटियर्स किसी का परिचय पूछे बिना सबको लंगर खिलाते हैं।आंदोलन स्थल के आसपास के ग़रीब बस्तियों के लोग राहगीर ड्यूटी पुलिस पत्रकार या कोई भी अन्य व्यक्ति चाय.नाश्ते से लेकर दोपहर या रात का भोजन प्रसाद ग्रहण कर सकता है। यहाँ यह बात भी क़ाबिल.ए ग़ौर है कि इन्हीं किसानों द्वारा भारत सरकार के साथ विज्ञान भवन में होने होने वाली बैठकों में हर बार पांच सितारा होटल का श्सरकारी खानाश् खाने से इनकार किया जाता रहा है तथा किसानों द्वारा स्वयं अपना या गुरद्वारे से आए लंगर का प्रशाद विज्ञान भवन में ज़मीन पर बैठ कर लंगर के अंदाज़ में ही खाया गया है। आंदोलन स्थल पर आंदोलन कारियों के लिए बाक़ाएदा स्टोर खोले गए हैं जहाँ रोज़मर्रा की ज़रुरत की हर चीज़ उपलब्ध कराई जा रही है। लंगर व अन्य सेवा कार्यों में लगे वालंटियर्स का कहना है कि



जनसहयोग का यह आलम है कि उनके पास भण्डारण में हर समय खपत से अधिक खाद्य व अन्य ज़रूरी सामग्री मौजूद रहती है।

खेती किसानी से जुड़े अनेक निहंग सिख इस आंदोलन में अपने बेशक़ीमती घोड़ों व बाज़ को भी साथ लाए हैं। इन निहंगों द्वारा यहाँ अपने गतका कौशल का भी कभी कभी प्रदर्शन किया जाता है। आंदोलन स्थल पर कोई जिम अर्थात व्यायाम शाला की सेवा दे कर आंदोलनकारियों को संघर्ष हेतु चुस्त दुरुस्त रखने की कोशिश कर रहा है तो कई जगहों पर मेडिकल कैंप भी लगाए गए हैं जहां अस्वस्थ लोगों का उपचार किया जा रहा है। अनेक बड़े तंबुओं में साफ़ सुथरे गर्म बिस्तर उपलब्ध हैं तो ज़रूरतमंद आंदोलन कारियों को कंबल लोई जैकेट आदि भी दिया जाता है। किसानों में आपसी एकता बनाए रखने के लिए तथा किसी प्रकार के षड्यंत्र से बचने के लिए कई जगह निर्देशावली लगाई गयी हैं जिनमें मुख्यत: लिखा हुआ है कि .श्यह सहज व शांति का आंदोलन है। शांति एकता व प्यार से रहें। फ़ितूर पैदा करने वाले लोगों से सावधान रहें। सियासत और सियासी लोगों की चाल से बचकर रहना है। लंगर प्रशाद अपने विश्वसनीय लंगर से ही खाने की कोशिश करें। आपसी मिलाप और एकता से रहें। परमेश्वर पर विश्वास रखें। आंदोलनकारी यह भी जानते हैं कि मुख्यधारा का कहा जाने वाला मीडिया तंत्र चूँकि उनकी समस्याओं को देश को बताने व समझाने के बजाए पूंजिपतियों व सरकारी पक्ष की बात कर रहा है साथ.साथ आंदोलनकारियों को लांछित भी कर रहा है। इसीलिए न केवल किसानों ने अपना आई टी सेल स्थापित किया है बल्कि अपने कई यू ट्यूब चैनल भी चलाए हैं।

# पाकिस्तान में फिर मंदिर में तोड़फोड़ अल्पसंख्यक भी असुरक्षित

**सुरेश हिन्दुस्थानी**

पड़ौसी देश पाकिस्तान में हिन्दू आस्था केंद्रों के जय जयकार का उद्घोष होना यूँ तो कालबाह्य हो गया है। लेकिन अभी हाल ही में जिस प्रकार से एक मंदिर को तोड़ा गया है और उसके बाद आक्रोशित हिन्दू समाज ने जो प्रतिक्रिया दी वह अपने अस्तित्व को बचाने के लिए एक शक्तिशाली कदम माना जा रहा है। उसी की परिणति स्वरूप पाकिस्तान के सर्वोच्च न्यायालय ने खैबर पख्तूनख्वा प्रांत की सरकार को आदेशित किया है कि मुल्ला मौलवियों की उपस्थिति में विध्वंश किए मंदिर को पुनर्स्थापित किया जाए। इसमें खास तथ्य यह है कि इस मंदिर को बनाने में जो व्यय आएगा वह मंदिर तोड़ने वालों से ही वसूल किया जाएगा। इस कदम को पाकिस्तान में हिन्दू समाज की बड़ी जीत के रूप में देखा जा रहा है। क्योंकि पाकिस्तान की न्यायालय ने अल्पसंख्यक समाज की भावनाओं का सम्मान करते हुए जो कदम उठाया है उसकी कल्पना भी नहीं की जा सकती। क्योंकि वहां के कट्टरपंथी मुस्लिम यह कभी नहीं चाहते कि उनकी धरती पर हिन्दू समाज के श्रद्धा केंद्रों का अस्तित्व रहे। हालांकि इससे पूर्व करतारपुर साहिब गुरुद्वारे के मामले में भी पाकिस्तान को झुकना पड़ा था। यह सब भारत की बढ़ती हुई शक्ति का ही परिचायक है। बरना पाकिस्तान के बारे में यही कहा जाता रहा है कि वह कुत्ते की ऐसी दुम है जो कभी सीधी हो ही नहीं सकती।हालांकि कभी भारत का हिस्सा रहे पाकिस्तान की धरती पर आज भी हिन्दू आस्था केन्द्रों के चिन्ह मिल जाते हैं लेकिन इन आस्था स्थलों के प्रति पाकिस्तान की जनता के मन में कितना जहर भरा हुआ है यह कई बार दृष्टव्य हो चुका है। स्वतंत्रता के बाद पाकिस्तान में कई मंदिरों के निशान तक मिटा दिए गए। इतना ही नहीं पाकिस्तान की धरती को हिन्दू समाज विहीन करने का भी षड्यंत्र भी लगातार चल रहा है। जिसके चलते कई हिन्दू परिवारों ने या तो पाकिस्तान छोड़ दिया है या फिर भय के कारण मुस्लिम बन गए।

अभी लगभग एक सप्ताह पहले ही में पाकिस्तान के खैबर पख्तूनख्वा में करक जिले के टेरी गांव में कुछ मौलवियों की उपस्थित में किए गए मंदिर के विध्वंश मामले में हिन्दू समाज ने जो प्रतिरोध दिखाया वह निश्चित रूप से पाकिस्तान के प्रताड़ित हिन्दू समाज में अपने धर्म के प्रति जीने का उत्साह जगाने वाला है। इसका आशय यह भी हो सकता है कि बार बार मरने जैसे वातावरण में जीने से अच्छा है कि एक बार शक्ति का प्रकटीकरण किया जाए। इसी शक्ति प्राकट्य के आक्रोश के बाद न्यायालन और प्रशासन ने यह कठोर कार्यवाही की है। जिसमें लगभग सौ उपद्रवियों को गिरफ्तार किया है। इतना ही नहीं 8 पुलिस अधिकारियों का निलम्बन भी किया गया है। महत्वपूर्ण तथ्य यह भी है कि इन उपद्रवियों पर आतंक फैलाने वाली धाराओं के अंतर्गत कार्यवाही की गई है।

मंदिर विध्वंस मामले में पाकिस्तान के सर्वोच्च न्यायालय में हुई सुनवाई में न्यायालय ने स्पष्ट तौर पर कहा है कि खैबर पख्तूनख्वा की सरकार मंदिर के साथ ही परमहंस जी महाराज की समाधि का दो सप्ताह के अंदर पुनर्निर्माण कराया जाए। यह हालांकि पाकिस्तान में रहने वाले हिन्दू समाज के लिए कुछ हद तक राहत प्रदान करने वाली खबर हो सकती है लेकिन सवाल यह उठता है कि क्या ऐसे कार्य करने वाले विध्वंशकारी मानसिकता के लोग अपने आपमें परिवर्तन ला सकेंगे। समझा जाता है कि पाकिस्तान में हिन्दू समाज को प्रताड़ित करने के लिए सुनियोजित प्रयास किए जाते रहे हैं। इन्हीं प्रयासों के अंतर्गत हिन्दू युवतियों का अपहरण भी कर लिया जाता है। और उसके बाद या तो उस युवती का जबरदस्ती निकाह करा दिया जाता है या फिर उसे मौत के घाट उतार दिया जाता है। इतना ही नहीं हिन्दू कन्याओं के साथ कभी कभी अमानवीय कृत्य तक किए जाते हैं। पिछले वर्ष एक चिकित्सक युवती के साथ हुई दुर्दान्त घटना को याद करते हुए सिहरन पैदा होती है। लम्बे समय से पाकिस्तान में अल्पसंख्यक समुदाय के प्रति वैमनस्यता के भाव से कार्रवाई की जाती रही हैं इतना ही नहीं इन हिन्दू विरोधी घटनाओं के पीछे वे लोग भी शामिल होते हैं जो अपने आपको भाईचारा स्थापित करने का ठेकेदार मानते हैं। खैबर पख्तूनख्वा के मंदिर मामले में न्यायालय ने संवैधानिक मर्यादाओं की रक्षा करते हुए मंदिर बनाने का आदेश दिया जो हिन्दू समाज की एक बड़ी जीत के रूप में देखी जा रही है। लेकिन इस आदेश के बाद भी पाकिस्तान में मंदिर सुरक्षित रह सकेंगे इस बात की कोई गारंटी नहीं है। क्योंकि पाकिस्तान की जनता के मन में हिन्दू समाज के प्रति समन्वय का भाव नहीं है। इसके पीछे मुख्य कारण यही माना जाता है कि पाकिस्तान के राजनेता और मुस्लिम धर्म गुरू वहां की जनता के मन में हिन्दू समाज के प्रति जहर भरते हैं। वही जहर मंदिरों और अल्पसंख्यक समाज के विरोध में सामने आता है। कहा जाता है कि पाकिस्तान के कई स्थानों पर हिन्दू समाज को प्रताड़ित करने की हद ही पार हो गई हैए जिसके कारण वहां का हिन्दू समाज अपने लिए सुरक्षित ठिकाने की तलाश में इधर उधर भटकता रहता है। ऐसे ही कई परिवार आज विदेशों की धरती पर शरणार्थी बनकर जीवन जी रहे हैं। ऐसे कई परिवार भारत में भी हैं। ऐसी स्थिति में पाकिस्तान के मौलवियों को चाहिए कि वह वहां की जनता के मन में समन्वय का भाव प्रवाहित करें और इस्लाम धर्म के मूल उद्देश्यों को प्रकट करें।

# ऊंगलियों की दूरी भी बताती है कैसा रहेगा जीवन



हाथ की रेखाओं के साथ आप उंगलियों से भी आप वर्तमान और भविष्य के बारे में जान सकते हैं। हस्तरेखा विज्ञान के अनुसार हस्तरेखा में उंगलियों की लंबाई के साथ उनकी बनावट और उनके बीच की दूरी भी इंसान के बारे में बता सकती है। अंगुलियों के बीच का अंतर भविष्य में क्या छिपा है यह बता सकता है।

लक्ष्य को लेकर होते हैं काफी गंभीर

हस्तरेखा शास्त्र के अनुसार तर्जनी यानी अंगूठे के पास वाली उंगली और मध्यमा यानी मीडिल फिंगर के बीच में खाली जगह है तो उस व्यक्ति के विचार स्वतंत्र होते हैं। वह आसानी से हर बात को कह देता है। अंगुलियों के बीच की ज्यादा दूरी है तो वह काफी मतलबी हो सकते हैं। हालांकि इस तरह के लोग अपने लक्ष्य को लेकर काफी गंभीर होते हैं और इनकी मेहनत भी काफी रंग लाती भी है।

ऐसे लोग केवल अपने फायदे सोचते हैं-हस्तरेखा विज्ञान के अनुसार मध्यमा यानी मिडिल फिंगर और अनामिका यानी रिंग फिंगर के बीच में दूरी नहीं होनी चाहिए। इन दोनो अंगुलियों का पास.पास होना शुभ माना जाता है। अगर इनके बीच में खाली जगह हो तो ऐसा व्यक्ति काफी लापरवाह माना जाता है। यह केवल अपने बारे में सोचते हैं।

परिवार के लिए करते हैं सभी कार्य

अनामिका यानी रिंग फिंगर और कनिष्ठा यानी सबसे छोटी उंगली के बीच की खाली जगह अशुभ मानी जाती है। ऐसे व्यक्ति बहुत क्रोधी होते हैं। यह अपने हक के लिए किसी भी स्तर पर जा सकते हैं फिर यह गलत और सही नहीं देख पाते। जिनकी खाली जगह होती है वह काफी सकारात्मक सोचते हैं और अपने परिवार की शांति के लिए सभी कार्य करते हैं।

बड़े पदों पर काम करते हैं ऐसे लोग

अगर तर्जनी यानी अगूंठे के पास वाली उंगली अनामिका यानी रिंग फिंगर से छोटी होती है। तो ऐसे व्यक्ति में अहं भाव सम्मान पाने की इच्छा बहुत होती है। यदि यह ऊंगली अनामिका से बड़ी हो तो व्यक्ति उत्तरदायित्व वाले पदों यानी बड़े पदों पर काम करता है। अगर यह सामान्य से छोटी हो तो व्यक्ति में महत्वाकांक्षा की कमी होती है। गंभीर स्वभाव के होते हैं ऐसे व्यक्ति

हस्तरेखा विज्ञान के अनुसार यदि किसी भी उंगलियों में फासला नहीं है तो ऐसे व्यक्ति काफी गंभीर स्वभाव के होते हैं। ऐसे लोग किसी से ज्यादा बात नहीं करते हैं हमेशा अपने आप में रहते हैं। जिनकी सभी उंगलियों में फासला होता है ऊर्जावान होते हैं। इन लोगों की सोच काफी सकारात्मक होती है।

**मनी प्लांट लगाते समय रखें यह ध्यान**

यूं तो हर कोई मनी प्लांट अपने घर में लगाता है ताकि घर में आर्थिक रूप से संपन्नता हो लेकिन क्या आप जानते हैं कि गलत दिशा में रखा गया मनी प्लांट आपको तबाह कर सकता है। आर्थिक रूप से कंगाल बना सकता है। तो अगर आप भी ये पौधा अपने घर में लगाना चाहते हैं तो पहले इन बातों को जान लें। इसके मुताबिक ही घर में मनी प्लांट लगाएं। इससे आपको काफी लाभ होगा। जब भी घर में ये पौधा लाएं तो ध्यान रखें कि इसे आग्नेय दिशा यानी कि दक्षिण.पूर्व में ही लगाएं। बता दें कि इस दिशा के देवता गणेश जी है जो कि अमंगल नाशक हैं और प्रतिनिधि ग्रह है शुक्र जो कि सुख. समृद्धि दायक है। इस तरह आपको आग्नेय दिशा में मनी प्लांट लगाने से फायदा ही फायदा होगा। वहीं अगर आपने इसे किसी और दिशा में या फिर नकारात्मक कही जाने वाली ईशान दिशा यानी कि उत्तर. पूर्व में रख दिया तो आपको हानि ही हानि होगी। इसके पीछे कारण यह है कि बृहस्पति जो कि देवताओं के गुरु हैं और शुक्र राक्षसों के गुरु हैं। दोनों ही एक.दूसरे के शत्रु हैं ओर ईशान का प्रतिनिधि ग्रह बृहस्पति है।ऐसे में जब भी आप इस दिशा में मनी प्लांट लगाते हैं तो आपको नुकसान ही नुकसान होगा। तो जब भी आपको घर में मनी प्लांट का पौधा लगाना हो ध्यान रखें कि उसकी दिशा आग्नेय हो।

इससे आपको धन संबंधी लाभ तो मिलेगा ही साथ ही घर में सकारात्मक ऊर्जा का संचार होगा।

# सनातन धर्म में भोजन करने संबंधी खास नियम

सनातन धर्म में आहार ग्रहण करने के दौरान भी कुछ नियमों का पालन करना जरुरी माना गया है। माना गया है कि जिसप्रकार हम आहार करेंगे वैसे ही हमारे विचार भी होंगे।

सर्वप्रथम रू भोजन करने से पूर्व हाथ पैरों व मुख को अच्छी तरह से धोना चाहिये। भोजन से पूर्व अन्नदेवता अन्नपूर्णा माता की स्तुति करके उनका धन्यवाद देते हुए तथा सभी भूखों को भोजन प्राप्त हो ईश्वर से ऐसी प्रार्थना करके भोजन करना चाहिए।

वहीं भोजन बनाने वाला स्नान करके ही शुद्ध मन से मंत्र जप करते हुए ही रसोई में भोजन बनाएं और सबसे पहले 3 रोटियां ;गाय कुत्ते और कौवे हेतु अलग निकालकर फिर अग्निदेव को भोग लगाकर ही घर वालों को खिलाएं।

भोजन के समय

प्रातः और सायं ही भोजन का विधान है क्योंकि पाचनक्रिया की जठराग्नि सूर्योदय से 2 घंटे बाद तक एवं सूर्यास्त से 2.30 घंटे पहले तक प्रबल रहती है।

जो व्यक्ति सिर्फएक समय भोजन करता है वह योगी और जो दो समय करता है वह भोगी कहा गया है

एक प्रसिद्ध लोकोक्ति है सुबह का खाना स्वयं खाओए दोपहर का खाना दूसरों को दो और रात का भोजन दुश्मन को दो

भोजन की दिशा:-

भोजन पूर्व और उत्तर दिशा की ओर मुंह करके ही करना चाहिए। दक्षिण दिशा की ओर किया हुआ भोजन प्रेत को प्राप्त होता है। पश्चिम दिशा की ओर किया हुआ भोजन खाने से रोग की वृद्धि होती है।

ऐसे में न करें भोजन--

शैया पर हाथ पर रखकर टूटे.फूटे बर्तनों में भोजन नहीं करना चाहिए। मल.मूत्र का वेग होने पर कलह के माहौल में अधिक शोर में पीपल, वटवृक्ष के नीचे भोजन नहीं करना चाहिए।

परोसे हुए भोजन की कभी निंदा नहीं करनी चाहिए।

ईर्ष्या भय क्रोध लोभ रोग दीनभाव द्वेषभाव के साथ किया हुआ भोजन कभी पचता नहीं है।

खड़े.खड़े जूते पहनकर सिर ढंककर भोजन नहीं करना चाहिए

ये भोजन न करें।

गरिष्ठ भोजन कभी न करें।

बहुत तीखा या बहुत मीठा भोजन न करें।

किसी के द्वारा छोड़ा हुआ भोजन न करें।

आधा खाया हुआ फल मिठाइयां आदि पुनः नहीं खाना चाहिए।

खाना छोड़कर उठ जाने पर दुबारा भोजन नहीं करना चाहिए।

जो ढिंढोरा पीटकर खिला रहा हो वहां कभी न खाएं।

पशु या कुत्ते का छुआ रजस्वला स्त्री का परोसा श्राद्ध का निकाला बासी मुंह से फूंक मारकर ठंडा किया बाल गिरा हुआ भोजन न करें।

अनादरयुक्त अवहेलनापूर्ण परोसा गया भोजन कभी न करें।

'कंजूस का राजा का वेश्या के हाथ का शराब बेचने वाले का दिया भोजन और ब्याज का धंधा करने वाले का भोजन कभी नहीं करना चाहिए।

भोजन करते वक्त क्या करें--

भोजन के समय मौन रहें।

रात्रि में भरपेट न खाएं।

बोलना जरूरी हो तो सिर्फसकारात्मक बातें ही करें।

भोजन करते वक्त किसी भी प्रकार की समस्या पर चर्चा न करें।

भोजन को बहुत चबा.चबाकर खाएं।

गृहस्थ को 32 ग्रास से ज्यादा न खाना चाहिए।

सबसे पहले मीठा फिर नमकीन अंत में कड़वा खाना चाहिए।

सबसे पहले रसदार बीच में गरिष्ठ अंत में द्रव्य पदार्थ ग्रहण करें।

थोड़ा खाने वाले को आरोग्य आयु बल सुख सुंदर संतान और सौंदर्य प्राप्त होता है।

भोजन के पश्चात क्या न करें-

भोजन के तुरंत बाद पानी या चाय नहीं पीना चाहिए। भोजन के पश्चात घुड़सवारी दौड़ना बैठना शौच आदि नहीं करना चाहिए।

भोजन के पश्चात क्या करें--

भोजन के पश्चात दिन में टहलना एवं रात में सौ कदम टहलकर बाई करवट लेटने अथवा वज्रासन में बैठने से भोजन का पाचन अच्छा होता है। भोजन के एक घंटे पश्चात मीठा दूध एवं फल खाने से भोजन का पाचन अच्छा होता है।

क्या.क्या न खाएं-रात्रि को दही सत्तू तिल एवं गरिष्ठ भोजन नहीं करना चाहिए।दूध के साथ नमक दही खट्टे पदार्थ मछली कटहल का सेवन नहीं करना चाहिए।शहद व घी का समान मात्रा में सेवन नहीं करना।दूध.खीर के साथ खिचड़ी नहीं खाना चाहिए।

# मंत्रों की ध्वनि में भी होती है अथाह शक्ति

वैसे तो मंत्रों के अर्थ इतना महत्व नहीं रखते क्योंकि विशेषज्ञों का मानना है कि मंत्रों के अर्थ में नहीं बल्कि ध्वनि में शक्ति होती है। इसका एक कारण यह भी है कि इन मंत्रों की उत्पति के बारे में कहा जाता है कि ये किसी व्यक्ति विशेष द्वारा नहीं लिखे गए हैं बल्कि वर्षों की साधना के बाद ऋषि मुनियों ने इन ध्वनियों को सुना है। विशेषकर बीज मंत्रों के बीजाक्षरों का अर्थ साधारण व्यक्ति के लिए समझना बहुत मुश्किल है उसे ये निर्रथक लगते हैं लेकिन माना जाता है कि ये बीजाक्षर सार्थक हैं और इनमें एक ऐसी शक्ति अन्तर्निहित रहती है जिससे आत्मशक्ति या




फिर देवताओं को उत्तेजित किया जा सकता है। ये बीजाक्षर अन्तरूकरण और वृत्ति की शुद्ध प्रेरणा के व्यक्त शब्द हैं जिनसे आत्मिक शक्ति का विकास किया जा सकता है।मंत्र का शाब्दिक अर्थ होता है एक ऐसी ध्वनी जिससे मन का तारण हो अर्थात मानसिक कल्याण हो जैसा कि शास्त्रों में कहा गया है मनः तारयति इति मंत्ररू अर्थात मन को तारने वाली ध्वनि ही मंत्र है। वेदों में शब्दों के संयोजन से इस प्रकार की कल्याणकारी ध्वनियां उत्पन्न की गई।

माना जाता है कि मनुष्य की अवचेतना में बहुत सारी आध्यात्मिक शक्तियां होती हैं जिन्हें मंत्रों के द्वारा प्रयोग में लाया जा सकता है। मंत्र की ध्वनियों के संघर्ष से इन आध्यात्मिक शक्तियों को उत्तेजित किया जाता है हालांकि इसके लिए सिर्फ मंत्रोंच्चारण काफी नहीं है बल्कि दृढ़ इच्छा शक्ति से ध्वनि.संचालन एवं नैष्ठिक आचार भी जरुरी है। तंत्र साधना के मंत्रों में मंत्रोच्चारण की शुद्धि व मंत्रोचार के दौरान विशेष नियमों का पालन करना होता है जो किसी गुरु के मार्गदर्शन में ही संभव है।अक्सर लोग मंत्रों या बीज मंत्रों का जाप करते हैं या फिर जाप करवाते हैं लेकिन इन मंत्रों के मायने क्या हैं इस पर ध्यान नहीं देते लेकिन हर मंत्र में निहित बीजाक्षर और बीजाक्षर में निहित वर्ण बिंदु एवं मांत्राएं किसी न किसी देवी.देवता का प्रतिनिधित्व करती है। इस बारे में विश्वसनीय जानकारी बहुत कम मिलती है। लेकिन फिर भी हमने कुछ प्रयास किया है इन मंत्रों का अर्थ जानने का। यह भी देखने को मिलता है कि गायत्री और मृत्युंजय मंत्र जैसे लोकप्रिय मंत्रों के सरलार्थ तो हमें मिल जाते हैं लेकिन अन्य मंत्रों के बारे में जानकारी नहीं मिलती।

# Farm Laws, Fertility And Religion

**These protests are not just a reaction to the farm laws. It is a moment in time when political, social and spiritual forces have converged under unprecedented circumstances.**

Mohkam Singh, a 65-year-old farmer from the Khalsa warrior community of Ludhiana, radiates a quiet conviction. What you see here is a Sachh Yug," says Singh just outside a tent at the Singhu border. "Outside, there's a Kal Yug where people are fighting to prove which religion is greater."

Protesting farmers such as Mohkam are not only against the Centre's new farm laws but are also against the erosion of the spiritual identity of agricultural communities across India. At both Singhu and Tikri borders, we witnessed a cry from farmers for recognition of their sacred relationship with the soil. For them, execution of the laws will not only play into the hands of private merchants but also disrupt their identity as "toilers and givers of grain."

Not only that, the farming communities believe they are humanity's call to conscience in the fight against climate change. Undermining them could shrink the scope of a collective movement towards a greener and more spiritually conscious planet. While demonstrations, poetry readings, film screenings and ladles of generosity at langars have been highlighted as the means to surcharge the community spirit at these protest sites, it's also important to understand the religious underpinnings of the farmers' protests.

ਲੱਛੂ ਦੇ ਮੂੰਹੋਂ ਗੱਲ ਸੁਣ ਕੇ ਸੱਥ ਵਿੱਚ ਬੈਠੇ ਸਾਰੇ ਲੋਕ ਉੱਚੀ ਉੱਚੀ ਹੱਸਣ ਲੱਗ ਪਏ। ਕੋਲ ਬੈਠਾ ਬਾਬਾ ਹਾਕਮ ਸਿਉਂ ਕਹਿੰਦਾ, "ਚੰਗਾ ਹੋਇਆ ਕਿ ਮਾੜਾ ? ਮੁੰਡੇ ਦੀ ਪਰਾਟੀਸ ਹੋ ਗੀ।" ਏਨੇ ਚਿਰ ਨੂੰ ਕਿਤੇ ਪਾਹੜਾ ਸੱਥ ਕੋਲ ਦੀ ਸਾਇਕਲ ਤੇ ਲੰਘਿਆ ਜਾਵੇ ਤਾਂ ਨਾਥਾ ਅਮਲੀ ਤਰਿੱਭ ਕੇ ਬੋਲਿਆ, "ਹੋਅ ਜਾਂਦਾ ਲਾਲ ਲੈਟ ਆਲਾ।" ਉਸ ਦਿਨ ਤੋਂ ਪਿੰਡ ਆਲਿਆਂ ਨੇ ਪਾਹੜੇ ਦਾ ਨਾਂ ਹੀ ਲਾਲ ਲੈਟ ਆਲਾ ਰੱਖ ਲਿਆ। ਗੱਲਾਂ ਕਰਦਿਆਂ ਕਰਦਿਆਂ ਚੌਕੀਦਾਰ ਨੇ ਸੱਥ 'ਚ ਬੈਠੇ ਲੋਕਾਂ ਨੂੰ ਆ ਕੇ ਦੱਸਿਆ ਕਿ ਖਾਨਾ ਪੱਤੀ ਦੀ ਧਰਮਸ਼ਾਲਾ 'ਚ ਵੋਟਾਂ ਬਣਾਉਣ ਵਾਲੇ ਆਏ ਵੇ ਐ, ਜੀਹਦੀ ਕਿਸੇ ਦੀ ਕੋਈ ਵੋਟ ਰਹਿੰਦੀ ਐ ਉਹ ਜਾ ਕੇ ਹੁਣ ਬਣਾ ਲੋ, ਫੇਰ ਨ੍ਹੀ ਬਣਨੀ। ਚੌਕੀਦਾਰ ਤੋਂ ਵੋਟਾਂ ਦਾ ਸੁਨੇਹਾ ਸੁਣਦੇ ਸਾਰ ਹੀ ਲੋਕ ਸੱਥ 'ਚੋਂ ਉੱਠ ਕੇ ਧਰਮਸ਼ਾਲਾ ਨੂੰ ਚੱਲ ਪਏ।

# ਸ਼ਾਹੀ ਸ਼ਹਿਰ ਪਟਿਆਲਾ



ਉਦੋਂ ਤੱਕ ਹੀ ਪਟਿਆਲਾ ਦੀ ਹੋਂਦ ਬਰਕਰਾਰ ਰਹਿ ਸਕਦੀ ਹੈ, ਹਮੇਸ਼ਾ ਸੈਲਾਨੀਆਂ ਦੇ ਦਿਲ ਵਿਚ ਅਜੀਬ ਤਰ੍ਹਾਂ ਦੇ ਖਿਆਲ ਪੈਦਾ ਕਰਦੀ ਰਹੀ ਹੈ। ਕਿਲ੍ਹਾ ਮੁਬਾਰਕ ਪੁਰਾਣੀਆਂ ਰਿਆਸਤਾਂ ਦੇ ਕਿਲ੍ਹਿਆਂ ਵਿਚੋਂ ਇੱਕ ਹੈ। ਆਪਣੇ ਜ਼ਮਾਨੇ ਦੇ ਸੁਰੱਖਿਆ ਢਾਂਚੇ ਨੂੰ ਦੇਖਦੇ ਹੋਏ ਬਣਾਏ ਗਏ ਕਿਲ੍ਹਾ ਮੁਬਾਰਕ ਦੇ ਵੱਖ ਵੱਖ ਹਿੱਸੇ ਜਿਹੜੇ ਕਿ ਇੱਕ ਰਾਜ ਚਲਾਉਣ ਦੀਆਂ ਸਾਰੀਆਂ ਪ੍ਰਕਿਰਿਆਵਾਂ ਨੂੰ ਪੂਰਾ ਕਰਦੇ ਹਨ, ਉਹ ਇਥੇ ਪਹੁੰਚਣ ਵਾਲਿਆਂ ਦੇ ਦਿਲ ਵਿਚ ਹਮੇਸ਼ਾ ਉਤਸੁਕਤਾ ਪੈਦਾ ਕਰਦੇ ਹਨ। ਮਹਾਰਾਜਾ ਪ੍ਰਤਾਪ ਸਿੰਘ ਨੇ ਆਪਣੇ ਪਿਤਾ ਮਹਾਰਾਜਾ ਰਿਪੁਦਮਨ ਸਿੰਘ ਦੀ ਮੌਤ ਤੋਂ ਬਾਅਦ 1942 'ਚ ਇਸੇ ਕਿਲ੍ਹੇ ਵਿੱਚ ਪਿਤਾ ਦੀ ਥਾਂ ਸਹੁੰ ਚੁੱਕੀ।

**ਸ਼ੀਸ ਮਹਿਲ**

ਸ਼ੀਸ਼ ਮਹਿਲ ਪਟਿਆਲੇ ਦੀਆਂ ਪ੍ਰਮੁੱਖ ਵਿਰਾਸਤੀ ਇਮਾਰਤਾਂ ਵਿਚੋਂ ਇੱਕ ਹੈ। ਇਥੇ ਬਣਿਆ ਲਛਮਣ ਝੂਲਾ ਸੈਲਾਨੀਆਂ ਨੂੰ ਇੱਕ ਵਾਰ ਹਰਿਦੁਆਰ ਦੀ ਯਾਦ ਦਿਵਾ ਦਿੰਦਾ ਹੈ। ਕਲਾ ਪ੍ਰੇਮੀ ਮਹਾਰਾਜਾ ਨਰਿੰਦਰ ਸਿੰਘ ਨੇ ਸ਼ੀਸ਼ ਮਹਿਲ ਦੇ ਲਈ ਕਸ਼ਮੀਰ ਅਤੇ ਰਾਜਸਥਾਨ ਤੋਂ ਪੇਂਟਰ ਬੁਲਵਾ ਕੇ ਸ਼ੀਸ਼ ਮਹਿਲ ਦੀਆਂ ਕੰਧਾਂ ਪੇਂਟ ਕਰਵਾਈਆਂ ਸਨ। ਇਥੇ ਇੱਕ ਮੈਡਲ ਗੈਲਰੀ ਬਣੀ ਹੋਈ ਹੈ, ਜਿਸ ਵਿਚ ਵਿਰਾਸਤ ਨਾਲ ਸਬੰਧਿਤ ਸੈਂਕੜੇ ਮੈਡਲਾਂ ਅਤੇ ਹੋਰ ਪੁਰਾਤਨ ਸਿੱਕਿਆਂ ਦੀ ਕੁਲੈਕਸ਼ਨ ਮੌਜੂਦ ਹੈ। ਸ਼ੀਸ਼ ਮਹਿਲ ਵਿਚ ਬਣੀ ਬਨਾਸਰ ਆਰਟ ਗੈਲਰੀ ਆਪਣੇ ਆਪ ਵਿਚ ਰਿਆਸਤ ਦੀ ਕਲਾ ਨੂੰ ਸੰਭਾਲ ਕੇ ਰੱਖਣ ਵਿਚ ਸਮਰੱਥ ਹੈ।

**ਮੋਤੀ ਬਾਗ ਪੈਲੇਸ**

ਆਪਣੇ ਜ਼ਮਾਨੇ ਦੀ ਖੂਬਸੂਰਤ ਕਲਾ ਦਾ ਨਮੂਨਾ ਮੋਤੀ ਬਾਗ ਪੈਲੇਸ ਵਿਖੇ ਅੱਜ ਏਸ਼ੀਆ ਦਾ ਸਭ ਤੋਂ ਵੱਡਾ ਖੇਡ ਸੰਸਥਾਨ ਨੇਤਾ ਜੀ ਸੁਭਾਸ਼ ਨੈਸ਼ਨਲ ਇੰਸਟੀਚਿਊਟ ਆਫ ਸਪੋਰਟਸ ਖੁੱਲ੍ਹਿਆ ਹੋਇਆ ਹੈ ਜਿਸ ਨਾਲ ਇਸ ਮਹਿਲ ਦਾ ਹੁਣ ਦੋਹਰਾ ਨਜ਼ਾਰਾ ਦੇਖਣ ਨੂੰ ਮਿਲਦਾ ਹੈ। ਇੱਕ ਤਾਂ ਮਹਿਲ ਦੀ ਖੂਬਸੂਰਤੀ ਅਤੇ ਸ਼ਾਹੀ ਘਰਾਣੇ ਦੇ ਰਹਿਣ ਸਹਿਣ ਅਤੇ ਸ਼ਾਹੀ ਠਾਠ ਬਾਠ ਦੀ ਜਿਊਂਦੀ ਜਾਗਦੀ ਮਿਸਾਲ ਮਿਲਦੀ ਹੈ, ਉਥੇ ਅੰਤਰਾਸ਼ਟਰੀ ਪੱਧਰ ਦੇ ਖੇਡਾਂ ਦੇ ਮੈਦਾਨ ਆਪਣਾ ਵੱਖਰਾ ਹੀ ਨਜ਼ਾਰਾ ਬੰਨ੍ਹਦੇ ਹਨ। ਇਥੇ ਖੁਲ੍ਹੀ ਸੰਸਥਾ ਜਿਥੇ ਅੰਤਰਰਾਸ਼ਟਰੀ ਪੱਧਰ ਦੇ ਕੋਚ ਪੈਦਾ ਕਰਦੀ ਹੈ, ਉੱਥੇ ਦੇਸ਼ਾਂ ਵਿਦੇਸ਼ਾਂ ਵਿਚ ਭਾਰਤ ਦਾ ਨਾਮ ਚਮਕਾਉਣ ਵਾਲੇ ਖਿਡਾਰੀ ਵੀ ਅਭਿਆਸ ਕਰਦੇ ਹਨ। ਮੋਤੀ ਬਾਗ ਪੈਲੇਸ ਨੂੰ ਮਹਾਰਾਜਾ ਨਰਿੰਦਰ ਸਿੰਘ ਨੇ ਸੰਨ 1847 ਵਿਚ ਬਣਾਵਾਇਆ। ਇਹ ਲਾਹੌਰ ਦੇ ਸ਼ਾਲੀਮਾਰ ਬਾਗ ਦੀ ਤਰਜ਼ 'ਤੇ ਬਣਾਇਆ ਗਿਆ ਸੀ।

**ਬਾਰਾਂਦਰੀ**

ਬਾਰਾਂਦਰੀ ਦੇ ਨਾਲ ਪਟਿਆਲਾ ਦੀ ਵੱਖਰੀ ਹੀ ਪਹਿਚਾਣ ਹੈ। ਸ਼ਾਹੀ ਘਰਾਣੇ ਵੱਲੋਂ ਦੁਨੀਆਂ ਦੇ ਕੋਨੇ- ਕੋਨੇ ਤੋਂ ਲਿਆ ਕੇ ਲਾਏ ਗਏ ਰੁੱਖ ਬੂਟੇ ਆਪਣਾ ਵੱਖਰਾ ਹੀ ਨਜ਼ਾਰਾ ਪੇਸ਼ ਕਰਦੇ ਹਨ। ਇਸ ਦੇ ਨਾਲ ਹੀ ਸਵੇਰੇ ਅਤੇ ਸ਼ਾਮ ਇਥੇ ਸੈਰ ਕਰਨ ਵਾਲਿਆਂ ਲਈ ਇਹ ਕਿਸੇ ਵਰਦਾਨ ਤੋਂ ਘੱਟ ਨਹੀਂ ਹੈ।

**ਰਾਜਿੰਦਰਾ ਅਤੇ ਮਹਿੰਦਰਾ ਕੋਠੀ**

ਕਿਸੇ ਸਮੇਂ ਬਾਹਰ ਤੋਂ ਆਉਣ ਵਾਲੇ ਖਾਸ ਮਹਿਮਾਨਾਂ ਲਈ ਬਣਾਈ ਗਈ ਰਾਜਿੰਦਰਾ ਕੋਠੀ ਵਿਖੇ ਅੱਜ ਕੱਲ੍ਹ ਵਿਰਾਸਤੀ ਹੋਟਲ ਬਣਿਆ ਹੋਇਆ ਹੈ, ਜਿਹੜਾ ਪਟਿਆਲਾ ਦੇਖਣ ਦੀ ਇੱਛਾ ਰੱਖਣ ਵਾਲਿਆਂ ਲਈ ਨਿਸ਼ਚਿਤ ਤੌਰ 'ਤੇ ਖਿੱਚ ਦਾ ਕੇਂਦਰ ਰਹਿੰਦਾ ਹੈ। ਇਸੇ ਤਰ੍ਹਾਂ ਮਹਿੰਦਰਾ ਕੋਠੀ ਜਿਥੇ ਇਸ ਸਮੇਂ ਰਾਜੀਵ ਗਾਂਧੀ ਲਾਅ ਯੂਨੀਵਰਸਿਟੀ ਚੱਲ ਰਹੀ ਹੈ, ਦੀ ਦਿੱਖ ਵੀ ਕਿਸੇ ਤੋਂ ਘੱਟ ਨਹੀਂ ਹੈ।

**ਕਾਲੀ ਮਾਤਾ ਮੰਦਰ**

ਸ਼ਾਹੀ ਘਰਾਣੇ ਵੱਲੋਂ ਕੋਲਕਾਤਾ ਤੋਂ ਸ੍ਰੀ ਕਾਲੀ ਮਾਤਾ ਦੀ ਜੋਤ ਲਿਆ ਕੇ ਬਣਾਇਆ ਗਿਆ ਸ੍ਰੀ ਕਾਲੀ ਮਾਤਾ ਮੰਦਰ ਨਾ ਕੇਵਲ ਸ਼ਹਿਰ ਨਿਵਾਸੀਆਂ ਲਈ, ਸਗੋਂ ਆਸ ਪਾਸ ਪਿੰਡਾਂ ਤੋਂ ਇਲਾਵਾ ਦੂਰ ਦੂਰ ਦੇ ਲੋਕਾਂ ਲਈ ਪੂਜਣਯੋਗ ਸਥਾਨ ਹੈ। ਮਾਤਾ ਦੇ ਨਵਰਾਤਰਿਆਂ ਦੇ ਦੌਰਾਨ ਇਥੇ ਭਗਤਾਂ ਦਾ ਨਜ਼ਾਰਾ ਦੇਖਣਯੋਗ ਹੁੰਦਾ ਹੈ।

**ਗੁਰਦੁਆਰਾ ਸ੍ਰੀ ਦੁੱਖ ਨਿਵਾਰਨ ਸਾਹਿਬ**

ਗੁਰਦੁਆਰਾ ਸ੍ਰੀ ਦੁੱਖ ਨਿਵਾਰਨ ਸਾਹਿਬ ਨੌਵੀਂ ਪਾਤਸ਼ਾਹੀ ਗੁਰੂ ਤੇਗ ਬਹਾਦੁਰ ਜੀ ਦੀ ਚਰਨ ਛੋਹ ਪ੍ਰਾਪਤ ਧਰਤੀ ਹੈ, ਜਿੱਥੇ ਪੰਚਮੀ ਦਾ ਮੇਲਾ ਬੜੀ ਧੂਮ ਧਾਮ ਨਾਲ ਭਰਦਾ ਹੈ। ਸ਼ਹਿਰ ਨਿਵਾਸੀ ਸਵੇਰੇ-ਸ਼ਾਮ ਇਥੇ ਗੁਰੂ ਦਾ ਆਸ਼ੀਰਵਾਦ ਪ੍ਰਾਪਤ ਕਰਦੇ ਹਨ। ਜਿਹੜੀ ਵੀ ਸ਼ਖਸ਼ੀਅਤ ਪਟਿਆਲਾ ਆਉਂਦੀ ਹੈ, ਉਹ ਇਥੇ ਆਸ਼ੀਰਵਾਦ ਜ਼ਰੂਰ ਪ੍ਰਾਪਤ ਕਰਕੇ ਜਾਂਦੀ ਹੈ।

**ਪਟਿਆਲਾ ਦੇ ਚੌਂਕ**

ਸ਼ਾਹੀ ਸ਼ਹਿਰ ਦੇ ਫੁਹਾਰਾ ਚੌਂਕ, ਲੀਲਾ ਭਵਨ ਚੌਂਕ, ਕੜਾਹ ਵਾਲਾ ਚੌਂਕ, ਅਨਾਰਦਾਨਾ ਚੌਂਕ, ਕਿਲ੍ਹਾ ਚੌਂਕ, ਅਦਾਲਤ ਬਜ਼ਾਰ, ਧਰਮਪੁਰਾ ਬਜ਼ਾਰ, ਆਰੀਆ ਸਮਾਜ ਚੌਕਾਂ ਦਾ ਆਪਣਾ ਇਤਿਹਾਸ ਹੈ। ਹਰੇਕ ਦੀ ਆਪਣੀ ਨਿੱਜੀ ਪਛਾਣ ਹੈ।

**ਦਰਵਾਜ਼ੇ ਅਤੇ ਸੈਂਟਰ ਸਟੇਟ ਲਾਇਬਰੇਰੀ**

ਰਿਆਸਤ ਦੇ ਦਿਨਾਂ ਵਿਚ ਹਰੇਕ ਸ਼ਹਿਰ ਨੂੰ ਜਾਣ ਵਾਲੇ ਰਸਤੇ 'ਤੇ ਇੱਕ ਗੇਟ ਬਣਿਆ ਹੋਇਆ ਸੀ। ਕੁੱਲ ਮਿਲਾ ਕੇ 10 ਦਰਵਾਜ਼ੇ ਹਨ ਅਤੇ ਹਰੇਕ ਨਾਮ ਸ਼ਹਿਰਾਂ ਦੇ ਨਾਮ 'ਤੇ ਰੱਖਿਆ ਹੋਇਆ ਹੈ। ਪੁਰਾਣਾ ਸ਼ਹਿਰ ਇਨ੍ਹਾਂ ਦਰਵਾਜ਼ਿਆਂ ਦੇ ਅੰਦਰ ਹੀ ਵਸਿਆ ਹੋਇਆ ਸੀ। ਸ਼ਿਮਲਾ ਦੀ ਤਰਜ਼ 'ਤੇ ਬਣੀ ਮਾਲ ਰੋਡ 'ਤੇ ਸੈਂਟਰ ਸਟੇਟ ਲਾਇਬਰੇਰੀ ਵਿਚ ਪੁਰਾਣਾ ਅਤੇ ਅਧੁਨਿਕ ਇਤਿਹਾਸ ਭਰਿਆ ਪਿਆ ਹੈ।

**ਵਿਰਾਸਤ ਸਮਾਨ**

ਇਸ ਅਜਾਇਬਘਰ, ਜਿਹੜਾ ਆਮ ਲੋਕਾਂ ਲਈ ਪੁਰਾਤਵ ਤੇ ਸੱਭਿਆਚਾਰਕ ਵਿਭਾਗ ਪੰਜਾਬ ਨੇ ਹਾਲ ਦੀ ਘੜੀ ਖੋਲ੍ਹਿਆ ਹੈ, ਵਿੱਚ ਪੁਰਾਣੀਆਂ ਇਤਿਹਾਸਕ ਬੰਦੂਕਾਂ, ਪਿਸਤੌਲ, ਭਾਲੇ, ਟੋਪ, ਢਾਲਾਂ, ਨੇਜੇ ਤੇ ਤਲਵਾਰਾਂ ਪ੍ਰਦਰਸ਼ਿਤ ਹਨ। ਇਸ ਵਿੱਚ ਬਾਦਸ਼ਾਹ ਨਾਦਰਸ਼ਾਹ ਦੀ ਤਲਵਾਰ 'ਸ਼ਿਕਾਰਗਾਹ' ਤੇ ਈਰਾਨ ਦੇ ਬਾਦਸ਼ਾਹ ਸ਼ਾਹ ਅੱਬਾਸ ਦੀ ਤਲਵਾਰ ਵੀ ਸ਼ਾਮਲ ਹੈ। ਗੁਰੂ ਗੋਬਿੰਦ ਸਿੰਘ ਦੀ ਤਲਵਾਰ ਸਮੇਤ ਹੋਰ ਹਥਿਆਰਾਂ ਦੀਆਂ ਦੁਰਲੱਭ ਨਿਸ਼ਾਨੀਆਂ ਇੱਥੇ ਹਨ। ਰਿਆਸਤ ਦੇ ਮਹਾਰਾਜਾ ਸਾਹਿਬ ਸਿੰਘ ਦੇ ਕਾਰਜਕਾਲ ਦੌਰਾਨ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਤੋਂ ਇਲਾਵਾ ਸੰਸਾਰ 'ਚੋਂ ਕਈ ਹੋਰ ਅਹਿਮ ਸ਼ਾਸਕ ਤੇ ਸ਼ਖਸੀਅਤਾਂ ਵੀ ਇਸ ਕਿਲ੍ਹੇ 'ਚ ਆਈਆਂ ਦੱਸੀਆਂ ਜਾਂਦੀਆਂ ਹਨ। ਇਸ ਦੇ ਬਾਵਜੂਦ ਕਿਲ੍ਹੇ ਅੰਦਰ ਸਥਾਪਿਤ ਤੇ ਖਸਤਾ ਹਾਲ ਦੇ ਸ਼ਿਕਾਰ 'ਬੁਰਜ ਬਾਬਾ ਆਲਾ ਸਿੰਘ' ਵਿਖੇ ਸਦੀਆਂ ਤੋਂ ਨਿਰੰਤਰ ਬਲ ਰਹੀ ਜੋਤ ਅੱਜ ਵੀ ਬਲ ਰਹੀ ਹੈ। ਇਹ ਜੋਤ ਕਿਲ੍ਹੇ ਦੀ ਉਸਾਰੀ ਤੋਂ ਪਹਿਲਾਂ ਹੀ ਇਥੇ ਟਿੱਬੇ ਦੀ ਬਣੀ ਇੱਕ ਝਿੜੀ ਅੰਦਰ ਬਲਦੀ ਸੀ। ਬਾਬਾ ਆਲਾ ਸਿੰਘ ਨੇ ਇਸ ਜੋਤ ਕੋਲ ਲੰਮੀ ਤਪੱਸਿਆ ਵੀ ਕੀਤੀ ਸੀ। ਇਥੇ ਉਨ੍ਹਾਂ ਦਾ ਤਪੱਸਵੀ ਥੜ੍ਹਾ ਵੀ ਮੌਜੂਦ ਹੈ।





# ਸੰਘਰਸ 'ਚ ਔਰਤਾਂ ਦੀ ਸਮੂਲੀਅਤ



ਜੂਨ 2020ਵਿੱਚ ਕੇਂਦਰ ਵੱਲੋਂ ਨਵੇ ਖੇਤੀਬਾੜੀ ਆਰਡੀਨੈਂਸ ਜਾਰੀ ਕੀਤੇ ਗਏ।ਕਿਸਾਨਾਂ ਨੂੰ ਡਰ ਸਤਾਉਣ ਲੱਗਾ ਕਿ ਜੇਕਰ ਖੇਤੀ ਬਿੱਲ ਲਾਗੂ ਹੋ ਜਾਂਦੇ ਹਨ, ਤਾਂ ਉਨ੍ਹਾਂ ਦੀਆਂ ਜਮੀਨਾਂ ਕਾਰਪੋਰੇਟ ਦੇ ਹਵਾਲੇ ਹੋ ਜਾਣਗੀਆਂ।ਜਿਸ ਕਰਕੇ ਔਰਤਾਂ ਵੱਲੋਂ ਪਿੰਡ-ਪਿੰਡ ਵਿੱਚ ਲੋਕਾਂ ਨੂੰ ਇਨ੍ਹਾਂ ਮਾਰੂ ਖੇਤੀ ਬਿੱਲਾਂ ਪ੍ਰਤੀ ਜਾਗਰੂਕ ਕੀਤਾ ਗਿਆ।ਤਕਰੀਬਨ ਦੋ ਮਹੀਨੇ ਰੇਲ ਚੱਕਾ ਜਾਮ ਰਿਹਾ। ਜਿਸ ਵਿਚ ਔਰਤਾਂ ਵੀ ਸਾਮਿਲ ਹੋਈਆਂ।ਰਿਲਾਇੰਸ ਸਟੋਰ, ਪੈਟਰੋਲ ਪੰਪ ਤੇ ਵੀ ਧਰਨੇ ਦਿੱਤੇ ਗਏ।ਔਰਤਾਂ ਨੇ ਮੋਢੇ ਨਾਲ ਮੋਢਾ ਜੋੜ ਕੇ ਮਰਦਾਂ ਨਾਲ ਧਰਨੇ ਦਿੱਤੇ।ਪੰਜਾਬ ਵਿਚ ਬੰਦ ਦਾ ਸੱਦਾ ਵੀ ਦਿੱਤਾ ਗਿਆ ਸੀ, ਉਸ ਵਿੱਚ ਔਰਤਾਂ ਦੀ ਸਮੂਲੀਅਤ ਵੀ ਵੱਡੇ ਪੱਧਰ ਤੇ ਹੋਈ।

ਜਦੋਂ ਕੋਈ ਸਾਰਥਕ ਨਤੀਜਾ ਨਾ ਨਿਕਲਿਆ ਤਾਂ ਕਿਸਾਨਾਂ ਨੇ ਨਵੰਬਰ ਮਹੀਨੇ ਦਿੱਲੀ ਵੱਲ ਕੂੱਚ ਕੀਤਾ।ਜਿਸ ਵਿੱਚ ਵੱਡੇ ਪੱਧਰ ਤੇ ਔਰਤਾਂ ਸਾਮਿਲ ਹੋਈਆਂ। ਹਰਿਆਣਾ ਸਰਕਾਰ ਵੱਲੋਂ ਪਹਿਲੇ ਤਾਂ ਬਹੁਤ ਸਖਤੀ ਕੀਤੀ ਗਈ। ਕਿਸਾਨਾਂ ਤੇ ਅੱਥਰੂ ਗੈਸ ਦੇ ਗੋਲੇ ਦਾਗੇ ਗਏ। ਪਾਣੀ ਦੀਆਂ ਬੁਛਾੜਾਂ ਦੀਆਂ ਪਰਵਾਹ ਕੀਤੇ ਬਿਨਾਂ ਹੀ ਕਿਸਾਨਾਂ ਨੇ ਦਿੱਲੀ ਵੱਲ ਕੂਚ ਕੀਤਾ। ਜਿਸ ਵਿੱਚ ਵੱਡੇ ਪੱਧਰ ਤੇ ਔਰਤਾਂ ,ਨੌਜਵਾਨਾਂ ,ਬਜੁਰਗਾਂ ,ਮਜਦੂਰ, ਲੇਖਕਾਂ, ਗੀਤਕਾਰ, ਨਾਟਕਕਾਰ ਆਦਿ ਵਰਗਾਂ ਨੇ ਸਮੂਲੀਅਤ ਕੀਤੀ।ਦੇਖਾ ਦੇਖੀ ਵਿੱਚ ਆਪਣੇ ਹੱਕਾਂ ਦੀ ਰਾਖੀ ਲਈ ਹੋਰ ਸੂਬਿਆਂ ਦੀਆਂ ਔਰਤਾਂ ਨੇ ਕਿਸਾਨਾਂ ਨਾਲ ਦਿੱਲੀ ਵੱਲ ਨੂੰ ਕੂਚ ਕਰਨਾ ਸੂਰੂ ਕਰ ਦਿੱਤਾ। ਹੋਰ ਸੂਬਿਆਂ ਦੀਆਂ ਔਰਤਾਂ ਜਿਵੇਂ ਰਾਜਸਥਾਨ ,ਹਰਿਆਣਾ ਆਪ ਹੀ ਟਰੈਕਟਰ ਚਲਾ ਕੇ 'ਕਿਸਾਨ-ਮਜਦੂਰ ਏਕਤਾ ਜਿੰਦਾਬਾਦ' ਦਾ ਨਾਅਰਾ ਦਿੰਦੇ ਹੋਏ ਵੱਡੇ ਪੱਧਰ ਤੇ ਇਸ ਵਿਚ ਸਾਮਲ ਹੋ ਰਹੀਆਂ ਹਨ। ਭੁੱਖ ਹੜਤਾਲ ਵਿੱਚ ਔਰਤਾਂ ਬਰਾਬਰ ਮਰਦਾਂ ਦੇ ਨਾਲ ਧਰਨੇ ਤੇ ਬੈਠੀਆਂ ਹਨ। ਲੰਗਰ ਸੇਵਾ ਜਾਂ ਹੋਰ ਵੀ ਕਈ ਜੰਮਿਵਾਰੀਆਂ ਔਰਤਾਂ ਬਹੁਤ ਹੀ ਬਾਖੂਬੀ ਤਰੀਕੇ ਨਾਲ ਨਿਭਾ ਰਹੀਆਂ ਹਨ।ਪੰਜਾਬ ਦੀਆਂ ਔਰਤਾਂ ਦੀ ਸੰਘਰਸ ਸਮੂਲੀਅਤ ਨੇ ਹਰਿਆਣਵੀ ਔਰਤਾਂ ਨੂੰ ਵੀ ਜਾਗਰੂਕ ਕਰ ਦਿੱਤਾ ਹੈ।7 ਜਨਵਰੀ ਨੂੰ ਦਿੱਲੀ ਦੀਆਂ ਬਰੂਹਾਂ ਤੇ ਟਰੈਕਟਰ ਮਾਰਚ ਕੱਢਿਆ ਗਿਆ। ਜਿਸ ਵਿੱਚ ਔਰਤਾਂ ਆਪ ਹੀ ਟਰੈਕਟਰ ਚਲਾ ਕੇ ਸਾਮਿਲ ਹੋਈਆਂ । ਆਮ ਸੁਣਨ ਵਿੱਚ ਵੀ ਆਉਂਦਾ ਹੈ ਕਿ ਹਰਿਆਣੇ ਵਿਚ ਔਰਤਾਂ ਆਪਣਾ ਮੂੰਹ ਢੱਕ ਕੇ ਰੱਖਦੀਆਂ ਹਨ । ਉਹ ਕਿਸੇ ਮਰਦ ਦੇ ਮੂਹਰੇ ਵੀ ਨਹੀਂ ਆਉਂਦੀਆਂ ਤੇ ਆਪਣੇ ਨਾਲੋਂ ਵੱਡੀ ਉਮਰ ਦੇ ਮਰਦ ਨਾਲ ਗੱਲ ਵੀ ਨਹੀਂ ਕਰਦੀਆਂ । ਹਰਿਆਣਵੀ ਔਰਤ ਜੇ ਆਪਣੇ ਘਰੇਲੂ ਕੰਮਕਾਜ ਲਈ ਬਾਹਰ ਵੀ ਜਾਂਦੀਆਂ ਹਨ ,ਤਾਂ ਉਹ ਹਮੇਸਾ ਘੁੰਡ ਕੱਢ ਕੇ ਹੀ ਰੱਖਦੀਆਂ ਹਨ। ਪਰ ਜਦੋਂ ਦਾ ਕਿਸਾਨੀ ਸੰਘਰਸ ਸੂਰੂ ਹੋਇਆ ਹੈ ਹਰਿਆਣਾ ਦੀਆਂ ਔਰਤਾਂ ਵੀ ਆਪਣੇ ਹੱਕਾਂ ਲਈ ਜਾਗਰੂਕ ਹੋ ਗਈਆਂ ਹਨ।ਉਹਨਾਂ ਦਾ ਕਹਿਣਾ ਹੈ ਕਿ ਜੇ ਪੰਜਾਬ ਦੀਆਂ ਔਰਤਾਂ ਧਰਨੇ ਵਿੱਚ ਸਾਮਲ ਹੋ ਸਕਦੀਆਂ ਹਨ , ਤਾਂ ਅਸੀਂ ਕਿਸੇ ਨਾਲੋਂ ਘੱਟ ਨਹੀਂ ਹਨ। ਹਰਿਆਣੇ ਦੀਆਂ ਔਰਤਾਂ ਆਪ ਹੀ ਟਰੈਕਟਰ ਚਲਾ ਕੇ "ਜੈ ਜਵਾਨ ਜੈ ਕਿਸਾਨ" ਦਾ ਨਾਅਰਾ ਲਾਉਂਦੇ ਹੋਏ ਇਸ ਟਰੈਕਟਰ ਮਾਰਚ ਵਿੱਚ ਸਾਮਲ ਹੋਈਆਂ। ਇੱਕ ਟਰੈਕਟਰ ਤੇ ਚਾਰ ਜਾਂ ਪੰਜ ਔਰਤਾਂ ਬੈਠੀਆਂ ਸਨ ਤੇ ਆਪ ਹੀ ਟਰੈਕਟਰ ਚਲਾ ਰਹੀਆਂ ਸਨ।ਉਹਨਾਂ ਦਾ ਕਹਿਣਾ ਹੈ ਕਿ ਜੋ 26 ਜਨਵਰੀ ਨੂੰ ਦਿੱਲੀ ਦੇ ਅੰਦਰ ਵੜ ਕੇ 'ਟਰੈਕਟਰ ਪਰੇਡ' ਕੀਤੀ ਜਾਵੇਗੀ ,ਉਸ ਵਿੱਚ ਬਹੁਤ ਵੱਡੇ ਪੱਧਰ ਤੇ ਔਰਤਾਂ ਸਾਮਲ ਹੋਣਗੀਆਂ।ਦੇਖਣ ਵਿਚ ਵੀ ਆ ਰਿਹਾ ਹੈ ਕਿ ਹਰਿਆਣਾ ਦੇ ਕਈ ਪਿੰਡਾਂ ਵਿਚ ਔਰਤਾਂ ਟਰੈਕਟਰ ਚਲਾਉਣਾ ਸਿਖ ਰਹੀਆਂ ਹਨ।ਉਹਨਾਂ ਦਾ ਕਹਿਣਾ ਹੈ ਕਿ ਅੱਜ ਅਸੀਂ ਆਪਣੀ ਜਮੀਨ ਨੂੰ ਬਚਾਉਣ ਲਈ ਲੜ ਰਹੀਆਂ ਹਨ। ਅਸੀਂ ਆਪਣੀ ਜਮੀਨ ਕਾਰਪੋਰੇਟ ਦੇ ਹਵਾਲੇ ਨਹੀਂ ਕਰਨਗੀਆਂ।

ਇਹ ਅੰਦੋਲਨ ਹੁਣ ਜਨ-ਅੰਦੋਲਨ ਬਣ ਗਿਆ।ਹਰ ਵਰਗ ਦੇ ਲੋਕ ਜਾਤਾਂ-ਧਰਮਾਂ ਤੋਂ ਉੱਪਰ ਉੱਠ ਕੇ ਕਿਸਾਨ ਅੰਦੋਲਨ ਦੀ ਹਮਾਇਤ ਕਰ ਰਹੇ ਹਨ।ਇਕ ਹੀ ਜਗ੍ਹਾ ਬੈਠ ਕੇ ਧਰਨੇ ਦਿੱਤੇ ਜਾ ਰਹੇ ਹਨ ਅਤੇ ਇਕੱਠੇ ਖਾਣਾ ਬਣਾਇਆ ਤੇ ਖਾਧਾ ਜਾ ਰਿਹਾ ਹੈ। ਹਰਿਆਣਾ ਦੀਆਂ ਔਰਤਾਂ ਪੰਜਾਬ ਦੇ ਕਿਸਾਨਾਂ ਨੂੰ ਆਪਣੇ ਮਹਿਮਾਨ ਦੱਸ ਕੇ ਉਹਨਾਂ ਦੀ ਖੂਬ ਆਉ ਭਗਤ ਕਰ ਰਹੀਆਂ ਹਨ।ਧਰਨੇ ਤੇ ਦੁੱਧ ਦੀਆਂ ਨਦੀਆਂ ਵੱਗ ਰਹੀਆਂ ਹਨ । ਖਾਣ ਪੀਣ ਦੀ ਕੋਈ ਕਮੀ ਨਹੀਂ ਹੈ।ਦੇਖਣ ਵਿੱਚ ਵੀ ਆਇਆ ਹੈ ਕਿ ਜੋ ਗਰੀਬ ਤਬਕਾ ਦਿੱਲੀ ਬਾਰਡਰ ਦੇ ਨੇੜੇ ਝੁੱਗੀ-ਝੌਂਪੜੀਆਂ ਵਿਚ ਰਹਿੰਦਾ ਹੈ ਉਹ ਕਿਸਾਨਾਂ ਨੂੰ ਦਿਲੋਂ ਅਸੀਸ ਦੇ ਰਹੇ ਹਨ।ਕਿਉਂਕਿ ਉਹਨਾਂ ਨੂੰ ਭਰ ਪੇਟ ਖਾਣ ਪੀਣ ਨੂੰ ਮਿਲ ਰਿਹਾ ਹੈ।ਸਵੇਰ ਸਾਮ ਹਰਿਆਣਵੀ ਕੁੜੀਆਂ ਬੈਡਮਿੰਟਨ ਤੇ ਕਬੱਡੀ ਖੇਡਦੀਆਂ ਹਨ।ਕੇਂਦਰ ਸਰਕਾਰ ਦਾ ਫਰਜ ਬਣਦਾ ਹੈ ਕਿ ਉਹ ਸੰਸਦ ਦਾ ਦਾਮਨ ਨਾ ਛੱਡੇ ਅਤੇ ਕਿਸਾਨਾਂ ਦੀਆਂ ਮੰਗਾਂ ਮੰਨੇ।ਸਰਕਾਰ ਇਸ ਅੰਦੋਲਨ ਨੂੰ ਜਿੰਨਾ ਲੰਬਾ ਖਿੱਚੇਗੀ, ਇਹ ਹੋਰ ਪ੍ਰਚੰਡ ਹੁੰਦਾ ਜਾਵੇਗਾ।ਇਸ ਦਾ ਸਰਕਾਰ ਨੂੰ ਹੀ ਨੁਕਸਾਨ ਹੋਵੇਗਾ।

**ਸੰਜੀਵ ਸਿੰਘ ਸੈਣੀ, ਮੋਹਾਲੀ**

# ਦਸਵੀਂ ਜਮਾਤ ਤੋਂ ਬਾਅਦ ਸਟ੍ਰੀਮ ਦੀ ਚੋਣ ਕਿਵੇਂ ਕਰੀਏ



ਤੁਹਾਡੀਆਂ ਦਸਵੀਂ ਜਮਾਤ ਦੀਆਂ ਪ੍ਰੀਖਿਆਵਾਂ ਤੋਂ ਬਾਅਦ, ਤੁਸੀਂ ਪਹਿਲੇ @ਕ੍ਰਾਸਰੌਡਸ@ ਤੇ ਖੜੇ ਹੋ. ਤੁਸੀਂ ਅੱਗੇ ਕੀ ਕਰੋਗੇ ? ਕੀ ਤੁਸੀਂ ਸੜਕ ਨੂੰ ਘੱਟ ਤਣਾਅ, ਘੱਟ ਅਧਿਐਨ, ਅਸਾਨ ਅਧਿਐਨ ਜਾਂ ਕਈਆਂ ਦੀ ਤਰ੍ਹਾਂ ਵਾਧੂ ਮੀਲ ਦੀ ਯਾਤਰਾ ਵੱਲ ਲਿਜਾਣਗੇ ?

ਆਪਣੀ ਜ਼ਿੰਦਗੀ ਵਿਚ ਪਹਿਲੀ ਵਾਰ, ਤੁਹਾਨੂੰ ਇਕ ਸਵਾਲ ਦਾ ਸਾਹਮਣਾ ਕਰਨਾ ਪਏਗਾ ਜੋ ਤੁਹਾਨੂੰ ਸਾਰੀ ਉਮਰ ਤੰਗ ਕਰ ਸਕਦਾ ਹੈ, ÷ਇਸ ਤੋਂ ਬਾਅਦ ਤੁਸੀਂ ਕੀ ਕਰਨ ਜਾ ਰਹੇ ਹੋ÷ ? ਇਹ ਪ੍ਰਸ਼ਨ ਸਮੇਂ ਸਮੇਂ ਤੇ ਆ ਜਾਵੇਗਾ, ਜਦੋਂ ਵੀ ਤੁਸੀਂ ਆਪਣੀ ਜ਼ਿੰਦਗੀ ਦੇ ਕਿਸੇ ਮਹੱਤਵਪੂਰਣ ਮੀਲ ਪੱਥਰ ਤੇ ਪਹੁੰਚੋ. ਬਹੁਤ ਸਾਰੇ ਵਿਦਿਆਰਥੀਆਂ ਨੂੰ ਇਹ ਪ੍ਰਸ਼ਨ ਬਹੁਤ ਨਿਰਾਸ਼ਾਜਨਕ ਅਤੇ ਡਰਾਉਣਾ ਲੱਗਦਾ ਹੈ ਜੇ ਉਹ ਆਪਣੇ ਕੈਰੀਅਰ ਦੀਆਂ ਅਭਿਲਾਸ਼ਾਵਾਂ ਜਾਂ ਇਸ ਤੱਕ ਕਿਵੇਂ ਪਹੁੰਚਣਾ ਹੈ ਬਾਰੇ ਸਪਸ਼ਟ ਨਹੀਂ ਹਨ.

ਬਹੁਤੇ ਵਿਦਿਆਰਥੀਆਂ ਲਈ, ਇਹ ਪੜਾਅ ਇੱਕ ਗੁੰਝਲਦਾਰ ਭੁੱਬਾਂ ਵਾਂਗ ਦਿਖਾਈ ਦਿੰਦਾ ਹੈ ਜਿਸ ਨਾਲ ਬਹੁਤ ਸਾਰੇ ਦਰਵਾਜ਼ੇ ਵੱਖ-ਵੱਖ ਦਿਸ਼ਾਵਾਂ ਵੱਲ ਜਾਂਦੇ ਹਨ, ਅਤੇ ਉਹ ਦਰਵਾਜ਼ਾ ਲੱਭਣਾ ਮੁਸ਼ਕਲ ਹੋ ਜਾਂਦਾ ਹੈ ਜੋ ਵਿਦਿਆਰਥੀ ਦੇ ਸੁਪਨੇ ਦੇ ਕਰੀਅਰ ਵੱਲ ਜਾਂਦਾ ਹੈ. ਆਓ ਅਸੀਂ ਇਸ ਪਾਗਲ ਨੂੰ ਉਪਰੋਂ ਵੇਖਣ ਦੀ ਕੋਸ਼ਿਸ਼ ਕਰੀਏ, ਤਾਂ ਜੋ ਅਸੀਂ ਉਨ੍ਹਾਂ ਦਰਵਾਜ਼ਿਆਂ ਨੂੰ ਜੋੜ ਸਕਾਂ ਜਿਹੜੇ ਤੁਹਾਨੂੰ ਤੁਹਾਡੇ ਸੁਪਨੇ ਵੱਲ ਲੈ ਜਾਣ.

**ਚੋਣ ਕਿਉਂ ਮਹੱਤਵਪੂਰਨ ਹੈ ?**

ਬਹੁਤ ਸਾਰੇ ਮਾਪੇ ਇਹ ਪ੍ਰਸ਼ਨ ਪੁੱਛਦੇ ਹਨ ਅਤੇ ਮਹਿਸੂਸ ਕਰਦੇ ਹਨ ਕਿ ਇਹ ਜ਼ਿੰਦਗੀ ਦਾ ਮਹੱਤਵਪੂਰਣ ਵਿਕਲਪ ਨਹੀਂ ਹੈ ਅਤੇ 12 ਵੀਂ ਤੋਂ ਬਾਅਦ ਦੁਬਾਰਾ ਲਿਆ ਜਾ ਸਕਦਾ ਹੈ. ਇਸਦੇ ਉਲਟ, ਇਹ ਸ਼ਾਇਦ ਇੱਕ ਵਿਦਿਆਰਥੀ ਲਈ ਪਹਿਲਾ ਵੱਡਾ ਫੈਸਲਾ ਹੈ ਅਤੇ ਇਹ ਵੀ ਇੱਕ ਜੋ ਤੁਹਾਡੇ ਕੈਰੀਅਰ ਨੂੰ ਇੱਕ ਦਿਸ਼ਾ ਪ੍ਰਦਾਨ ਕਰਦਾ ਹੈ. ਜਲਦੀ ਸ਼ੁਰੂ ਕਰਨਾ ਹਮੇਸ਼ਾਂ ਬਿਹਤਰ ਹੁੰਦਾ ਹੈ.

ਹਰੇਕ ਵਿਦਿਆਰਥੀ ਕੋਲ ਕੁਸ਼ਲਤਾਵਾਂ, ਸ਼ਕਤੀਆਂ ਅਤੇ ਕਮਜ਼ੋਰੀਆਂ ਦਾ ਇੱਕ ਅਨੋਖਾ ਸਮੂਹ ਹੁੰਦਾ ਹੈ ਅਤੇ ਇਸ ਲਈ ਹਰ ਵਿਦਿਆਰਥੀ ਲਈ ਵਿਲੱਖਣ ਫੈਸਲਾ ਲੈਣਾ ਬਹੁਤ ਮਹੱਤਵਪੂਰਨ ਹੁੰਦਾ ਹੈ.

ਆਓ ਅਸੀਂ ਇਸ ਜੰਕਸ਼ਨ @ਤੇ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਦੁਆਰਾ ਦਰਪੇਸ਼ ਕੁਝ ਆਮ ਮੁੱਦਿਆਂ@ ਤੇ ਗੌਰ ਕਰੀਏ:

1. ਬਹੁਤ ਸਾਰੇ ਵਿਕਲਪਾਂ ਤੋਂ ਭੰਬਲਭੂਸਾ:

ਮਾਪਿਆਂ ਦੁਆਰਾ ਦਰਪੇਸ਼ ਇਹ ਸਭ ਤੋਂ ਵੱਡੀ ਸਮੱਸਿਆ ਹੈ. ਜੇ ਅਸੀਂ ਇੱਕ ਜਾਂ ਦੋ ਦਹਾਕੇ ਪਿੱਛੇ ਚਲੇ ਜਾਂਦੇ ਹਾਂ, ਜਦੋਂ ਤੁਹਾਡੇ ਮਾਪੇ ਤੁਹਾਡੇ ਸਥਾਨ ਤੇ ਹੁੰਦੇ ਸਨ, ਉਹਨਾਂ ਨੂੰ ਸਭ ਨੂੰ ਚੁਣਨਾ ਸੀ ਗਣਿਤ ਅਤੇ ਜੀਵ ਵਿਗਿਆਨ ਦੇ ਵਿਚਕਾਰ. ਇਹ ਹੁਣ ਕੇਸ ਨਹੀਂ ਹੈ, ਇੱਥੇ ਬਹੁਤ ਸਾਰੇ ਵਿਕਲਪ ਉਪਲਬਧ ਹਨ ਅਤੇ ਜਿਵੇਂ ਕਿ ਕਿਹਾ ਜਾਂਦਾ ਹੈ, ਵਧੇਰੇ ਵਿਕਲਪਾਂ ਦਾ ਅਰਥ ਹੈ ਗਲਤ ਚੋਣ ਕਰਨ ਦੀਆਂ ਵਧੇਰੇ ਸੰਭਾਵਨਾਵਾਂ.

2. ਫੈਸਲੇ ਲਈ ਕੀ ਵਿਚਾਰਨਾ ਹੈ:

ਜ਼ਿੰਦਗੀ ਵਿਚ ਕੋਈ ਵੀ ਫੈਸਲਾ ਲੈਂਦੇ ਸਮੇਂ, ਤੁਹਾਨੂੰ ਆਪਣੀ ਚੋਣ ਦੇ ਨਤੀਜੇ ਨੂੰ ਧਿਆਨ ਵਿਚ ਰੱਖਣ ਦੀ ਜ਼ਰੂਰਤ ਹੁੰਦੀ ਹੈ. ਇਸੇ ਤਰ੍ਹਾਂ, ਤੁਹਾਡੀ 10 ਵੀਂ ਤੋਂ ਬਾਅਦ, ਤੁਹਾਨੂੰ ਨਾ ਸਿਰਫ ਭਵਿੱਖ ਵੱਲ ਵੇਖਣਾ ਚਾਹੀਦਾ ਹੈ ਅਤੇ ਆਪਣੇ ਕਰੀਅਰ ਅਨੁਸਾਰ ਫੈਸਲਾ ਲੈਣਾ ਚਾਹੀਦਾ ਹੈ, ਬਲਕਿ ਤੁਹਾਨੂੰ ਆਪਣੇ ਅਤੀਤ ਨੂੰ ਵੀ ਵਿਚਾਰਨਾ ਚਾਹੀਦਾ ਹੈ ਅਤੇ ਆਪਣੀਆਂ ਤਾਕਤਾਂ ਅਤੇ ਕਮਜ਼ੋਰੀਆਂ ਦੇ ਅਧਾਰ ਤੇ ਫੈਸਲਾ ਲੈਣਾ ਚਾਹੀਦਾ ਹੈ.

3. ਕਿਹੜਾ ਬੋਰਡ ਚੁਣਨਾ ਹੈ:

10 ਵੀਂ ਤੋਂ ਬਾਅਦ, ਤੁਹਾਡੇ ਕੋਲ ਇਕੋ ਵਿੱਦਿਆ ਬੋਰਡ ਨਾਲ ਜੁੜੇ ਰਹਿਣ ਜਾਂ ਕਿਸੇ ਵੱਖਰੇ ਬੋਰਡ ਵਿਚ ਜਾਣ ਦਾ ਵਿਕਲਪ ਹੈ. ਇਹ ਫੈਸਲਾ ਹਰ ਬੋਰਡ ਦੇ ਮੁਸ਼ਕਲ ਪੱਧਰ ਨੂੰ ਸਮਝਣ ਤੋਂ ਬਾਅਦ ਲਿਆ ਜਾਣਾ ਚਾਹੀਦਾ ਹੈ. ਉਦਾਹਰਣ ਦੇ ਲਈ, ਜੇ ਤੁਸੀਂ 10 ਵੀਂ ਤੱਕ ਰਾਜ ਬੋਰਡ ਵਿੱਚ ਪੜ੍ਹਿਆ ਹੈ, ਤੁਹਾਨੂੰ ਮੁਸ਼ਕਲ ਦਾ ਸਾਹਮਣਾ ਕਰਨ ਲਈ ਤਿਆਰ ਹੋਣਾ ਚਾਹੀਦਾ ਹੈ ਜੇ ਤੁਸੀਂ ਸੀਬੀਐਸਈ ਜਾਂ ਆਈਐਸਸੀ ਜਾਂ ਆਈਜੀਸੀਐਸ ਵਰਗੇ ਬੋਰਡਾਂ ਵਿੱਚ ਜਾਣਾ ਚਾਹੁੰਦੇ ਹੋ.

ਤੁਹਾਨੂੰ ਹੇਠ ਲਿਖੀਆਂ ਤਿੰਨ ਧਾਰਾਵਾਂ ਵਿੱਚੋਂ ਇੱਕ ਦੀ ਚੋਣ ਕਰਨੀ ਪਵੇਗੀ; ਕਲਾ, ਵਿਗਿਆਨ ਅਤੇ ਵਣਜ ਇਹ ਸਾਰੀਆਂ ਧਾਰਾਵਾਂ ਵੱਖ-ਵੱਖ ਕੈਰੀਅਰ ਦੇ ਖੇਤਰਾਂ ਵੱਲ ਲੈ ਜਾਂਦੀਆਂ ਹਨ.

ਆਓ ਅਸੀਂ ਵਿਅਕਤੀਗਤ ਤੌਰ ਤੇ ਉਹਨਾਂ ਸਟ੍ਰੀਮਜ ਵਿੱਚ ਵੇਖੀਏ ਜੋ ਵਿਦਿਆਰਥੀ ਚੁਣ ਸਕਦੇ ਹਨ:

1. ਵਿਗਿਆਨ:

ਇਹ 10 + 2 ਦੀ ਸਿੱਖਿਆ ਲਈ ਸਭ ਤੋਂ ਚੁਣੀ ਗਈ ਧਾਰਾ ਹੈ ਅਤੇ ਦਵਾਈ ਅਤੇ ਇੰਜੀਨੀਅਰਿੰਗ ਸਮੇਤ ਕੈਰੀਅਰ ਦੇ ਬਹੁਤ ਸਾਰੇ ਵਿਕਲਪ ਪੇਸ਼ ਕਰਦੀ ਹੈ. ਇਹ ਇਸ ਤੱਥ ਲਈ ਵੀ ਪ੍ਰਸਿੱਧ ਹੈ ਕਿ ਇਹ ਤੁਹਾਡੇ ਵਿਕਲਪਾਂ ਨੂੰ ਖੁੱਲਾ ਰੱਖਦਾ ਹੈ, ਅਰਥਾਤ ਇਕ ਵਿਦਿਆਰਥੀ ਨੂੰ 10 + 2 ਵਿਚ ਸਾਇੰਸ ਦੀ ਪੜ੍ਹਾਈ ਕਰਨ ਤੋਂ ਬਾਅਦ ਵਣਜ ਜਾਂ ਕਲਾ ਦੀ ਚੋਣ ਕਰਨ ਦੀ ਆਗਿਆ ਹੈ, ਜਦੋਂ ਕਿ ਕਾਮਰਸ ਅਤੇ ਆਰਟਸ ਦੇ ਵਿਦਿਆਰਥੀ ਵਿਗਿਆਨ ਨਹੀਂ ਕਰ ਸਕਦੇ.

ਵਿਗਿਆਨ ਦੀ ਧਾਰਾ ਵਿਚ, ਤੁਹਾਨੂੰ ਘੱਟੋ-ਘੱਟ ਛੇ ਵਿਸ਼ੇ ਲੈਣੇ ਪੈਣਗੇ ਜਿਸ ਵਿਚ ਇਕ ਲਾਜ਼ਮੀ ਭਾਸ਼ਾ ਵੀ ਸ਼ਾਮਲ ਹੈ. ਗਣਿਤ, ਜੀਵ ਵਿਗਿਆਨ, ਭੌਤਿਕ ਵਿਗਿਆਨ, ਰਸਾਇਣ, ਕੰਪਿਊਟਰ ਸਾਇੰਸ, ਆਈ ਟੀ, ਇਲੈਕਟ੍ਰਾਨਿਕਸ ਆਦਿ ਵਿਸ਼ਿਆਂ ਲਈ ਬਹੁਤ ਸਾਰੇ ਵਿਕਲਪ ਹਨ ਵਿਦਿਆਰਥੀ ਨੂੰ ਉਹ ਵਿਸ਼ੇ ਚੁਣਨਾ ਚਾਹੀਦਾ ਹੈ ਜੋ ਉਨ੍ਹਾਂ ਨੂੰ ਉਨ੍ਹਾਂ ਦੇ ਸੰਭਾਵਿਤ ਕੈਰੀਅਰ ਵੱਲ ਲੈ ਜਾ ਸਕਦੀਆਂ ਹਨ.

2. **ਕਲਾ:**

ਹਾਲਾਂਕਿ, ਵਿਦਿਆਰਥੀਆਂ ਵਿੱਚ ਇਹ ਧਾਰਾ ਇੰਨੀ ਆਮ ਨਹੀਂ ਹੈ, ਇਸ ਵਿੱਚ ਕੈਰੀਅਰ ਦੇ ਬਹੁਤ ਸਾਰੇ ਦਿਲਚਸਪ ਮੌਕਿਆਂ ਜਿਵੇਂ ਪੱਤਰਕਾਰੀ, ਸਾਹਿਤ, ਸਮਾਜਕ ਕਾਰਜਾਂ, ਅਧਿਆਪਨ, ਆਦਿ ਸ਼ਾਮਲ ਹਨ. ਆਰਟਸ ਸਟ੍ਰੀਮ ਵਿੱਚ, ਤੁਹਾਨੂੰ ਛੇ ਵਿਸ਼ਿਆਂ ਦੀ ਚੋਣ ਕਰਨੀ ਪਏਗੀ ਜਿਸ ਵਿੱਚ ਇੱਕ ਲਾਜ਼ਮੀ ਭਾਸ਼ਾ ਅਤੇ ਇੱਕ ਵਿਕਲਪਿਕ ਭਾਸ਼ਾ ਸ਼ਾਮਲ ਹੈ. ਕਲਾ ਤੁਹਾਨੂੰ ਬਾਕੀ ਚਾਰ ਵਿਸ਼ਿਆਂ ਦੀ ਚੋਣ ਕਰਨ ਲਈ ਵਿਕਲਪਾਂ ਦੀ ਵਿਸ਼ਾਲ ਸੂਚੀ ਪ੍ਰਦਾਨ ਕਰਦੀ ਹੈ ਜਿਸ ਵਿੱਚ ਸਮਾਜ ਸ਼ਾਸਤਰ, ਇਤਿਹਾਸ, ਸਾਹਿਤ, ਮਨੋਵਿਗਿਆਨ, ਰਾਜਨੀਤੀ ਵਿਗਿਆਨ, ਦਰਸ਼ਨ, ਅਰਥ ਸ਼ਾਸਤਰ ਆਦਿ ਸ਼ਾਮਲ ਹਨ.

3. **ਵਪਾਰ:**

ਇਹ ਭਾਰਤ ਵਿਚ ਵਿਦਿਆਰਥੀਆਂ ਵਿਚ ਦੂਜੀ ਸਭ ਤੋਂ ਮਸ਼ਹੂਰ ਚੋਣ ਹੈ. ਵਣਜ ਧਾਰਾ ਕੁਝ ਉੱਚਿਤ ਅਦਾਇਗੀ ਕਰਨ ਵਾਲੇ ਅਤੇ ਸਨਮਾਨਿਤ ਨੌਕਰੀਆਂ ਜਿਵੇਂ ਕਿ ਨਿਵੇਸ਼ ਬੈਂਕਿੰਗ, ਚਾਰਟਰਡ ਅਕਾਉਂਟੈਂਟ, ਕੰਪਨੀ ਸੈਕਟਰੀ, ਖਾਤੇ ਅਤੇ ਵਿੱਤੀ ਸਲਾਹਕਾਰ ਆਦਿ ਵੱਲ ਜਾਂਦਾ ਹੈ.

ਕਾਮਰਸ ਸਟ੍ਰੀਮ ਵਿੱਚ ਸਿਖਾਏ ਗਏ ਤਿੰਨ ਪ੍ਰਮੁੱਖ ਵਿਸ਼ੇ ਅਰਥ ਸ਼ਾਸਤਰ, ਲੇਖਾਕਾਰੀ ਅਤੇ ਕਾਰੋਬਾਰੀ ਕਾਨੂੰਨ ਜਾਂ ਵਪਾਰਕ ਅਧਿਐਨ ਹਨ. ਬਹੁਤੇ ਕਾਮਰਸ ਕਾਲਜਾਂ ਦੁਆਰਾ ਪੇਸ਼ ਕੀਤੇ ਵਿਸ਼ਿਆਂ ਵਿੱਚ ਕਾਰੋਬਾਰੀ ਅਰਥ ਸ਼ਾਸਤਰ, ਕਾਰੋਬਾਰੀ ਕਾਨੂੰਨ, ਲੇਖਾਕਾਰੀ, ਆਡਿਟ, ਇਨਕਮ ਟੈਕਸ, ਮਾਰਕੀਟਿੰਗ ਆਦਿ ਸ਼ਾਮਲ ਹੁੰਦੇ ਹਨ. ਬਸ ਉਪਰੋਕਤ ਦੋ ਧਾਰਾਵਾਂ ਦੀ ਤਰ੍ਹਾਂ, ਵਪਾਰਕ ਧਾਰਾ ਵਿੱਚ ਵੀ ਵਿਦਿਆਰਥੀ ਨੂੰ ਇੱਕ ਲਾਜ਼ਮੀ ਭਾਸ਼ਾ ਸਮੇਤ ਛੇ ਵਿਸ਼ਿਆਂ ਦੀ ਚੋਣ ਕਰਨੀ ਪੈਂਦੀ ਹੈ. ਜੇ ਤੁਸੀਂ ਅਜੇ ਵੀ ਉਲਝਣ ਵਿੱਚ ਹੋ, ਤਾਂ ਤੁਸੀਂ ਇਹ ਪਤਾ ਕਰ ਸਕਦੇ ਹੋ ਕਿ ਸਹੀ ਦਰਵਾਜ਼ੇ ਨੂੰ ਸਹੀ ਜਗ੍ਹਾ @ਤੇ ਪਾ ਕੇ ਇਸ ਭੁੱਲੇ ਨੂੰ ਕਿਵੇਂ ਸੌਖਾ ਬਣਾਇਆ ਜਾਵੇ. ਹਰ ਦੂਸਰੀ ਪਸੰਦ ਦੀ ਤਰ੍ਹਾਂ, ਤੁਹਾਨੂੰ ਸਿਰਫ ਵਿਸ਼ਾਲ ਤਸਵੀਰ ਨੂੰ ਵੇਖਣ ਅਤੇ ਆਪਣੇ ਭਵਿੱਖ ਦੇ ਉਦੇਸ਼ ਅਤੇ ਤੁਹਾਡੇ ਪਿਛਲੇ ਪ੍ਰਦਰਸ਼ਨ ਨੂੰ ਧਿਆਨ ਵਿਚ ਰੱਖਦਿਆਂ ਫੈਸਲਾ ਲੈਣ ਦੀ ਜ਼ਰੂਰਤ ਹੈ.

**ਵਿਜੈ ਗਰਗ ਸਾਬਕਾ ਪੀ.ਈ.ਐਸ. - 1**
**ਸੇਵਾਮੁਕਤ ਪਿ ?ਸੀਪਲ**
**ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ**
**ਐਮ.ਐਚ.ਆਰ ਮਲੋਟ ਪੰਜਾਬ**

# *ਪਵਿੱਤਰ ਤਿਉਹਾਰ ਲੋਹੜੀ*

ਪੰਜਾਬ ਵਿੱਚ ਰੁੱਤਾਂ,ਤਿਉਹਾਰਾਂ,ਖਾਸ ਦਿਨਾਂ, ਮਹਾਨ ਸ਼ਖਸੀਅਤਾਂ ਆਦਿ ਦੇ ਨਾਂ ਉੱਤੇ ਬਹੁਤ ਸਾਰੇ ਮੇਲੇ ਲੱਗਦੇ ਹਨ ਤੇ ਤਿਉਹਾਰ ਮਨਾਏ ਜਾਂਦੇ ਹਨ। ਲੋਹੜੀ ਵੀ ਇਨ੍ਹਾਂ ਤਿਉਹਾਰਾਂ ਵਿੱਚੋਂ ਪੰਜਾਬ ਦਾ ਇੱਕ ਬਹੁਤ ਪ੍ਰਸਿੱਧ ਤਿਉਹਾਰ ਹੈ। ਇਹ ਪੋਹ ਮਹੀਨੇ ਦੀ ਆਖਰੀ ਰਾਤ ਨੂੰ ਮਨਾਇਆ ਜਾਂਦਾ ਹੈ।ਪੰਜਾਬ ਸ਼ੁਰੂ ਤੋਂ ਹੀ ਇੱਕ ਖੇਤੀ ਪ੍ਰਧਾਨ ਰਾਜ ਹੈ ਅਤੇ ਪੁੱਤਰ ਦੇ ਜਨਮ ਦੀ ਖ਼ੁਸ਼ੀ ਨੂੰ ਖੇਤੀ ਲਈ ਸ਼ੁੱਭ ਸੂਚਕ ਮੰਨ ਕੇ ਲੋਕਾਂ ਨਾਲ ਸਾਂਝਾ ਕੀਤਾ ਜਾਂਦਾ ਹੈ । ਜੇਕਰ ਲੋਹੜੀ ਦੇ ਸ਼ਬਦੀ ਅਰਥ ਦੇਖੀਏ ਤਾਂ ਲੋਹੜੀ ਦੋ ਸ਼ਬਦਾਂ ਤਿਲ ਅਤੇ ਰੋੜੀ ਤੋਂ ਮਿਲ ਕੇ ਬਣਿਆ ਹੈ ਜੋ ਕਿ ਹੌਲੀ-ਹੌਲੀ ਬਦਲ ਕੇ 'ਲੋਹੜੀ' ਸ਼ਬਦ ਦਾ ਰੂਪ ਧਾਰਨ ਕਰ ਗਿਆ।



ਪੋਹ ਦੇ ਮਹੀਨੇ ਵਿੱਚ ਬਹੁਤ ਠੰਢ ਹੁੰਦੀ ਹੈ ਅਤੇ ਲੋਕ ਬਹੁਤ ਜਿਆਦਾ ਆਲਸੀ ਹੋਏ ਹੁੰਦੇ ਹਨ ਇਸ ਲਈ ਉਹ ਬਲਦੀ ਹੋਈ ਲੋਹੜੀ ਵਿੱਚ ਤਿਲ ਸੁੱਟ ਕੇ ਸਰਦੀਆਂ ਕਾਰਨ ਆਈ ਹੋਈ ਸੁਸਤੀ ਤੇ ਦਲਿੱਦਰ ਨੂੰ ਅਗਨੀ ਭੇਂਟ ਕਰਦੇ ਹਨ ਅਤੇ ਅਰਦਾਸ ਕਰਦੇ ਹਨ ਕਿ ਉਨ੍ਹਾਂ ਵਿੱਚ ਹਿੰਮਤ ਅਤੇ ਜੋਸ਼ ਆਵੇ । ਪਹਿਲਾਂ ਲੋਹੜੀ ਪਿੰਡ ਦੀ ਸਾਂਝੀ ਜਗ੍ਹਾ ਤੇ ਜਲਾਈ ਜਾਂਦੀ ਸੀ ਪਰ ਸਮੇਂ ਦੇ ਬੀਤਣ ਨਾਲ ਇਹ ਰੀਤ ਬਦਲਦੀ ਜਾ ਰਹੀ ਹੈ । ਹੁਣ ਵੀ ਕੁਝ ਲੋਕ ਗਲੀਆਂ ਵਿੱਚ ਇਕੱਠੇ ਹੋ ਕੇ ਲੋਹੜੀ ਮਨਾਉਂਦੇ ਹਨ ਪਰ ਕੁਝ ਲੋਕ ਆਪਣੇ-ਆਪਣੇ ਘਰਾਂ ਵਿੱਚ ਹੀ ਛੋਟੀ ਜਿਹੀ ਲੋਹੜੀ ਬਾਲ ਕੇ ਲੋਹੜੀ ਦੀ ਰਸਮ ਅਦਾ ਕਰ ਲੈਂਦੇ ਹਨ। ਜਿਨ੍ਹਾਂ ਘਰਾਂ ਵਿੱਚ ਪੁੱਤ ਦਾ ਜਨਮ ਹੋਇਆ ਹੁੰਦਾ ਹੈ, ਉਨ੍ਹਾਂ ਵਿੱਚ ਵਿਸੇਸ ਤੌਰ ਤੇ ਆਪਣੇ ਰਿਸ਼ਤੇਦਾਰਾਂ, ਸਕੇ-ਸੰਬੰਧੀਆਂ ਆਦਿ ਨੂੰ ਬੁਲਾ ਕੇ ਨਵੇਂ ਜੀਅ ਦੇ ਜਨਮ ਦੀ ਖੁਸ਼ੀ ਮਨਾਈ ਜਾਂਦੀ ਹੈ । ਕੁਝ ਇਲਾਕਿਆਂ ਵਿੱਚ ਤਾਂ ਪੁੱਤ ਦੇ ਵਿਆਹ ਤੋਂ ਬਾਅਦ ਵੀ ਪਹਿਲੀ ਲੋਹੜੀ ਬੜੀ ਧੂਮ-ਧਾਮ ਨਾਲ ਮਨਾਈ ਜਾਂਦੀ ਹੈ।ਅੱਜ-ਕੱਲ੍ਹ ਤਾਂ ਮੁੰਡਿਆਂ ਦੀ ਲੋਹੜੀ ਦੇ ਨਾਲ-ਨਾਲ ਕੁੜੀਆਂ ਦੀ ਵੀ ਲੋਹੜੀ ਮਨਾਈ ਜਾਣ ਲੱਗ ਪਈ ਹੈ ਜੋ ਕਿ ਬਹੁਤ ਹੀ ਸ਼ਲਾਘਾਯੋਗ ਕਦਮ ਹੈ ਅਤੇ ਇਹ ਕੁੜੀ ਅਤੇ ਮੁੰਡੇ ਦੀ ਬਰਾਬਰੀ ਦਾ ਪ੍ਰਤੀਕ ਹੈ।

ਲੋਹੜੀ ਦੇ ਤਿਉਹਾਰ ਨਾਲ ਬਹੁਤ ਸਾਰੀਆਂ ਕਥਾਵਾਂ ਜੁੜੀਆਂ ਹੋਈਆਂ ਹਨ,ਜਿਨ੍ਹਾਂ ਵਿਚੋਂ ਦੁੱਲਾ ਭੱਟੀ ਦੀ ਕਥਾ ਬਹੁਤ ਪ੍ਰਸਿੱਧ ਹੈ। ਇਹ ਮੰਨਿਆ ਜਾਂਦਾ ਹੈ ਕਿ ਦੁੱਲੇ ਭੱਟੀ ਨੇ ਗ਼ਰੀਬ ਬ੍ਰਾਹਮਣ ਦੀਆਂ ਦੋ ਕੁੜੀਆਂ ਸੁੰਦਰੀ ਅਤੇ ਮੁੰਦਰੀ ਦਾ ਵਿਆਹ ਕਰਵਾਇਆ ਸੀ । ਇਸ ਤਰ੍ਹਾਂ ਇਸ ਕਥਾ ਦੇ ਅਨੁਸਾਰ ਇਹ ਤਿਉਹਾਰ ਸਾਨੂੰ ਗਰੀਬਾਂ ਦੀ ਰੱਖਿਆ ਕਰਨ ਅਤੇ ਜ਼ੁਲਮ ਦੇ ਵਿਰੁੱਧ ਲੜਨ ਦੇ ਲਈ ਪ੍ਰੇਰਨਾ ਦਿੰਦਾ ਹੈ।ਸਾਡੇ ਸਾਰੇ ਹੀ ਤਿਉਹਾਰ ਬਹੁਤ ਪਵਿੱਤਰ ਅਤੇ ਹਨ ਅਤੇ ਧੂਮਧਾਮ ਨਾਲ ਮਨਾਏ ਜਾਂਦੇ ਹਨ ਇਨ੍ਹਾਂ ਦੇ ਮਨਾਉਣ ਦੇ ਪਿੱਛੇ ਕੋਈ ਨਾ ਕੋਈ ਕਾਰਨ ਜ਼ਰੂਰ ਹੈ ਅਤੇ ਇਹ ਸਾਨੂੰ ਚੰਗੀ ਸੇਧ ਵੀ ਦਿੰਦੇ ਹਨ। ਸੋ ਸਾਨੂੰ ਇਨ੍ਹਾਂ ਦੀ ਪਵਿੱਤਰਤਾ ਨੂੰ ਕਾਇਮ ਰੱਖਦੇ ਹੋਏ ਆਪਣੀ ਅਗਲੀ ਪੀੜ੍ਹੀ ਨੂੰ ਇਸ ਤੋਂ ਜਾਣੂ ਕਰਵਾਉਣਾ ਚਾਹੀਦਾ ਹੈ।

**-- -ਜਤਿੰਦਰ ਕੌਰ ਸੇਖੋਂ**
**ਸਹਸ ਬੋੜਾਵਾਲ (ਮਾਨਸਾ)**

# ਭਾਰਤ ਦੇ ਸਕੂਲਾਂ ਵਿੱਚ ਕੁੜੀਆਂ ਦੇ ਸਰਕਟਾਂ ਕਿਉਂ ਪਵਾਉਂਦੇ ਹਨ?

## ਚੜ੍ਹਦੇ ਸੂਰਜ ਨੂੰ ਸਲਾਮਾਂ ਹੁੰਦੀਆਂ



**ਸਤਵਿੰਦਰ ਕੌਰ ਸੱਤੀ ਕੈਲਗਰੀ**

ਭਾਰਤ ਵਿੱਚ ਅੰਗਰੇਜ਼ੀ ਸਕੂਲਾਂ ਵਿੱਚ ਬੱਚਿਆਂ ਨੂੰ ਪੜ੍ਹਨ ਭੇਜਦੇ ਹਨ ਤਾਂਕਿ ਬੱਚੇ ਅੰਗਰੇਜ਼ ਬਣ ਜਾਣ, ਗਿਟਮਿਟ ਕਰਨ ਲੱਗ ਜਾਣ। ਉਨ੍ਹਾਂ ਮਾਪਿਆਂ ਨੂੰ ਆਪ ਨੂੰ ਭਾਵੇਂ ਸਮਝ ਨਾ ਲੱਗੇ ਕਿ ਬੱਚੇ ਕੀ ਬੋਲਦੇ ਹਨ? ਬੱਚੇ ਕਿਹੜਾ ਘਰ ਰੱਖਣੇ ਹਨ? ਪੜ੍ਹਾ ਕੇ ਬਾਹਰਲੇ ਦੇਸ਼ਾਂ ਵਿੱਚ ਭੇਜਣੇ ਹਨ। ਅੱਗੇ ਕੁੜੀਆਂ ਨੂੰ ਜਵਾਨ ਹੋਣ 'ਤੇ ਘਰੋਂ ਵਿਆਹ ਕੇ ਤੋਰ ਦਿੱਤਾ ਜਾਂਦਾ ਸੀ। ਹੁਣ ਮੁੰਡੇ ਦੀ ਵੀ ਜਵਾਨ ਹੋਣ ਦੀ ਉਡੀਕ ਕੀਤੀ ਜਾਂਦੀ ਹੈ। ਮੁੰਡਾ ਛੇਤੀ ਅੰਗਰੇਜ਼ੀ ਸਿੱਖੇ ਮਾਪੇ ਬਾਹਰਲੇ ਦੇਸ਼ ਨੂੰ ਸਪਲਾਈ ਕਰ ਦੇਣ। ਭਾਰਤ ਵਿੱਚ ਲੋਕ ਅੰਗਰੇਜ਼ ਬਣਨ ਦਾ ਪੂਰਾ ਯਤਨ ਕਰਦੇ ਹਨ। ਪੀਜ਼ਾ ਬਰ ਗਰ ਵੈਸਾ ਹੀ ਖਾਧਾ ਜਾਂਦਾ ਹੈ। ਅਸਲੀਅਤ ਹੈ, ਪੱਛਮੀ ਦੇਸ਼ਾਂ ਵਿੱਚ ਗੋਰੇ ਲੋਕ ਭਾਰਤੀ ਖਾਣਾ ਪਸੰਦ ਕਰਦੇ ਹਨ। ਭਾਰਤ ਵਿੱਚ ਅੰਗਰੇਜ਼ਾਂ ਵਰਗਾ ਹੀ ਪਹਿਨਿਆ ਜਾਂਦਾ ਹੈ। ਪੱਛਮੀ ਦੇਸ਼ਾਂ ਦੀ ਹਰ ਰੀਸ ਕੀਤੀ ਜਾਂਦੀ ਹੈ। ਪੱਛਮੀ ਲੋਕਾਂ ਵਾਂਗ ਭੇਸ ਕੀਤਾ ਜਾਂਦਾ ਹੈ। ਪਰ ਮੈ ਕਿਸੇ ਬਾਹਰ ਦੇ ਦੇਸ਼ਾਂ ਵਿੱਚ ਸਕੂਲਾਂ, ਕਾਲਜਾਂ ਯੂਨੀਵਿਸਟੀਆਂ ਵਿੱਚ ਕੁੜੀਆਂ ਸਰਕਟਾਂ ਵਾਲੀ ਹੀ ਯੂਨੀਫ਼ਾਰਮ ਵਿੱਚ ਨਹੀਂ ਦੇਖੀਆਂ। ਭਾਰਤ ਦੇ ਸਕੂਲਾਂ, ਕਾਲਜਾਂ ਵਿੱਚ ਕੁੜੀਆਂ ਦੇ ਸਰਕਟਾਂ, ਫਰਾਕਾਂ ਕਿਉਂ ਪਵਾਉਂਦੇ ਹਨ? ਤੀਜੀ ਚੌਥੀ ਕਲਾਸ ਤੱਕ ਦੀਆਂ ਛੋਟੀਆਂ ਬੱਚੀਆਂ ਦੇ ਘੱਗਰੀਆਂ, ਸਰਕਟਾਂ, ਫਰਾਕਾਂ ਪਾਈਆਂ ਚੰਗੀਆਂ ਲੱਗਦੀਆਂ ਹਨ। ਸਕੂਲਾਂ, ਕਾਲਜਾਂ ਵਿੱਚ ਕੁੜੀਆਂ ਸ਼ੌਟਸ ਅੱਧੀਆਂ ਪੈਂਟਾਂ ਪਾਉਂਦੀਆਂ ਹਨ। ਬੱਚੇ ਤਾਂ ਚਾਹੇ ਨੰਗੇ ਫਿਰਦੇ ਰਹਿਣ। ਬਚਪਨ ਵਿੱਚ ਸਭ ਠੀਕ ਹੈ, ਚਲ ਜਾਂਦਾ ਹੈ। ਜਦੋਂ ਕੁੜੀਆਂ ਜਵਾਨੀ ਵਿੱਚ ਪੈਰ ਰੱਖਦੀਆਂ ਹਨ। 12 ਸਾਲਾਂ ਤੋਂ ਉੱਪਰ ਹੋ ਜਾਂਦੀਆਂ ਹਨ। ਸਰੀਰ ਦੇ ਅੰਗ ਚੱਜ ਨਾਲ ਢਕਣੇ ਚਾਹੀਦੇ ਹਨ। ਸਰਕਟਾਂ ਪਾਈਆ ਚੰਗੀਆਂ ਨਹੀਂ ਲੱਗਦੀਆਂ। ਇਹ ਦੇਖ ਕੇ ਸ਼ਰਮ ਆਉਂਦੀ ਹੈ। ਲੱਤਾਂ ਵਿੱਚ ਕੋਈ ਪਤਲੀ ਪਜਾਮੀ ਵੀ ਨਹੀਂ ਪਾਈ ਹੁੰਦੀ। ਫੇਸ ਬੁੱਕ ਉੱਤੇ ਵੀ ਐਸੀਆਂ ਫ਼ੋਟੋ ਮਰਦ ਲੱਗਾ ਕੇ ਰੱਖਦੇ ਹਨ। ਇਨ੍ਹਾਂ ਦੇ ਮਾਪੇ ਵੀ ਇਹੀ ਸਕੂਲਾਂ, ਕਾਲਜਾਂ ਵਿੱਚ ਵਿੱਚ ਪੜ੍ਹੇ ਹੋਣੇ ਹਨ। ਤਾਂ ਹੀ ਤਾਂ ਅੱਖਾਂ ਉੱਤੇ ਪਰਦਾ ਪਿਆ ਹੋਇਆ ਹੈ। ਅਧਿਆਪਕਾਂ ਨੇ ਇਹ ਕੈਸੀ ਯੂਨੀਫ਼ਾਰਮ ਲਗਾਈ ਹੈ? ਕੁੜੀਆਂ ਪੱਟਾਂ ਤੋਂ ਉੱਚੀਆਂ ਸਰਕਟਾਂ, ਸ਼ੌਟਸ ਪਾਉਂਦੀਆਂ ਹਨ। ਮੋਟੇ ਪੱਟ ਦਿਸਦੇ ਰਹਿਣ। ਸਕੂਲਾਂ, ਕਾਲਜਾਂ ਦਾ ਧੰਦਾ ਚੱਲਦਾ ਰਹੇ। ਅਮੀਰ ਮਰਦਾਂ ਤੋਂ ਡਨੇਸ਼ਨ ਖੂਬ ਮਿਲਦੀ ਰਹੇ। ਕੁੜੀਆਂ ਨੂੰ ਸੈਕਸੀ ਦਿਖਾਇਆ ਜਾਂਦਾ ਹੈ। ਕੀ ਅੰਗਰੇਜ਼ੀ ਸਕੂਲਾਂ ਵਿੱਚ ਸਲਵਾਰਾਂ, ਪਜਾਮੀਆਂ ਪਾ ਕੇ ਪੜ੍ਹਾਈ ਨਹੀਂ ਹੋ ਸਕਦੀ ਜਾਂ ਲੱਤਾਂ ਨੰਗੀਆਂ ਰੱਖ ਕੇ, ਘੱਗਰੀਆਂ ਪਾ ਕੇ, ਅੰਗਰੇਜ਼ੀ ਛੇਤੀ ਜਾਂ ਵੱਧ ਆਉਂਦੀ ਹੈ। ਮੁੰਡੇ ਤਾ ਸਕੂਲਾਂ ਕਾਲਜਾ ਵਿੱਚ ਪੂਰੀਆਂ ਪੈਂਟਾਂ ਗਿੱਟਿਆਂ ਤੱਕ ਪਾਉਂਦੇ ਹਨ। ਜਦੋਂ ਪੜ੍ਹਾਈ ਨਾਲ ਬੱਚੀਆਂ ਨੂੰ ਐਸੇ ਕੱਪੜੇ ਪਾਉਣ ਦੀ ਸਿਖਲਾਈ ਦਿੱਤੀ ਜਾਂਦੀ ਹੈ। ਕੱਲ੍ਹ ਨੂੰ ਸਕੂਲਾਂ, ਕਾਲਜਾਂ ਵਿਚੋਂ ਨਿਕਲਣ ਉੱਤੇ ਕਿੰਨੇ ਕੁ ਕੱਪੜੇ ਰਹਿ ਜਾਣਗੇ? ਜਦੋਂ ਮਾਪਿਆ ਨੂੰ ਨਹੀਂ ਦਿਸਦਾ ਕਿ ਕੁੜੀਆਂ ਕੀ ਪਾ ਕੇ, ਘਰੋਂ ਸਕੂਲਾਂ, ਕਾਲਜਾਂ ਵਿੱਚ ਜਾਂਦੀਆਂ ਹਨ? ਲੱਤਾਂ ਨੰਗੀਆਂ ਵਾਲੀਆਂ ਕੁੜੀਆਂ ਕਿਵੇਂ ਦੀਆ ਲੱਗਦੀਆਂ? ਇੰਨਾ ਨੂੰ ਦੇਖ ਕੇ, ਲੋਕਾਂ ਉੱਤੇ ਕੀ ਅਸਰ ਹੁੰਦਾ ਹੋਵੇਗਾ? ਮਾਪੇਂ ਵੀ ਐਸੇ ਸਕੂਲਾਂ, ਕਾਲਜਾਂ ਵਿਚ ਆਪਣੀਆਂ ਕੁੜੀਆਂ ਪੜ੍ਹਾਉਣ ਵਿੱਚ ਮਾਣ ਸਮਝਦੇ ਹਨ। ਕੁੜੀਆਂ ਮਾਡਰਨ ਬਣਨਗੀਆਂ। ਜੋ ਅਧਿਆਪਕ ਇਸ ਪਾਸੇ ਧਿਆਨ ਨਹੀਂ ਦਿੰਦੇ। ਹੋਰ ਕਿਹੜੀ ਸਿੱਖਿਆ ਦਿੰਦੇ ਹੋਣਗੇ? ਐਸਾ ਤਾਂ ਨਹੀਂ ਉਨ੍ਹਾਂ ਨੂੰ ਦਿਸਦਾ ਹੀ ਨਹੀਂ ਹੈ। ਐਸੇ ਮਾਪੇ ਤਾਂ ਧੀਆਂ ਦਾ ਹੁਸਨ ਦਿਖਾ ਕੇ ਹੁਬੇ ਨਹੀਂ ਸਮਾਉਂਦੇ ਹੋਣੇ। ਇਹ ਲੱਤਾਂ ਨੰਗੀਆਂ ਰੱਖ ਕੇ ਕਿਹੜੀ ਪੜ੍ਹਾਈ ਹੁੰਦੀ ਹੈ? ਐਸੇ ਮਾਪੇ, ਅਧਿਆਪਕ, ਪ੍ਰੈਸੀਪਲ ਸਰਕਟਾਂ ਪਾਈਆਂ ਹੋਈਆ ਕੁੜੀਆਂ ਦੀਆ ਮੂਵੀਆ ਯੂ ਟਿਊਬ ਉੱਤੇ ਜ਼ਰੂਰ ਚੰਗੀ ਤਰ੍ਹਾਂ ਦੇਖ ਲੈਣ। ਅਸਲ ਵਿੱਚ ਕੁੜੀਆਂ ਕੈਸੀਆਂ ਲੱਗਦੀਆਂ ਹਨ? ਸਕੂਲਾਂ ਵਿੱਚ ਕਰਦੀਆਂ ਕੀ ਹਨ? ਖੇਡਾਂ ਵਿੱਚ ਵੀ ਇਹੀ ਹਾਲ ਹੈ। ਮਰਦਾਂ ਦੇ ਪੂਰੇ ਕੱਪੜੇ ਪਾਏ ਹੁੰਦੇ ਹਨ। ਲੜਕੀਆਂ ਨੂੰ ਨੰਗੇਜ ਦੇ ਇਸ਼ਤਿਹਾਰ ਵਾਂਗ ਦਿਖਾਇਆ ਜਾਂਦਾ ਹੈ। ਪੱਛਮੀ ਦੇਸ਼ਾਂ ਵਿੱਚ ਨੰਗੇਜ ਕਾਰਨ ਹੀ 12 ਸਾਲਾਂ ਦੀ ਉਮਰ ਵਿੱਚ ਕੁੜੀਆਂ ਸੈਕਸ ਦਾ ਸ਼ਿਕਾਰ ਹੁੰਦੀਆਂ ਹਨ। 10 ਵਿਚੋਂ 3 ਕੁੜੀਆਂ 14 ਸਾਲਾਂ ਦੀ ਉਮਰ ਵਿੱਚ ਮਾਵਾਂ ਬਣਦੀਆਂ ਹਨ। ਭਾਰਤ ਵੀ ਇਸ ਦੌੜ ਵਿੱਚ ਬਹੁਤਾ ਪਿੱਛੇ ਨਹੀਂ ਹੈ। ਜੋ ਪੱਛਮੀ ਦੇਸ਼ਾਂ ਵਿੱਚ ਦਿਨ ਦਿਹਾੜੇ ਖੁੱਲ੍ਹੇਆਮ ਕਰਦੇ ਹਨ। ਭਾਰਤੀ ਕਰਦੇ ਤਾਂ ਉਹੀ ਕੁੱਝ ਹਨ। ਕਰ ਕਤਰ ਕੇ ਮੰਨਦੇ ਨਹੀਂ ਹਨ। ਦੂਜੇ ਸਿਰ ਲੱਗਾ ਦਿੰਦੇ ਹਨ। ਜਿਵੇਂ ਵਾਲ ਤਾਂ ਤਕਰੀਬਨ ਹਰੇਕ ਕਾਲੇ ਕਰਦਾ ਹੈ। ਲਾਈ ਦੂਜੇ ਸਿਰ ਜਾਂਦੇ ਹਨ। ਜਵਾਨ ਹਰ ਕੋਈ ਲੱਗਣਾ ਚਾਹੁੰਦਾ ਹੈ। ਬੰਗਲੌਰ ਸ਼ਹਿਰ ਵਿੱਚ ਲੜਕੀ ਦੇ ਪਿਤਾ ਨੇ ਸਾਢੇ ਤਿੰਨ ਸਾਲ ਦੀ ਧੀ ਨਾਲ ਰੇਪ ਕੀਤਾ ਹੈ। ਡਾਕਟਰੀ ਰਿਪੋਰਟ ਨੇ ਵੀ ਸਿੱਧ ਕਰ ਦਿੱਤਾ ਹੈ। ਇਸ ਕੇਸ ਦੀ ਗੁਆਹ ਬੱਚੀ ਦੀ ਮਾਂ ਹੈ। ਐਸੇ ਬਹੁਤ ਕੇਸ ਉੱਭਰ ਕੇ, ਮੀਡੀਏ ਰਾਹੀ ਸਾਹਮਣੇ ਆ ਰਹੇ ਹਨ। ਪੁਰਾਣੇ ਲੋਕ ਵੀ ਐਸਾ ਕਰਦੇ ਹੀ ਹੋਣਗੇ ਹਨ। ਢੱਕਿਆ ਹੋਇਆ ਗੰਦ ਹੋਵੇ ਲੋਕਾਂ ਨੂੰ ਹਵਾੜ ਤੱਕ ਨਹੀਂ ਆਉਂਦੀ। ਹੁਣ ਐਸੇ ਭੇਦ ਮੀਡੀਆਂ ਅਖ਼ਬਾਰਾਂ ਨੈੱਟ ਨੰਗਾ ਕਰ ਰਹੇ ਹਨ। ਭਾਰਤ ਕੈਨੇਡਾ, ਅਮਰੀਕਾ ਤੋਂ ਪਿਛੇ ਨਹੀਂ ਹੈ। ਅਜੇ ਲੋਕ ਸ਼ਰਮ ਦੇ ਮਾਰੇ ਬਾਪ ਕਿਸੇ ਹੋਰ ਜਾਂ ਗੁਆਂਢੀ ਦੀ ਕਰਤੂਤ ਦੱਸ ਨਹੀਂ ਰਹੇ। ਜਦੋਂ ਭਾਰਤ ਵਰਗੇ ਦੇਸ਼ ਦੇ ਬਾਪ ਨਿੱਕੀਆਂ ਬੱਚੀਆਂ ਨਾਲ ਕਾਮ ਦੀ ਖੇਡ, ਖੇਡ ਸਕਦੇ ਹਨ। ਹੋਰਾਂ ਲੋਕਾਂ ਤੋਂ ਕੀ ਉਮੀਦ ਹੈ? ਜੋ ਅੰਧ ਨੰਗੀਆਂ ਕੁੜੀਆਂ ਘਰਾਂ ਤੋਂ ਬਾਹਰ ਸ਼ਿੰਗਾਰ ਕੇ ਭੇਜਦੇ ਹੋ। ਮਾਪਿਆਂ ਦੇ ਸਾਹਮਣੇ ਉਨ੍ਹਾਂ ਦੀਆ ਬੱਚੀਆਂ ਇਸ ਤਰ੍ਹਾਂ ਘਰੋਂ ਜਾਂਦੀਆਂ ਹਨ। ਦੱਸਣ ਦੀ ਲੋੜ ਨਹੀਂ ਹੈ। ਸਰਕਟਾਂ ਥੱਲੇ ਕੀ ਪਾਇਆ ਹੁੰਦਾ ਹੈ। ਲੋਕੀ ਸਭ ਜਾਣਦੇ ਹਨ। ਇੰਨਾ ਦੇ ਨਤੀਜੇ ਵੀ ਲੋਕਾਂ ਦੇ ਸਾਹਮਣੇ ਹਨ। ਹਰ ਤਰ੍ਹਾਂ ਦੀ ਸੰਗਤ ਦਾ ਅਸਰ ਤਾਂ ਹੁੰਦਾ ਹੈ। ਜੋ ਲੋਕਾਂ ਦਾ ਦਿਮਾਗ਼ ਆਪਣੇ ਅੱਗੇ ਦੇਖਦਾ ਹੈ। ਉਸ ਵਾਂਗ ਹੀ ਚੱਲਦਾ ਹੈ।



# ਦੱਖਣੀ ਏਸ਼ੀਆ ਵਿਚ ਧਰਮ ਦੇ ਨਾਂਅ 'ਤੇ ਫੈਲਾਇਆ ਜਾ ਰਿਹਾ ਹੈ ਅੱਤਵਾਦ

ਸਾਡੇ ਸਮੇਂ ਬੜੇ ਪ੍ਰੇਸ਼ਾਨ ਕਰਨ ਵਾਲੇ ਹਨ, ਕਿਉਂਕਿ ਅੱਤਵਾਦ ਦੇ ਤਬਾਹਕੁੰਨ ਸਿਲਸਿਲੇ ਕਾਰਨ ਅਨੇਕਾਂ ਨਿਰਦੋਸ਼ ਜਾਨਾਂ ਜਾ ਰਹੀਆਂ ਹਨ ਅਤੇ ਕੀਮਤੀ ਸਮਾਜਿਕ ਸਰੋਤ ਤਬਾਹ ਹੋ ਰਹੇ ਹਨ। ਉਪਰੋਂ ਆਮ ਧਾਰਨਾ ਵਿਚ ਇਸ ਸਿਲਸਿਲੇ ਨੂੰ ਧਰਮ ਨਾਲ ਜੋੜਿਆ ਜਾ ਰਿਹਾ ਹੈ। ਲੰਘੇ ਮਹੀਨੇ ਹੀ ਵੱਖ-ਵੱਖ ਥਾਈਂ ਅੱਤਵਾਦ ਦੀਆਂ ਕਈ ਵੱਡੀਆਂ ਘਟਨਾਵਾਂ ਹੋਈਆਂ। ਇਸਤੰਬੁਲ ਅਤੇ ਫਰਾਂਸ ਵਿਚ ਅੱਤਵਾਦੀ ਹਮਲੇ ਹੋਏ ਤਾਂ ਬਗਦਾਦ ਵਿਚ ਵੀ ਇਸਲਾਮਿਕ ਸਟੇਟ ਵੱਲੋਂ ਬੰਬ ਧਮਾਕਾ ਕਰਕੇ 119 ਲੋਕਾਂ ਨੂੰ ਕਤਲ ਕਰ ਦਿੱਤਾ ਗਿਆ। ਇਸੇ ਤਰ੍ਹਾਂ ਬੰਗਲਾਦੇਸ਼ ਵਿਚ ਇਕ ਜੁਲਾਈ ਨੂੰ 28 ਲੋਕ ਮੌਤ ਦੇ ਘਾਟ ਉਤਾਰ ਦਿੱਤੇ ਗਏ। ਆਪਣੀਆਂ ਜਾਨਾਂ ਗੁਆਉਣ ਵਾਲੇ ਇਹ ਲੋਕ ਵਿਦੇਸ਼ੀ ਸਨ। ਬੰਗਲਾਦੇਸ਼ ਦੀ ਘਟਨਾ ਬਾਰੇ ਇਹ ਰਿਪੋਰਟਾਂ ਵੀ ਆਈਆਂ ਹਨ ਕਿ ਇਸ ਪਿੱਛੇ ਜ਼ਿੰਮੇਵਾਰ ਅੱਤਵਾਦੀ ਜਮਾਤ-ਉਦ-ਮੁਜਾਹਦੀਨ ਦੇ ਸਨ ਅਤੇ ਆਈ.ਐਸ.ਆਈ.ਐਸ. ਨਾਲ ਨਹੀਂ ਜੁੜੇ ਹੋਏ ਸਨ। ਇਕ ਟਿੱਪਣੀਕਾਰ ਨੇ ਇਹ ਵੀ ਟਿੱਪਣੀ ਕੀਤੀ ਕਿ ਸਾਡੇ ਉਪ ਮਹਾਂਦੀਪ ਵਿਚ ਆਈ.ਐਸ.ਆਈ.ਐਸ. ਅਤੇ ਅਲ-ਕਾਇਦਾ ਮੌਜੂਦਾ ਸਮੇਂ ਸਖ਼ਤ ਮੁਕਾਬਲੇਬਾਜ਼ੀ 'ਚ ਰੁੱਝੀਆਂ ਹੋਈਆਂ ਹਨ ਅਤੇ ਉਨ੍ਹਾਂ ਦਾ ਮਕਸਦ ਆਪਣੇ ਦਹਿਸ਼ਤੀ ਖੰਭ ਫੈਲਾਉਣ ਦੇ ਮਾਮਲੇ ਵਿਚ ਇਕ-ਦੂਜੇ ਨੂੰ ਮਾਤ ਦੇਣ ਦਾ ਹੈ। ਪਰ ਬੰਗਲਾਦੇਸ਼ ਵਿਚਲੇ ਕੱਟੜ ਗਰਮ ਖਿਆਲੀਆਂ ਦੇ ਵਾਧੇ ਦੀਆਂ ਪੈੜਾਂ ਜਮਾਤ-ਏ-ਇਸਲਾਮੀ ਅਤੇ ਇਸ ਦੇ ਜੁਝਾਰੂ ਵਿਦਿਆਰਥੀ ਵਿੰਗ ਇਸਲਾਮੀ ਛਾਤਰ ਸ਼ਿਬਰ ਤੱਕ ਜਾਂਦੀਆਂ ਆਸਾਨੀ ਨਾਲ ਵੇਖੀਆਂ ਜਾ ਸਕਦੀਆਂ ਹਨ।

ਸਵਾਲ ਇਹ ਵੀ ਹੈ ਕਿ ਵੱਖ-ਵੱਖ ਥਾਵਾਂ ਵਿਚਲੇ ਇਸ ਤਬਾਹਕੁੰਨ ਸਿਲਸਿਲੇ ਨੂੰ ਕਿਹੜੀ ਗੱਲ ਆਪਸ ਵਿਚ ਜੋੜਦੀ ਹੈ। ਸਰਸਰੀ ਨਜ਼ਰੇ ਵੇਖਿਆਂ ਇਹ 'ਇਸਲਾਮੀ ਅੱਤਵਾਦ' ਦਾ ਮੁਜ਼ਾਹਰਾ ਨਜ਼ਰ ਆਉਂਦਾ ਹੈ। 'ਇਸਲਾਮੀ ਅੱਤਵਾਦ' ਸ਼ਬਦ ਅਮਰੀਕਾ ਵਿਚ ਹੋਏ 9/11 ਦੇ ਹਮਲਿਆਂ ਤੋਂ ਬਾਅਦ ਪ੍ਰਚਲਿਤ ਹੋਇਆ ਸੀ। ਜੇ ਅਸੀਂ ਜ਼ਰਾ ਡੂੰਘੀ ਝਾਤੀ ਮਾਰੀਏ ਤਾਂ ਸਾਨੂੰ ਅਜਿਹੀਆਂ ਵੱਖ-ਵੱਖ ਲੜੀਆਂ ਸਪੱਸ਼ਟ ਨਜ਼ਰ ਆਉਂਦੀਆਂ ਹਨ, ਜਿਨ੍ਹਾਂ ਨਾਲ ਬਿਲਕੁਲ ਵੱਖੋ-ਵੱਖਰੀ ਕਿਸਮ ਦੇ ਸਰੋਕਾਰ ਜੁੜੇ ਹੋਏ ਹਨ। ਜਿੱਥੋਂ ਤੱਕ ਬੰਗਲਾਦੇਸ਼ੀ ਅੱਤਵਾਦ ਦਾ ਸਬੰਧ ਹੈ, ਇਹ ਉਸੇ ਅੱਤਵਾਦ ਦਾ ਹੀ ਵਾਧਰਾ ਨਜ਼ਰ ਆਉਂਦਾ ਹੈ, ਜਿਸ ਦੀਆਂ ਜੜ੍ਹਾਂ ਬੰਗਲਾਦੇਸ਼ੀ ਰਾਜਨੀਤੀ ਵਿਚਲੇ ਮੂਲਵਾਦੀ ਰੁਝਾਨਾਂ ਵਿਚ ਹਨ। ਇਸ ਤਰ੍ਹਾਂ ਦੀਆਂ ਅੱਤਵਾਦੀ ਕਾਰਵਾਈਆਂ ਨੇ ਪਿਛਲੇ ਕਾਫੀ ਸਮੇਂ ਤੋਂ ਬੰਗਲਾਦੇਸ਼ ਨੂੰ ਆਪਣਾ ਸ਼ਿਕਾਰ ਬਣਾਇਆ ਹੋਇਆ ਹੈ। ਇਹ ਕਾਰਵਾਈਆਂ ਅਗਾਂਹਵਧੂ, ਧਰਮ-ਨਿਰਪੱਖ, ਉਦਾਰਵਾਦੀ ਬਲਾਗਰਾਂ (ਬਲਾਗ ਲਿਖਣ ਵਾਲੇ) ਅਤੇ ਹਿੰਦੂਆਂ ਦੇ ਕਤਲਾਂ ਦੇ ਰੂਪ ਵਿਚ ਸਾਹਮਣੇ ਆਉਂਦੀਆਂ ਰਹੀਆਂ ਹਨ। ਇਹ ਅੱਤਵਾਦ ਸਥਾਨਕ ਮੂਲ ਵਾਲਾ ਹੈ, ਜਿਸ ਪ੍ਰਤੀ ਮੌਜੂਦਾ ਸਰਕਾਰ ਵੱਲੋਂ ਅੱਖਾਂ ਮੀਟੀ ਰੱਖੀਆਂ ਗਈਆਂ ਹਨ। ਰਾਜਨੀਤੀ ਵਿਚ ਉੱਭਰਨ ਵਾਲੇ ਮੂਲਵਾਦੀ ਰੁਝਾਨਾਂ ਨੂੰ ਦਬਾਅ ਸਕਣ ਵਿਚ ਸਰਕਾਰ ਅਤੇ ਸਮਾਜ ਦੀ ਅਸਫਲਤਾ ਕਰਕੇ ਹੀ ਅੱਜ ਇਹ ਭਿਆਨਕ ਹਿੰਸਾ ਦੇ ਰੂਪ ਵਿਚ ਜ਼ਾਹਰ ਹੋਣ ਲੱਗ ਪਏ ਹਨ। ਮੌਜੂਦਾ ਸਮੇਂ ਦੱਖਣੀ ਏਸ਼ੀਆ ਦੇ ਕਈ ਦੇਸ਼ਾਂ ਵਿਚ ਅੱਤਵਾਦ ਦੀਆਂ ਜੜ੍ਹਾਂ ਮੂਲਵਾਦੀ ਫ਼ਿਰਕਾਪ੍ਰਸਤੀ ਵਿਚ ਵੇਖੀਆਂ ਜਾ ਸਕਦੀਆਂ ਹਨ। ਇਨ੍ਹਾਂ ਵਿਚ ਹੋਰਾਂ ਤੋਂ ਬਿਨਾਂ ਪਾਕਿਸਤਾਨ, ਬੰਗਲਾਦੇਸ਼ ਅਤੇ ਭਾਰਤ ਮੁੱਖ ਤੌਰ 'ਤੇ ਸ਼ਾਮਿਲ ਹਨ। ਪਾਕਿਸਤਾਨ ਵਿਚ ਮੂਲਵਾਦੀ ਸਿਧਾਂਤ ਨੂੰ ਸਰਕਾਰੀ ਦਰਜਾ ਜਨਰਲ ਜ਼ਿਆ-ਉਲ-ਹੱਕ ਦੀ ਹਕੂਮਤ ਵੇਲੇ ਮਿਲਿਆ ਸੀ। ਆਪਣੀਆਂ ਤਾਨਾਸ਼ਾਹੀ ਖਾਹਿਸ਼ਾਂ ਨੂੰ ਇਕ ਆੜ ਮੁਹੱਈਆ ਕਰਾਉਣ ਲਈ ਜ਼ਿਆ ਨੇ ਜਗੀਰੂ ਤਾਕਤਾਂ ਅਤੇ ਮੁੱਲਿਆਂ ਨਾਲ ਗਠਜੋੜ ਨੂੰ ਮੁੜ ਬਹਾਲ ਕੀਤਾ ਅਤੇ ਮੌਲਾਨਾ ਮਾਉਦੂਦੀ ਦੇ ਸਿਧਾਂਤਾਂ (ਦਿਉਬੰਦ ਇਸਲਾਮ) ਨੂੰ ਅੱਗੇ ਲਿਆਂਦਾ। ਇਸੇ ਨੂੰ ਹੀ ਪਾਕਿਸਤਾਨ ਦੇ ਇਸਲਾਮੀਕਰਨ ਦਾ ਨਾਂਅ ਦਿੱਤਾ ਜਾਂਦਾ ਹੈ। ਇਸ ਦਾ ਮੁੱਖ ਨਿਸ਼ਾਨਾ ਪ੍ਰਚਲਿਤ ਸਮਾਜਿਕ ਨਿਯਮਾਂ ਨੂੰ ਪਿੱਛੇ ਧੱਕ ਕੇ ਮਉਦੂਦੀ ਵੱਲੋਂ ਪਰਿਭਾਸ਼ਤ ਸ਼ਰੀਅਤ ਨੂੰ ਲਾਗੂ ਕਰਨ ਦਾ ਸੀ, ਜਿਸ ਦਾ ਕੇਂਦਰ ਬਿੰਦੂ ਜਗੀਰੂ ਕਦਰਾਂ-ਕੀਮਤਾਂ ਨੂੰ ਬਹਾਲ ਕਰਨਾ, ਔਰਤਾਂ ਅਤੇ ਨਾਗਰਿਕ ਆਜ਼ਾਦੀਆਂ ਨੂੰ ਦਬਾਉਣਾ ਸੀ। ਭਾਰਤ ਵਿਚ ਧਰਮ ਦੇ ਨਾਂਅ 'ਤੇ ਹੋਣ ਵਾਲੀ ਰਾਜਨੀਤੀ ਵਧੇਰੇ ਕਰਕੇ ਫ਼ਿਰਕਾਪ੍ਰਸਤੀ ਅਤੇ ਫ਼ਿਰਕੂ ਹਿੰਸਾ ਦੇ ਰੂਪ ਵਿਚ ਜ਼ਾਹਰ ਹੋਈ ਹੈ, ਜਿਸ ਦਾ ਸ਼ਿਕਾਰ ਧਾਰਮਿਕ ਘੱਟ-ਗਿਣਤੀਆਂ ਹੀ ਹੁੰਦੀਆਂ ਰਹੀਆਂ ਹਨ। ਇਸ ਵਿਚਾਰਧਾਰਾ ਦਾ ਸਭ ਤੋਂ ਸਿਰੇ ਵਾਲਾ ਰੂਪ ਹਿੰਦੂਤਵੀ ਵਿਚਾਰਧਾਰਾ ਨੂੰ ਪ੍ਰਣਾਈਆਂ ਉਨ੍ਹਾਂ ਜਥੇਬੰਦੀਆਂ ਦੇ ਰੂਪ ਵਿਚ ਸਾਹਮਣੇ ਆਇਆ ਹੈ, ਜਿਨ੍ਹਾਂ ਨੂੰ ਮਾਲੇਗਾਉਂ, ਮੱਕਾ ਮਸਜਿਦ (ਹੈਦਰਾਬਾਦ), ਅਜਮੇਰ ਅਤੇ ਸਮਝੌਤਾ ਐਕਸਪ੍ਰੈਸ ਮਾਮਲੇ ਵਰਗੀਆਂ ਅੱਤਵਾਦੀ ਘਟਨਾਵਾਂ ਲਈ ਜ਼ਿੰਮੇਵਾਰ ਸਮਝਿਆ ਜਾਂਦਾ ਹੈ। ਫ਼ਿਰਕੂ ਮੂਲਵਾਦੀ ਵਿਚਾਰਧਾਰਾ ਅਸਲ ਵਿਚ ਸ਼ਰੀਅਤ ਕਾਨੂੰਨਾਂ ਜਾਂ ਫਿਰ ਅਤੀਤ ਦੀਆਂ ਸ਼ਾਨਦਾਰ ਰਵਾਇਤਾਂ ਦੇ ਨਾਂਅ ਹੇਠ ਪੁਰਾਤਨ ਕਦਰਾਂ-ਕੀਮਤਾਂ ਅਤੇ ਜਾਤ, ਵਰਗ ਅਤੇ ਲਿੰਗ ਦੇ ਸਾਮੰਤੀ ਕਿਸਮ ਦੇ ਵਖਰੇਵਿਆਂ ਨੂੰ ਲਾਗੂ ਕਰਨ ਦਾ ਯਤਨ ਹੀ ਹੈ ਪਰ ਇਸ ਨੂੰ ਪੇਸ਼ ਧਰਮ ਵਜੋਂ ਕੀਤਾ ਜਾਂਦਾ ਹੈ। ਅਲ-ਕਾਇਦਾ ਅਤੇ ਇਸਲਾਮਿਕ ਸਟੇਟ ਦੀ ਕਿਸਮ ਵਾਲੇ ਅੱਤਵਾਦ ਦੀਆਂ ਜੜ੍ਹਾਂ ਤੇਲ 'ਤੇ ਕਬਜ਼ੇ ਦੀ ਰਾਜਨੀਤੀ ਵਿਚ ਹਨ। ਇਸ ਵਿਚ ਅਮਰੀਕਾ ਦੀਆਂ ਨੀਤੀਆਂ ਨੇ ਵੀ ਵੱਡੀ ਭੂਮਿਕਾ ਨਿਭਾਈ ਹੈ। ਇਹ ਅਮਰੀਕਾ ਦੀ ਨੀਤੀ ਹੀ ਸੀ, ਜਿਸ ਨੇ ਪਾਕਿਸਤਾਨ ਵਿਚਲੇ ਮਦਰਸਿਆਂ ਨੂੰ ਫੰਡ ਮੁਹੱਈਆ ਕਰਵਾਏ ਅਤੇ ਇਸਲਾਮ ਦੇ ਮੌਲਾਨਾ ਵਹਾਬ ਵਾਲੇ ਸੰਸਕਰਨ ਨੂੰ ਅੱਗੇ ਲਿਆਂਦਾ। ਇਸ ਵਿਚ ਮੁੱਖ ਧਿਆਨ ਜੇਹਾਦ ਦੇ ਹਿੱਸੇ ਵਜੋਂ ਕਾਫਰਾਂ ਨੂੰ ਕਤਲ ਕਰਨ 'ਤੇ ਦਿੱਤਾ ਜਾਂਦਾ ਹੈ। ਅੱਤਵਾਦ ਦੀ ਇਸ ਕਿਸਮ ਦਾ ਮੁੱਖ ਮੰਤਵ ਉਨ੍ਹਾਂ ਸਾਰੇ ਲੋਕਾਂ ਖਿਲਾਫ਼ ਹਿੰਸਾ ਦੀ ਵਰਤੋਂ ਹੈ, ਜੋ ਇਸ ਨਾਲ ਸਬੰਧਤ ਗਲਬੇ ਵਾਲੇ ਸਮੂਹਾਂ ਤੋਂ ਵੱਖਰੀ ਰਾਇ ਰੱਖਦੇ ਹਨ। ਅਫ਼ਗਾਨਿਸਤਾਨ ਵਿਚ ਵੀ ਇਹੀ ਕਾਰਨ ਸੀ ਕਿ ਉਹ ਸਮਾਜਵਾਦ ਖਿਲਾਫ਼ ਅਤੇ ਅਫ਼ਗਾਨਿਸਤਾਨ 'ਤੇ ਰੂਸ ਵੱਲੋਂ ਕੀਤੇ ਗਏ ਕਬਜ਼ੇ ਖਿਲਾਫ਼ ਲੜ ਕੇ ਕਾਫ਼ਰਾਂ ਨੂੰ ਕਤਲ ਕਰਨਾ ਚਾਹੁੰਦੇ ਸਨ। ਜੇ ਅਸੀਂ ਪਾਕਿਸਤਾਨ ਦਾ ਮਾਮਲਾ ਦੇਖੀਏ ਤਾਂ ਸਪੱਸ਼ਟ ਨਜ਼ਰ ਆਏਗਾ ਕਿ ਜ਼ਿਆ ਦੀ ਹਕੂਮਤ ਵੇਲੇ ਹੋਏ ਪਾਕਿਸਤਾਨ ਦੇ ਇਸਲਾਮੀਕਰਨ ਨੇ ਅਲ-ਕਾਇਦਾ ਵਾਲੀ ਅੱਤਵਾਦ ਦੀ ਕਿਸਮ ਨੂੰ ਮਜ਼ਬੂਤੀ ਦਿੱਤੀ ਅਤੇ ਅਲ-ਕਾਇਦਾ ਨੇ ਅੱਗੋਂ ਇਸਲਾਮਿਕ ਸਟੇਟ ਦੀ ਵਿਚਾਰਧਾਰਕ ਨੀਂਹ ਰੱਖੀ। ਇਸ ਗੱਲ ਦੇ ਵੀ ਢੁਕਵੇਂ ਸਬੂਤ ਮੌਜੂਦ ਹਨ ਕਿ ਅਮਰੀਕਾ ਇਨ੍ਹਾਂ ਅੱਤਵਾਦੀ ਗਰੁੱਪਾਂ ਨੂੰ ਇਕ ਤੋਂ ਵਧੇਰੇ ਤਰੀਕਿਆਂ ਨਾਲ ਸਮਰਥਨ ਦਿੰਦਾ ਰਿਹਾ ਹੈ।

ਸੋ, ਸਾਡੇ ਸਮਕਾਲੀ ਸਮਿਆਂ ਵਿਚ ਅੱਤਵਾਦੀ ਕਾਰਵਾਈਆਂ ਦੀਆਂ ਦੋ ਲੜੀਆਂ ਤਬਾਹੀ ਵਰਤਾ ਰਹੀਆਂ ਹਨ। ਇਕ ਦਾ ਮਕਸਦ ਪੁਰਾਣੀਆਂ ਕਦਰਾਂ-ਕੀਮਤਾਂ ਨੂੰ ਬਹਾਲ ਕਰਨ ਦਾ ਹੈ, ਜਿਵੇਂ ਕਿ ਪਾਕਿਸਤਾਨ (ਮੌਲਾਨਾ ਮਉਦੂਦੀ ਤੋਂ ਪ੍ਰੇਰਿਤ), ਬੰਗਲਾਦੇਸ਼ (ਉਹੀ ਕਿਸਮ), ਭਾਰਤ (ਹਿੰਦੂਤਵ) ਅਤੇ ਮਿਆਂਮਾਰ ਤੇ ਸ੍ਰੀਲੰਕਾ ਵਿਚ ਵੇਖਿਆ ਜਾ ਸਕਦਾ ਹੈ। ਮਿਆਂਮਾਰ ਅਤੇ ਸ੍ਰੀਲੰਕਾ ਵਿਚ ਬੁੱਧ ਧਰਮ ਦੀ ਇਕ ਖ਼ਾਸ ਵਿਆਖਿਆ ਦੀ ਵਰਤੋਂ ਅੱਤਵਾਦ ਲਈ ਕੀਤੀ ਜਾ ਰਹੀ ਹੈ। ਅੱਤਵਾਦ ਦੀ ਦੂਜੀ ਲੜੀ ਤੇਲ 'ਤੇ ਕਬਜ਼ੇ ਦੀ ਕੌਮਾਂਤਰੀ ਰਾਜਨੀਤੀ ਤੋਂ ਆਪਣਾ ਸਮਰਥਨ ਜੁਟਾਉਂਦੀ ਹੈ। ਤ੍ਰਾਸਦੀ ਇਹ ਹੈ ਕਿ ਇਹ ਦੋਵੇਂ ਕਿਸਮਾਂ ਹੀ ਧਰਮ ਦੇ ਨਾਂਅ 'ਤੇ ਆਪਣੀ ਬੁਨਿਆਦ ਅਤੇ ਜਾਇਜ਼ਤਾ ਹਾਸਲ ਕਰਦੀਆਂ ਹਨ, ਖ਼ਾਸ ਕਰਕੇ ਇਸਲਾਮ ਧਰਮ ਦੇ ਨਾਂਅ 'ਤੇ। ਧਰਮ ਦੀਆਂ ਕਈ ਧਾਰਾਵਾਂ ਹੁੰਦੀਆਂ ਹਨ, ਜਿਵੇਂ ਇਸਲਾਮ ਦਾ ਇਕ ਰੂਪ ਸੂਫ਼ੀ ਹੈ ਅਤੇ ਇਕ ਵਹਾਬੀ। ਇਸੇ ਤਰ੍ਹਾਂ ਹਿੰਦੂ ਧਰਮ ਦਾ ਇਕ ਰੂਪ ਭਗਤੀ ਲਹਿਰ ਵਾਲਾ ਹੈ ਅਤੇ ਇਕ ਬ੍ਰਾਹਮਣਵਾਦ ਵਾਲਾ।

# ਹੱਕ ਹੱਕ ਆਗਾਹ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨੀ ਤੇ ਇੱਕ ਸੰਖੇਪ ਝਾਤ



ਰਵਨਜੋਤ ਕੌਰ ਸਿੱਧੂ ਰਾਵੀ
ਜੱਬੋਵਾਲ ਸ਼ਹੀਦ ਭਗਤ ਸਿੰਘ ਨਗਰ

ਗੁਰੂ ਜੀ ਦਾ ਜਨਮ :- ਸਮੇਂ ਦੇ ਇਤਿਹਾਸ ਤੇ ਆਪਣੇ ਹੋਂਦ ਦੇ ਡੂੰਘੇ ਨਿਸ਼ਾਨ ਛਡਣ ਵਾਲੇ ਇਸ ਅਲਾਹੀ ਨੂਰ ਹੱਕ ਹੱਕ ਆਗਾਹ ਗੁਰੂ ਗੋਬਿੰਦ ਸਿੰਘ ਸ਼ਾਹ ਸ਼ਹਿਨਸ਼ਾਹ ਗੁਰੂ ਗੋਬਿੰਦ ਸਿੰਘ ,ਸਾਹਿਬ-ਏ-ਕਮਾਲ, ਸਰਬੰਸਦਾਨੀ,ਦਸਮ ਪਾਤਸ਼ਾਹ, ਬਾਦਸ਼ਾਹ ਦਰਵੇਸ਼ ,ਪੰਥ ਦੇ ਵਾਲੀ, ਸ੍ਰੀ ਕਲਗੀਧਰ ਦਸਮੇਸ਼ ਪਿਤਾਧੰਨ -ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਪੋਹ ਸੁਦੀ 7, ਦਿਨ ਸ਼ਨੀਵਾਰ 23 ਪੋਹ, ਸੰਮਤ 1723 (22 ਦਸੰਬਰ 1666) ਪਟਨਾ, ਬਿਹਾਰ ਵਿਖੇ ਨੌਵੇਂ ਗੁਰੂ ਤੇਗ਼ ਬਹਾਦੁਰ ਜੀ ਦੇ ਘਰ ਮਾਤਾ ਗੁਜਰੀ ਜੀ ਦੀ ਕੁੱਖੋਂ ਹੋਇਆ। ਗੁਰੂ ਜੀ ਦਾ ਬਚਪਨ ਦਾ ਨਾਮ ਗੋਬਿੰਦ ਰਾਇ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜਨਮ ਸਮੇਂ ਪਿਤਾ ਗੁਰਦੇਵ ਗੁਰੂ ਤੇਗ ਬਹਾਦਰ ਸਾਹਿਬ ਢਾਕਾ ਪੂਰਬੀ ਬੰਗਾਲ, ਵਿੱਚ ਸਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਵੇਲੇ ਹਿੰਦੁਸਤਾਨ, ਖਾਸ ਕਰਕੇ ਪੰਜਾਬ ਦੇ ਹਾਲਤ ਬਹੁਤ ਖਰਾਬ ਸਨ। ਗੁਰੂ ਜੀ ਨੇ ਸੰਸਾਰ ਵਿੱਚ ਆਪਣੇ ਪ੍ਰਕਾਸ਼ ਬਾਰੇ ਆਪਣੀ ਸਵੈ-ਜੀਵਨੀ 'ਬਚਿਤ੍ਰ ਨਾਟਕ' ਵਿੱਚ ਲਿਖਿਆ ਹੈ:-

ਮੁਰ ਪਿਤ ਪੂਰਬ ਕੀਯਸਿ ਪਯਾਨਾ॥
ਭਾਂਤਿ ਭਾਂਤਿ ਕੇ ਤੀਰਥਿ ਨਾਨਾ॥
ਜਬ ਹੀ ਜਾਤ ਤ੍ਰਿਬੇਣੀ ਭਏ॥
ਪੁੰਨ ਦਾਨ ਦਿਨ ਕਰਤ ਬਿਤਏ॥
ਤਹੀ ਪ੍ਰਕਾਸ ਹਮਾਰਾ ਭਯੋ॥
ਪਟਨਾ ਸਹਰ ਬਿਖੈ ਭਵ ਲਯੋ॥
ਯਾਹੀ ਕਾਜ ਧਰਾ ਹਮ ਜਨਮੰ॥
ਸਮਝ ਲੇਹੁ ਸਾਧੂ ਸਭ ਮਨਮੰ॥
ਧਰਮ ਚਲਾਵਨ ਸੰਤ ਉਬਾਰਨ॥
ਦੁਸਟ ਸਭਨ ਕੋ ਮੂਲ ਉਪਾਰਨ॥ (ਬਚਿਤ੍ਰ ਨਾਟਕ)

ਆਪਣੇ ਮਨੁੱਖੀ ਜਾਮੇਂ ਵਿੱਚ ਆਉਣ ਦੇ ਮੰਤਵ ਨੂੰ ਗੁਰੂ ਸਾਹਿਬ ਨੇ ਇਨ੍ਹਾਂ ਸਤਰਾਂ ਵਿੱਚ ਬਿਆਨ ਕੀਤਾ ਹੈ:

ਵਿੱਦਿਆ:-ਸ੍ਰੀ ਦਸਮੇਸ਼ ਜੀ ਦੇ ਬਚਪਨ ਦੇ ਪਹਿਲੇ ਪੰਜ ਸਾਲ ਪਟਨੇ ਸਾਹਿਬ ਵਿੱਚ ਹੀ ਗੁਜਰੇ। ਇਸ ਕਰਨ ਗੁਰੂ ਜੀ ਦੀ ਵਿੱਦਿਆ ਸਿਖਲਾਈ ਦਾ ਕੰਮ ਪਟਨੇ ਸਾਹਿਬ ਵਿੱਚ ਹੀ ਸ਼ੁਰੂ ਕੀਤਾ ਗਿਆ। ਗੁਰੂ ਜੀ ਨੂੰ ਚੰਗੀ ਵਿਦਿਆ ਸਿਖਾਉਣ ਦੇ ਨਾਲ-ਨਾਲ ਸ਼ਸਤਰ ਵਿਦਿਆ ਤੋਂ ਵੀ ਚੰਗਾ ਜਾਣੂੰ ਕਰਵਾਇਆ ਸੀ। ਗੁਰੂ ਜੀ ਨੂੰ ਫੌਜੀ ਵਿਦਿਆ ਦੇ ਨਾਲ-ਨਾਲ ਸੰਸਕ੍ਰਿਤ ਤੇ ਫ਼ਾਰਸੀ ਵਿਦਿਆ ਵੀ ਪੜ੍ਹਾਈ ਗਈ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਪੰਜਾਬੀ, ਹਿੰਦੀ, ਸੰਸਕ੍ਰਿਤ ਤੇ ਫ਼ਾਰਸੀ ਵਿੱਚ ਗੁਰਬਾਣੀ ਲਿਖੀ ਹੈ। 1672 ਵਿੱਚ ਆਨੰਦਪੁਰ ਵਿਖੇ ਆ ਗਏ। ਫਾਰਸੀ ਦੀ ਸਿੱਖਿਆ ਕਾਜ਼ੀ ਪੀਰ ਮੁਹੰਮਦ ਤੋਂ, ਸੰਸਕ੍ਰਿ ਦੀ ਸਿੱਖਿਆ ਪੰਡਿਤ ਹਰਜਸ ਤੋਂ, ਗੁਰਮੁਖੀ ਲਿਪੀ ਦੀ ਸਿੱਖਿਆ ਮਤੀ ਦਾਸ ਅਤੇ ਸਾਹਿਬ ਚੰਦ ਤੋਂ ਪ ?ਾਪਤ ਕੀਤੀ। ਭਾਈ ਬਜਰ ਸਿੰਘ ਨੂੰ ਗੋਬਿੰਦ ਰਾਇ ਨੂੰ ਸ਼ਸਤਰ ਚਲਾਉਣ ਅਤੇ ਘੋੜ ਸਵਾਰੀ ਸਿਖਾਉਣ ਵਾਸਤੇ ਤਾਇਨਾਤ ਕੀਤਾ ਗਿਆ।

ਦਸਤਾਰਬੰਦੀ:-ਗੁਰੂ ਗੋਬਿੰਦ ਸਿੰਘ ਜੀ ਦੀ ਦਸਤਾਰਬੰਦੀ1671 ਵਿੱਚ ਲਖਨੌਰ ਵਿਖੇ ਮਾਮਾ ਜੀ ਨੇ ਕੀਤੀ।

ਗੁਰੂ ਜੀ ਦੇ ਬਚਪਨ ਤੇ ਇੱਕ ਝਾਤ :-ਇਕ ਵਾਰ ਕਿਸੇ ਪ੍ਰੇਮੀ ਸਿੱਖ ਨੇ ਗੁਰੂ ਜੀ ਦਸਮੇਸ਼ ਜੀ ਵਾਸਤੇ ਸੋਨੇ ਦੇ ਕੜੇ ਭੇਟ ਕੀਤੇ। ਉਹ ਗੁਰੂ ਜੀ ਦੇ ਹੱਥੀਂ ਪਾਏ ਗਏ। ਸ਼ਾਮ ਦੇ ਵੇਲੇ ਗੁਰੂ ਜੀ ਗੰਗਾ ਦੇ ਕੰਢੇ ਖੇਡ ਰਹੇ ਸਨ। ਗੁਰੂ ਜੀ ਨੇ ਇੱਕ ਕੜਾ ਲਾਹ ਕੇ ਗੰਗਾ ਵਿੱਚ ਸੁੱਟ ਦਿੱਤਾ। ਜਦੋਂ ਮਾਮੇ ਕਿਰਪਾਲ ਜੀ ਨੇ ਪੁੱਛਿਆ ਕਿ ਕੜਾ ਕਿੱਥੇ ਸੁੱਟਿਆ ਤਾਂ ਗੁਰੂ ਜੀ ਮਾਮਾ ਜੀ ਨੂੰ ਗੰਗਾ ਦੇ ਕੰਢੇ ਉਸ ਥਾਂ ਲੈ ਗਏ, ਜਿੱਥੇ ਖੜੇ ਹੋ ਕੇ ਕੜਾ ਗੁਰੂ ਜੀ ਨੇ ਦਰਿਆ ਵਿੱਚ ਸੁੱਟਿਆ ਸੀ, ਉੱਥੇ ਖੜੋ ਕੇ ਬੋਲੀ ਜਿਹੀ ਸ਼ਕਲ ਬਣਾ ਕੇ ਦੂਜਾ ਕੜਾ ਦਰਿਆ ਵਿੱਚ ਵਗਾਹ ਮਾਰਿਆ ਅਤੇ ਨਾਲ ਹੀ ਕਿਹਾ, ਮਾਮਾ ਜੀ ਔਥੇ ਸੁੱਟਿਆ ਸੀ। ਉਸ ਥਾਂ ਹੁਣ ਗੁਰਦੁਆਰਾ ਗੋਬਿੰਦ -ਘਾਟ ਸਥਾਪਤ ਹੈ।

ਇੱਕ ਦਿਨ ਦਸਮੇਸ਼ ਜੀ ਹਾਣੀਆਂ ਨਾਲ ਖੇਡ ਰਹੇ ਸਨ ਕਿ ਪਟਨੇ ਦੇ ਨਵਾਬ ਦੀ ਸਵਾਰੀ ਆ ਗਈ। ਚੋਬਦਾਰ ਨੇ ਕਿਹਾ ਬੱਚਿਓ, ਚੁੱਪ ਕਰ ਕੇ ਖੜੇ ਹੋ ਜਾਓ, ਨਵਾਬ ਸਾਹਿਬ ਨੂੰ ਸਲਾਮ ਕਰੋ ਅਤੇ ਉਹਨਾਂ ਅੱਗੇ ਸਿਰ ਝੁਕਾਓ। ਬੱਚਿਆਂ ਦੇ ਆਗੂ ਗੁਰ ਦਸਮੇਸ਼ ਜੀ ਨੇ ਕਿਹਾ ਭਾਈ ਮਿੱਤਰਾਂ, ਸਲਾਮ ਕੋਈ ਨਹੀਂ ਜੇ ਕਰਨੀ ਸਿਰ ਨਹੀਂ ਜੇ ਝੁਕਾਉਣਾ, ਸਗੋਂ ਮੂੰਹ ਖੁਰਾਉਣਾ ਜੇ। ਜਦੋਂ ਨਵਾਬ ਕੋਲ ਆਇਆ ਤਾਂ ਬਾਲਕਾਂ ਦੀ ਫੌਜ ਨੇ ਨਵਾਬ ਦਾ ਮੂੰਹ ਕਰਾਇਆ ਅਤੇ ਊਈ-ਊਈ ਕਰਦੇ ਨੱਸ ਗਏ। ਇਸ ਘਟਨਾ ਤੋਂ ਪਤਾ ਲੱਗਦਾ ਹੈ ਜੀ ਗੁਰੂ ਜੀ ਬਚਪਨ ਤੋਂ ਦਲੇਰ ਅਤੇ ਨਿਰਭੈ ਸਨ।

ਇੱਕ ਵਪਾਰੀ ਸ਼ਰਧਾਲੂ ਨੇ ਗੁਰੂ ਜੀ ਨੂੰ ਇੱਕ ਛੋਟੀ ਜਿਹੀ ਬੇੜੀ ਦਿੱਤੀ। ਉਹ ਇਸ ਨੂੰ ਗੰਗਾ ਵਿੱਚ ਠੇਲ ? ਕੇ ਚੱਪਣੀਆਂ ਨਾਲ ਬੜੀ ਹੁਸ਼ਿਆਰੀ ਨਾਲ ਚਲਾਉਂਦੇ ਅਤੇ ਖੁਸ਼ ਹੁੰਦੇ। ਪਟਨੇ ਵਿੱਚ ਸਿੱਖਾਂ ਤੋਂ ਛੁੱਟ ਬਹੁਤ ਸਾਰੇ ਹਿੰਦੂ ਤੇ ਮੁਸਲਮਾਨ ਵੀ ਸ੍ਰੀ ਦਸਮੇਸ਼ ਜੀ ਦਾ ਬੜਾ ਆਦਰ ਸਤਿਕਾਰ ਕਰਦੇ ਸਨ, ਪਰ ਗੁਰੂ ਜੀ ਦੇ ਨਿੱਜੀ ਗੁਣ ਵੀ ਹਰੇਕ ਨੂੰ ਆਪਣੇ ਵੱਲ ਮੋਹਿਤ ਕਰ ਲੈਂਦੇ ਸਨ। ਸੂਝਵਾਨ ਅਤੇ ਧਰਮੀ ਬੰਦਿਆਂ ਨੂੰ ਤਾਂ ਗੁਰੂ ਗੋਬਿੰਦ ਸਿੰਘ ਜੀ ਛੋਟੀ ਉਮਰ ਵਿੱਚ ਹੀ ਰੱਬ ਦਾ ਰੂਪ ਅਤੇ ਰੱਬੀ -ਨੂਰ ਨਾਲ ਭਰਪੂਰ ਨਜ਼ਰ ਆਉਂਦੇ ਸਨ। ਪਟਨੇ ਦਾ ਸ਼ਿਵਦੱਤ ਪੰਡਿਤ ਗੁਰੂ ਜੀ ਨੂੰ ਸ਼ ?ੀ ਕਿ ?ਸ਼ਨ ਜੀ ਦਾ ਰੂਪ ਜਾਣਕੇ ਸਤਿਕਾਰਦਾ ਅਤੇ ਪਿਆਰਦਾ ਸੀ। ਜਦ ਸ਼ਿਵਦੱਤ ਪੰਡਤ ਗੰਗਾ ਵਿੱਚੋਂ ਇਸ਼ਨਾਨ ਕਰ ਕੇ ਕੰਢੇ ਪਾਸ ਸਮਾਧੀ ਲਾ ਕੇ ਬੈਠਦਾ ਸੀ, ਤਾਂ ਗੁਰੂ ਜੀ ਕਈ ਵੇਰ ਮਲਕੜੇ ਜਿਹੇ ਜਾ ਕੇ ਪੰਡਿਤ ਦੇ ਕੰਨਾਂ ਵਿੱਚ ਪੰਡਿਤ ਜੀ ਝਾਤ ! ਕਹਿ ਕੇ ਉਸ ਦੀ ਸਮਾਧੀ ਖੋਲ੍ਹ ਦੇਂਦੇ। ਪੰਡਿਤ ਗੁੱਸੇ ਹੋਣ ਦੀ ਥਾਂ ਪ੍ਰਸੰਨ ਹੁੰਦਾ ਅਤੇ ਗੁਰੂ ਜੀ ਨੂੰ ਨਮਸਕਾਰ ਕਰ ਕੇ ਨਿਹਾਲ ਹੁੰਦਾ। ਕੀ ਮੁਸਲਮਾਨ ਵੀ ਗੁਰੂ ਜੀ ਦੇ ਸ਼ਰਧਾਲੂ ਬਣ ਗਏ ਸਨ। ਨਵਾਬ ਰਹੀਮ ਬਖਸ਼ ਅਤੇ ਨਵਾਬ ਕਰੀਮ ਬਖ਼ਸ਼ ਗੁਰੂ ਜੀ ਦੇ ਦਰਸ਼ਨ ਤੇ ਮੋਹਿਤ ਹੋ ਗਏ। ਉਹਨਾਂ ਦੋਵਾਂ ਨੇ ਇੱਕ ਪਿੰਡ ਅਤੇ ਦੋ ਬਾਗ ਗੁਰੂ ਜੀ ਦੀ ਭੇਟਾ ਕੀਤੇ। ਜੋ ਕਿ ਅੱਜ ਦੀ ਤੀਕ ਵਿੱਚ ਤਖਤ ਪਟਨਾ ਸਾਹਿਬ ਦੇ ਨਾਂ ਜਗੀਰੀ ਹਨ।

ਮੁਸਲਮਾਨ ਸ਼ਰਧਾਲੂਆਂ ਵਿੱਚੋਂ ਇੱਕ ਪੀਰ ਭੀਖ ਸ਼ਾਹ ਜੀ ਵੀ ਗੁਰੂ ਜੀ ਦੀ ਸੱਯਦ ਕਰਦੇ ਸਨ। ਜਦੋਂ ਗੁਰੂ ਜੀ ਦਾ ਜਨਮ ਹੋਇਆ ਤਾਂ, ਪੀਰ ਭੀਖ ਸ਼ਾਹ ਗੁਰੂ ਜੀ ਦੇ ਦਰਸ਼ਨਾਂ, ਲਈ ਪੰਜਾਬ ਤੋਂ ਪਟਨੇ ਸਾਹਿਬ ਪਹੁੰਚੇ। ਪਟਨੇ ਸਾਹਿਬ ਪਹੁੰਚ ਕੇ ਪੀਰ ਭੀਖ ਸ਼ਾਹ ਨੇ ਗੁਰੂ ਜੀ ਦੇ ਦਰਸ਼ਨਾਂ ਦੀ ਬੇਨਤੀ ਕੀਤੀ ਪੀਰ ਭੀਖ ਸ਼ਾਹ ਮੁਸਲਮਾਨ ਹੋਣ ਕਰਕੇ ਮਾਤਾ ਗੁਜਰੀ ਤੇ ਮਾਮਾ ਕਿਰਪਾਲ ਜੀ ਝੱਕ ਗਏ ਉਹਨਾਂ, ਨੂੰ ਗੁਰੂ ਜੀ ਦਰਸ਼ਨ ਕਰਨ ਤੋਂ ਰੋਕ ਦਿੱਤਾ। ਪਰਪੀਰ ਭੀਖ ਸ਼ਾਹ ਹਠ ਕਰ ਕੇ ਬਹਿ ਗਏ ਕਿ ਇੰਨੀ ਦੂਰੋਂ ਦਰਸ਼ਨਾਂ ਲਈ ਆਏ ਹਾਂ, ਹੁਣ ਤਾਂ ਦਰਸ਼ਨ ਕਰ ਕੇ ਹੀ ਜਾਣਾ ਹੈ। ਪੀਰ ਜੀ ਦੀ ਸ਼ਰਧਾ ਵੇਖ ਕੇ ਗੁਰੂ ਜੀ ਦੇ ਦਰਸ਼ਨਾਂ ਲਈ ਹਾਮੀ ਭਰੀ ਗਈ। ਪੀਰ ਜੀ ਗੁਰੂ ਜੀ ਦੇ ਦਰਸ਼ਨ ਕਰਕੇ ਨਿਹਾਲ ਹੋ ਗਏ ਉਹਨਾਂ ਨੇ ਗੁਰੂ ਜੀ ਨਿਮਰਤਾ ਨਾਲ ਸਿਜਦਾ ਕੀਤਾ ਅਤੇ ਗੁਰੂ ਜੀ ਅੱਗੇ ਮਿਠਾਈ ਦੀਆਂ ਦੋ ਕੁੱਜੀਆਂ ਧਰੀਆਂ ਜੋ ਕਿ ਇੱਕ ਹਿੰਦੂ ਹਲਵਾਈ ਤੋਂ ਦੂਜੀ ਮੁਸਲਮਾਨ ਹਲਵਾਈ ਦੀ ਦੁਕਾਨ ਮੰਗਵਾਈ ਸੀ, ਗੁਰੂ ਜੀ ਨੇ ਇੱਕ ਇੱਕ ਹੱਥ ਦੋਹਾਂ ਕੁੱਜੀਆਂ ਉੱਪਰ ਰੱਖ ਤੇ, ਪੀਰ ਜੀ ਇਹ ਦੇਖ ਬਹੁਤ ਖੁਸ਼ ਹੋਏ ਫਿਰ ਤੋਂ ਸੀਸ ਨਿਵਾਇਆ। ਮਰੀਦਾਂ ਦੇ ਪੁੱਛਣ ਤੇ ਪੀਰ ਜੀ ਨੇ ਦੱਸਿਆ ਕਿ ਮੈਂ ਇਹ ਮਾਲੂਮ ਕਰਨਾ ਚਾਹੁੰਦਾ ਸਾਂ ਕਿ ਅਲਾਹੀ ਨੂਰ ਮਹਾਪੁਰਖ ਹਿੰਦੂਆਂ ਦਾ ਪੱਖ ਕਰੇਗਾ ਕਿ ਮੁਸਲਮਾਨਾਂ ਦਾ। ਇਹਨਾਂ ਮੇਰੇ ਦਿਲ ਦੀ ਜਾਣ ਕੇ ਦੋਹਾਂ ਕੁੱਜੀਆਂ ਉੱਪਰ ਹੱਥ ਰੱਖ ਕੇ ਨਿਸ਼ਚਾ ਦਿਵਾਇਆ ਹੈ ਕਿ ਗੁਰੂ ਜੀ ਦੋਹਾਂ ਧਰਮਾਂ ਦੀ ਹੀ ਰੱਖਿਆ ਸੰਭਾਲ ਕਰਨਗੇ। ਜਦੋਂ ਪੰਜਾਬ ਨੂੰ ਜਾਂਦੇ ਹੋਏ ਗੁਰੂ ਜੀ ਅੰਬਾਲੇ ਪਾਸ ਲਖਨੌਰ ਨਗਰ ਠਹਿਰੇ ਹੋਏ ਸਨ ਤਾਂ ਪੀਰ ਭੀਖ ਸ਼ਾਹ ਨੇ ਠਸਕੇ ਤੋਂ ਆ ਕੇ ਫਿਰ ਗੁਰੂ ਜੀ ਦੇ ਦਰਸ਼ਨ ਕੀਤੇ।

ਗੁਰੂ ਜੀ ਪਹਿਲੀ ਕੁਰਬਾਨੀ ਅਤੇ ਅਨੰਦਪੁਰ ਦਾ ਜੀਵਨ:-

ਗੁਰੂ ਪਿਤਾ ਨੇ ਪਰਿਵਾਰ ਨੂੰ ਪੰਜਾਬ ਆਉਣ ਲਈ ਸੱਦਾ ਭੇਜਿਆ। ਮਾਤਾ ਗੁਜਰੀ ਜੀ ਨੇ ਪਰਿਵਾਰ ਸਮੇਤ ਪਟਨੇ ਤੋਂ ਤੁਰਨ ਦੀ ਤਿਆਰੀ ਕੀਤੀ, ਜਦ ਪਟਨੇ ਦੀ ਸੰਗਤ ਨੂੰ ਪਤਾ ਲੱਗਾ ਤਾਂ ਸਭ ਹੱਕੇ-ਬੱਕੇ ਰਹਿ ਗਏ।ਫੱਗਣ ਸੰਮਤ 1728 (ਸੰਨ 1671) ਨੂੰ ਕੁਝ ਸੰਗਤ ਸਮੇਤ ਪੰਜਾਬ ਵੱਲ ਨੂੰ ਚਾਲੇ ਪਾਏ ਗਏ, ਤਦ ਗੁਰੂ ਗੋਬਿੰਦ ਸਿੰਘ ਜੀ ਦੀ ਉਮਰ ਮਾਤਰ 5 ਸਾਲ ਸੀ। ਦਾਨਪੁਰ, ਬਕਸਰ, ਆਰਾ, ਛੋਟਾ ਮਿਰਜ਼ਾਪੁਰ, ਬਨਾਰਸ, ਪਰਾਗ, ਲਖਨਊ, ਮਥੁਰਾ, ਥਾਨੇਸਰ, ਸਹਾਰਨਪੁਰ, ਆਦਿ ਥਾਵਾਂ 'ਤੇ ਹੁੰਦੇ ਹੋਏ ਭਾਦੋਂ ਸੰਮਤ 1729 ਨੂੰ ਸਾਰਾ ਪਰਿਵਾਰ ਲਖਨੌਰ ਨਗਰ ਪੁੱਜਾ, ਜੋ ਅੰਬਾਲੇ ਦੇ ਪਾਸ ਹੈ। ਕੁਝ ਸਮਾਂ ਇੱਥੇ ਆਰਾਮ ਕਰਨ ਉਪਰੰਤ ਆਪ ਜੀ ਅਨੰਦਪੁਰ ਸਾਹਿਬ ਪਹੁੰਚ ਗਏ। ਘਰ ਘਰ ਖੁਸ਼ੀ ਮਨਾਈ ਗਈ ਤੇ ਰਾਤ ਨੂੰ ਦੀਪਮਾਲਾ ਜਗਾਈ ਗਈ।

ਜਦੋਂ ਕਸ਼ਮੀਰ ਵਿੱਚ ਸ਼ੇਰ ਅਫ਼ਗਾਨ ਖ਼ਾਂ ਨੇ ਕਸ਼ਮੀਰੀ ਪੰਡਿਤਾਂ ਨੂੰ ਜ਼ਬਰੀ ਮੁਸਲਮਾਨ ਬਣਾਉਣਾ ਸ਼ੁਰੂ ਕੀਤਾ, ਤਾਂ 16 ਪੰਡਿਤ ਕ੍ਰਿਪਾ ਰਾਮ ਦੱਤ ਦੀ ਅਗਵਾਈ ਹੇਠ ਕਸ਼ਮੀਰੀ ਪੰਡਿਤਾਂ ਦੇ ਵਫ਼ਦ ਨੇ ਅਨੰਦਪੁਰ ਸਾਹਿਬ ਵਿਖੇ ਗੁਰੂ ਤੇਗ ਬਹਾਦਰ ਜੀ ਦੇ ਦਰਬਾਰ ਵਿੱਚ ਆ ਫ਼ਰਿਆਦ ਕੀਤੀ ।ਗੁਰੂ ਤੇਗ ਬਹਾਦਰ ਜੀ ਵੱਲੋਂ ਕਸ਼ਮੀਰੀ ਪੰਡਿਤਾਂ ਨੂੰ ਕਿਹਾ ਗਿਆ ਕਿ ਜਾਓ, ਔਰੰਗਜ਼ੇਬ ਨੂੰ ਜਾ ਕੇ ਕਹਿ ਦੇਵੋ ਕਿ ਜੇ ਉਹ ਗੁਰੂ ਤੇਗ ਬਹਾਦਰ ਜੀ ਨੂੰ ਮੁਸਲਮਾਨ ਬਣਾ ਲੈਂਦੇ ਹਨ ਤਾਂ ਅਸੀਂ ਸਾਰੇ ਖ਼ੁਦ ਹੀ ਮੁਸਲਮਾਨ ਬਣ ਜਾਵਾਂਗੇ। ਬਾਲ ਗੋਬਿੰਦ ਰਾਏ, ਜੋ ਮਾਤਰ 9 ਕੁ ਸਾਲ ਦੇ ਸਨ, ਨੇ ਪਿਤਾ ਜੀ ਦੇ ਇਸ ਫੈਸਲੇ 'ਤੇ ਪ੍ਰਸੰਨਤਾ ਜ਼ਾਹਰ ਕੀਤੀ। ਗੁਰੂ ਜੀ ਆਪਣੇ ਪੁੱਤਰ ਦੀ ਇਸ ਸੂਝ ਬੂਝ ਤੋਂ ਬਹੁਤ ਪ੍ਰਭਾਵਤ ਹੋਏ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪਿਤਾ ਗੁਰੂ ਤੇਗ ਬਹਾਦਰ ਜੀ ਨੂੰ ਉਹਨਾਂ ਦੁਖੀਆ ਦੇ ਧਰਮ ਦੀ ਖਾਤਰ ਸ਼ਹੀਦ ਹੋਣ ਲਈ ਤੋਰਿਆ। ਗੁਰੂ ਤੇਗ ਬਹਾਦਰ ਜੀ ਦੇ ਨਾਲ ਭਾਈ ਮਤੀ ਦਾਸ ਜੀ, ਭਾਈ ਦਿਆਲਾ ਜੀ, ਭਾਈ ਸਤੀ ਦਾਸ ਜੀ ਸਮੇਤ 11 ਜੁਲਾਈ ਨੂੰ ਚੱਕ ਨਾਨਕੀ (ਅਨੰਦਪੁਰ) ਛੱਡ ਦਿੱਤਾ ਤੇ ਚਾਦਨੀ ਚੌਂਕ (ਦਿੱਲੀ) 'ਚ ਮੱਘਰ ਸੁਦੀ 5, 11 ਮੱਘਰ ਬਿਕ੍ਰਮੀ ਸੰਮਤ 1732 11 ਨਵੰਬਰ 1675 ਨੂੰ ਸ਼ਹੀਦ ਪ੍ਰਾਪਤ ਕੀਤੀ, ਜਿੱਥੇ ਹੁਣ ਗੁਰਦੁਆਰਾ ਸੀਸ ਗੰਜ ਸੁਸ਼ੋਭਿਤ ਹੈ। ਭਾਈ ਜੈਤਾ ਜੀ ਗੁਰੂ ਜੀ ਦੇ ਸੀਸ ਨੂੰ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਪਾਸ ਅਨੰਦਪੁਰ ਸਾਹਿਬ ਪਹੁੰਚੇ ਤੇ ਗੁਰੂ ਜੀ ਨੇ ਭਾਈ ਸਾਹਿਬ ਜੀ ਨੂੰ 'ਰੰਘਰੇਟੇ ਗੁਰੂ ਕੇ ਬੇਟੇ' ਕਹਿ ਕੇ ਮਾਣ ਬਖ਼ਸ਼ਿਆ।

ਗੁਰਿਆਈ:-

ਗੁਰੂ ਤੇਗ ਬਹਾਦਰ ਜੀ ਦਿੱਲੀ ਵਿੱਚ ਸ਼ਹੀਦ ਹੋਣ ਤੋਂ, ਪਹਿਲਾਂ ਇਹ ਹੁਕਮ ਕਰ ਗਏ ਸਨ ਕਿ ਸਾਡੇ ਮਗਰੋਂ ਗੁਰ -ਗੱਦੀ ਦੀਆਂ ਜ਼ਿੰਮੇਵਾਰੀਆਂ ਸਾਡਾ ਸਾਹਿਬਜ਼ਾਦਾ ਸੰਭਾਲਦਾ। ਉਸ ਹੁਕਮ ਦੇ ਅਨੁਸਾਰ ਸ਼ਹੀਦੀ ਤੋਂ ਕੁਝ ਦੇਰ ਮਗਰੋਂ ਮੱਘਰ ਸੰਮਤ 1732 ਵਿੱਚ ਸ ?ੀ ਗੁਰੂ ਗੋਬਿੰਦ ਸਿੰਘ ਜੀ ਨੂੰ ਗੱਦੀ ਉਪਰ ਬਿਠਾਉਣ ਦੀ ਰਸਮ ਕੀਤੀ ਗਈ। ਬਾਬਾ ਬੁੱਢਾ ਜੀ ਦੀ ਅੰਸ ਬਾਬਾ ਰਾਮ ਕੰਵਰ ਜੀ ਨੇ ਮਰਯਾਦਾ ਅਨੁਸਾਰ ਆਪ ਗੁਰੂ ਜੀ ਨੂੰ ਜਿਗ ?ਾਂ ਕਲਗੀ ਸਜਾ ਕੇ ਸ ?ੀ ਸਾਹਿਬ ਪਹਿਨਾ ਕੇ ਤੇ ਗੁਰ -ਗੱਦੀ ਦਾ ਤਿਲਕ ਦੇ ਕੇ ਗੁਰਿਆਈ ਦੀ ਰਸਮ ਅਦਾ ਕੀਤੀ।

ਵਿਆਹ ਅਤੇ ਸੰਤਾਨ:-

ਮਾਤਾ ਜੀਤੋ ਜੀ ਗੁਰੂ ਗੋਬਿੰਦ ਸਿੰਘ ਦੀ ਪਹਿਲੀ ਪਤਨੀ ਸਨ। ਮਾਤਾ ਜੀਤੋ ਜੀ ਜਨਮ ਹਰਿਜਸ ਸੁਭਿਖੀ ਖਾਤਰੀ ਦੇ ਘਰ ਹੋਇਆ। 12 ਮਈ 1673 ਈਸਵੀ ਨੂੰ ਹੀ ਮਾਤਾ ਜੀਤੋ ਜੀ ਦੀ ਮੰਗਣੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਕਰ ਦਿੱਤੀ ਗਈ ਸੀ। ਇਸੇ ਦੌਰਾਨ ਜਦੋਂ ਗੁਰੂ ਤੇਗ ਬਹਾਦਰ ਸਾਹਿਬ ਜੀ ਮਨੁੱਖਤਾ ਤੇ ਹਿੰਦੂ ਧਰਮ ਦੀ ਰਾਖੀ ਲਈ ਦਿੱਲੀ ਵੱਲ ਚਲੇ ਗਏ ਤੇ 11 ਨਵੰਬਰ 1675 ਈਸਵੀ ਨੂੰ ਗੁਰੂ ਜੀ ਨੇ ਦਿੱਲੀ ਵਿਖੇ ਸ਼ਹੀਦੀ ਦੇ ਦਿੱਤੀ ਤਾਂ ਇਹ ਸ਼ਾਦੀ ਥੋੜ੍ਹਾ ਅੱਗੇ ਪੈ ਗਈ।1677 ਈਸਵੀ ''ਚ ਭਾਈ ਹਰਿ ਜਸ ਸੁਭਿਖੀ ਨੇ ਮਾਤਾ ਗੁਜਰੀ ਜੀ ਨੂੰ ਜ਼ੋਰ ਨਾਲ ਅਪੀਲ ਕੀਤੀ ਕਿ ਹੁਣ ਮਾਤਾ ਜੀਤੋ ਜੀ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਾਦੀ ਕਰ ਦਿੱਤੀ ਜਾਵੇ। ਮਾਤਾ ਜੀਤੋ ਜੀ ਨੇ ਕੁਖੋ ਤਿੰਨ ਸ਼ਹਿਜ਼ਾਦੇ ਨੇ ਜਨਮ ਲਿਆ

ਜੁਝਾਰ ਸਿੰਘ ਦਾ ਜਨਮ ਪਹਿਲੇ ਦਿਨ ਮਾਘ ਦੇ ਅੱਧ ਦੇ ਅੱਧ ਵਿਚ ਸੀ, ਸਾਲ 1753 ਜਾਂ ਐਤਵਾਰ, 14 ਮਾਰਚ 1691 ਈ.

ਜੋਰਾਵਰ ਸਿੰਘ ਦਿਨ ਦਾ ਸੱਤਵਾਂ ਦਿਨ ਚੇਤ, ਐਸ.ਵੀ. ਸਾਲ 1747 ਜਾਂ 17 ਨਵੰਬਰ 1696 ਈ

ਫਤਿਹ ਸਿੰਘ ਫੱਗਣ, ਐਸ.ਵੀ. ਸਾਲ 1755, ਜਾਂ ਬੁੱਧਵਾਰ, 25 ਫ਼ਰਵਰੀ 1699 ਈ

ਮਾਤਾ ਸੁੰਦਰੀ ਜੀ ਗੁਰੂ ਗੋਬਿੰਦ ਸਿੰਘ ਜੀ ਦੀ ਦੂਜੀ ਸੁਪਤਨੀ ਸਨ। ਮਾਤਾ ਸੁੰਦਰੀ ਜੀ ਦੇ ਪਿਤਾ ਜੀ ਦਾ ਨਾਮ ਭਾਈ ਰਾਮ ਸਰਨ ਸੀ ਜੋ ਕੇ ਹੁਸ਼ਿਆਰਪੁਰ ਜ਼ਿਲੇ ਦੇ ਬਿਜਵਾੜਾ ਨਾਲ ਸੰਬੰਧ ਰਖਦੇ ਸਨ। ਮਾਤਾ ਸੁੰਦਰੀ ਜੀ ਦਾ ਵਿਆਹ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਚਾਰ ਅਪ੍ਰੈਲ 1684 ਨੂੰ ਹੋਇਆ ਸੀ। 26 ਜਨਵਰੀ 1687 ਨੂੰ ਸ਼੍ਰੀ ਪਾਉਂਟਾ ਸਾਹਿਬ ਵਿਖੇ ਮਾਤਾ ਜੀ ਦੀ ਕੁਖੋ ਸਾਹਿਬਜ਼ਾਦਾ ਅਜੀਤ ਸਿੰਘ ਜੀ ਦਾ ਜਨਮ ਹੋਇਆ, ਜੋ ਕੇ ਸਾਰੇ ਸਾਹਿਬਜ਼ਾਦਿਆਂ ਵਿੱਚੋਂ ਵੱਡੇ ਸਨ। ਮਾਤਾ ਸਾਹਿਬ ਕੌਰ ਜੀ ਗੁਰੂ ਗੋਬਿੰਦ ਸਿੰਘ ਜੀ ਦੇ ਤੀਜੇ ਜੀਵਨ ਸਾਥੀ ਸਨ।ਮਾਤਾ ਸਾਹਿਬ ਕੌਰ ਜੀ ਦਾ ਮੁੱਢਲਾ ਨਾਮ ਸਾਹਿਬ ਦੇਵਾ ਸੀ। ਮਾਤਾ ਸਾਹਿਬ ਕੌਰ ਦਾ ਪਿਤਾ ਭਾਈ ਰਾਮੂ ਜੀ ਅਤੇ ਮਾਤਾ ਜੀ ਦਾ ਨਾਮ ਜਸਦੇਈ ਜੀ ਸੀ। ਸਿੱਖ ਧਰਮ ਵਿੱਚ ਮਾਤਾ ਸਾਹਿਬ ਕੌਰ ਨੂੰ 'ਖ਼ਾਲਸਾ ਪੰਥ ਦੀ ਮਾਤਾ' ਹੋਣ ਦਾ ਮਾਣ ਪ੍ਰਾਪਤ ਹੈ।

ਪਾਉਂਟਾ ਸਾਹਿਬ ਦੀ ਨੀਂਹ: 1684 ਤਕ 'ਚੱਕ ਨਾਨਕੀ' (ਹੁਣ ਅਨੰਦਪੁਰ ਸਾਹਿਬ) ਇੱਕ ਅਹਿਮ ਨਗਰ ਬਣ ਚੁੱਕਾ ਸੀ। ਜਿਸ ਨੂੰ ਵੇਖ ਕੇ ਕੁਝ ਪਹਾੜੀ ਰਾਜੇ ਈਰਖਾ ਕਰਨ ਲੱਗ ਪਏ। ਬਿਲਾਸਪੁਰ ਦਾ ਰਾਜਾ ਭੀਮ ਚੰਦ ਵੀ ਗੁਰੂ ਸਾਹਿਬ ਨਾਲ ਵਿਟਰਿਆ ਹੋਇਆ ਸੀ ਕਿਉਂਕਿ ਗੁਰੂ ਸਾਹਿਬ ਨੇ ਉਸ ਦੇ ਲੜਕੇ ਦੀ ਮੰਗਣ 'ਤੇ ਉਨ੍ਹਾਂ ਦੀ ਨਾਜਾਇਜ਼ ਮੰਗ ਮੁਤਾਬਕ ਪਰਸਾਦੀ ਹਾਥੀ, ਚਾਂਦਨੀ ਆਦਿ ਨਹੀਂ ਦਿੱਤਾ ਸੀ। ਉਸ ਨੇ 'ਚੱਕ ਨਾਨਕੀ' ਵਲ ਵੀ ਕੈਰੀ ਨਿਗਾਹ ਨਾਲ ਵੇਖਣਾ ਸ਼ੁਰੂ ਕਰ ਦਿੱਤਾ।ਸੰਨ 1685 ਦੇ ਸ਼ੁਰੂ ਵਿਚ ਨਾਹਨ ਦੇ ਰਾਜੇ (ਮੇਦਨੀ ਪ੍ਰਕਾਸ) ਨੇ ਗੁਰੂ ਸਾਹਿਬ ਨੂੰ ਆਪਣੀ ਰਿਆਸਤ ਵਿੱਚ ਦਰਸ਼ਨ ਦੇਣ ਲਈ ਅਰਜ਼ ਕੀਤੀ। 14 ਅਪ੍ਰੈਲ 1685 ਨੂੰ ਗੁਰੂ ਸਾਹਿਬ ਨਾਹਨ ਪੁੱਜੇ। ਆਪ ਨੇ ਰਿਆਸਤ ਦਾ ਦੌਰਾ ਕੀਤਾ ਤੇ ਦਰਿਆ ਜਮਨਾ ਦੇ ਕੰਢੇ ਮੌਜੂਦਾ ਪਾਉਂਟਾ ਵਾਲੀ ਜਗ੍ਹਾ 'ਤੇ ਇੱਕ ਨਵਾਂ ਨਗਰ ਵਸਾਉਣ ਦਾ ਫੈਸਲਾ ਕਰ ਲਿਆ। ਪਾਉਂਟੇ ਦੀ ਨੀਂਹ 29 ਅਪ੍ਰੈਲ 1685 ਨੂੰ ਦੀਵਾਨ ਨੰਦ ਚੰਦ ਸੰਘਾ ਕੋਲੋਂ ਅਰਦਾਸ ਕਰਵਾ ਕੇ ਤੇ ਭਾਈ ਰਾਮ ਕੁੰਵਰ ਦੇ ਹੱਥੋਂ ਮੋੜ੍ਹੀ ਗਡਵਾ ਕੇ ਰਖਵਾਈ ਗਈ। ਅਗਲੇ 3 ਸਾਲ 5 ਮਹੀਨੇ ਪਾਉਂਟਾ ਸਾਹਿਬ ਵਿੱਚ ਨਿਵਾਸ ਰਿਹਾ। ਇੱਥੇ ਹੀ 11 ਮਈ 1685 ਨੂੰ ਬਾਬਾ ਰਾਮਰਾਇ ਜੀ, ਜਿਨ੍ਹਾਂ ਨੂੰ ਗੁਰੂ ਹਰਿਰਾਇ ਸਾਹਿਬ ਜੀ ਨੇ ਆਪਣੇ ਪਾਸ ਆਉਣ ਤੋਂ ਮਨ੍ਹਾ ਕਰ ਦਿੱਤਾ ਸੀ, ਗੁਰੂ ਜੀ ਨੂੰ ਮਿਲਣ ਲਈ ਆਏ।

ਭੰਗਾਣੀ ਦਾ ਯੁੱਧ: ਭੰਗਾਣੀ, ਪਾਉਂਟਾ ਸਾਹਿਬ ਤੋਂ ਲਗਭਗ ਛੇ ਮੀਲ ਦੂਰ ਦੋ ਪਹਾੜਾਂ ਦੇ ਵਿਚਕਾਰ ਜਮੁਨਾ ਦੇ ਕਿਨਾਰੇ ਖੁਲ੍ਹਾ ਮੈਦਾਨ ਹੈ। ਬਿਲਾਸਪੁਰ ਤੋਂ ਆਉਣ ਵਾਲਾ ਪ੍ਰਮੁੱਖ ਰਸਤਾ ਹੈ।'ਬਾਈ ਧਾਰ' ਉਹ ਪਹਾੜੀ ਇਲਾਕਾ ਹੈ ਜੋ ਜੰਮੂ ਤੋਂ ਗੜ੍ਹਵਾਲ ਤਕ, ਝਨਾਂ ਨਦੀ ਤੋਂ ਗੰਗਾ ਤੱਕ ਫੈਲਿਆ ਹੈ ਤੇ ਤਦ ਬਾਈ ਰਿਆਸਤਾਂ ਵਿਚ ਵੰਡਿਆ ਹੋਇਆ ਸੀ। ਇਨ੍ਹਾਂ ਰਿਆਸਤਾਂ ਦੇ ਸਭ ਰਾਜੇ ਸਨਾਤਨੀ ਹਿੰਦੂ ਸਨ, ਜਿਨ੍ਹਾਂ ਲਈ ਗੁਰੂ ਤੇਗ ਬਹਾਦਰ ਜੀ ਨੇ ਬਲੀਦਾਨ ਦਿੱਤਾ, ਪਰ ਇਹ ਸਭ ਗੁਰੂ ਸਾਹਿਬ ਦੀ ਸਰਵ ਪ੍ਰਮਾਣਿਤ ਧਾਰਮਿਕ ਨੀਤੀ ਤੋਂ ਚਿੰਤਤ ਸਨ, ਜਿਸ ਵਿੱਚ ਹਰ ਵਰਗ ਨੂੰ ਸਤਿਕਾਰ ਮਿਲਦਾ ਸੀ।ਗੁਰੂ ਜੀ ਦੀ ਸਢਾਉਰਾ ਨਿਵਾਸੀ ਪੀਰ ਬੁਧੂ ਸ਼ਾਹ ਨਾਲ ਮੁਲਾਕਾਤ ਵੀ ਪਾਉਂਟਾ ਸਾਹਿਬ ਹੋਈ। ਪੀਰ ਜੀ ਨੇ ਮੁਗ਼ਲ ਫ਼ੌਜ ਵਿੱਚੋਂ ਕੱਢੇ 500 ਪਠਾਣ ਫ਼ੌਜੀਆਂ ਨੂੰ ਗੁਰੂ ਜੀ ਦੀ ਸੇਵਾ ਵਿੱਚ ਰਖਵਾ ਦਿੱਤਾ। ਜਿੰਨਾਂ ਦੇ ਪੰਜ ਸਰਦਾਰ ਕਾਲੇ ਖਾਂ, ਭੀਖ਼ਨ ਖਾਂ, ਨਜ਼ਾਬਤ ਖਾਂ, ਉਮਰ ਖਾਂ ਅਤੇ ਹਯਾਤ ਖਾਂ ਸਨ, ਪਰ ਭੰਗਾਣੀ ਯੁੱਧ ਦੌਰਾਨ ਕੇਵਲ ਕਾਲੇ ਖ਼ਾਂ ਸਰਦਾਰ ਦੇ ਜੱਥੇ ਤੋਂ ਬਿਨਾਂ ਬਾਕੀ ਚਾਰੋਂ ਸਰਦਾਰ ਆਪਣੇ 400 ਸੈਨਿਕਾਂ ਸਮੇਤ ਵਿਰੋਧੀ ਧਿਰ ਨਾਲ ਜਾ ਮਿਲੇ। ਇਸ ਵਿਸ਼ਵਾਸ ਘਾਤ ਉਪਰੰਤ ਪੀਰ ਜੀ ਆਪਣੇ 700 ਸੈਨਿਕਾਂ ਸਮੇਤ ਗੁਰੂ ਜੀ ਦੀ ਮਦਦ ਲਈ ਪਹੁੰਚੇ, ਜਿੱਥੇ ਉਨ੍ਹਾਂ ਦੇ 2 ਭਰਾ ਤੇ ਕਈ ਸੈਨਿਕ ਵੀ ਸ਼ਹੀਦ ਹੋ ਗਏ।ਅਨੰਦਪੁਰ ਸਾਹਿਬ ਕਹਿਲੂਰ ਦੀ ਰਿਆਸਤ ਵਿਚ ਪੈਂਦਾ ਸੀ, ਜਿਸ ਦਾ ਰਾਜਾ ਭੀਮ ਚੰਦ ਸੀ। ਜਿਸ ਨੂੰ ਗੁਰੂ ਸਾਹਿਬ ਵਲੋਂ 'ਰਣਜੀਤ ਨਗਾਰਾ' ਵਜਾਉਣਾ ਆਪਣੀ ਹੇਠੀ ਜਾਪਦੀ ਸੀ। ਉਹ ਚਾਹੁੰਦਾ ਸੀ ਕਿ ਗੁਰੂ ਜੀ ਉਸ ਦੇ ਪ੍ਰਭਾਵ ਅਧੀਨ ਰਹਿਣ। ਰਾਜੇ ਹਉਮੈ ਦੇ ਮਾਰੇ ਗਰੀਬਾਂ ਦਾ ਤ੍ਰਿਸਕਾਰ ਕਰਦੇ ਸਨ ਜਦਕਿ ਗੁਰੂ ਜੀ ਇਕ ਸੰਗਤ ਤੇ ਪੰਗਤ ਨੂੰ ਮਹੱਤਵ ਦਿੰਦੇ ਸਨ। ਇਸ ਲਈ ਉਹ ਵਾਧੂ ਬਹਾਨੇ ਲੱਭਦੇ ਰਹਿੰਦੇ ਸਨ, ਜਿਸ ਦਾ ਸਿੱਟਾ ਹੈ 'ਭੰਗਾਣੀ ਦਾ ਯੁੱਧ'।ਗੁਰੂ ਜੀ ਨੇ ਗੜਵਾਲ ਦੇ ਰਾਜੇ ਫ਼ਤਹਿ ਸ਼ਾਹ ਤੇ ਨਾਹਨ ਦੇ ਰਾਜੇ ਮੇਦਨੀ ਪ੍ਰਕਾਸ਼ 'ਚ ਦੋਸਤੀ ਕਰਵਾਈ ਸੀ, ਜੋ ਭੀਮ ਚੰਦ ਨੂੰ ਚੁੱਭਦੀ ਸੀ। ਇਸ ਦੌਰਾਨ ਰਾਜਾ ਭੀਮ ਚੰਦ ਦੇ ਲੜਕੇ ਦੀ ਮੰਗਣੀ ਰਾਜਾ ਫ਼ਤਹਿ ਸ਼ਾਹ ਦੀ ਲੜਕੀ ਨਾਲ ਹੋਈ। ਭੀਮ ਚੰਦ ਨੇ ਗੁਰੂ ਸਾਹਿਬ ਨੂੰ ਸੁਨੇਹਾ ਭੇਜਿਆ ਕਿ ਮੇਰੇ ਪੁੱਤਰ ਦੀ ਬਰਾਤ ਬਿਲਾਸਪੁਰ ਤੋਂ ਸਿਰੀ ਨਗਰ (ਗੜ੍ਹਵਾਲ) ਪਾਉਂਟੇ ਕੋਲੋਂ ਲੰਘੇਗੀ। ਬਰਾਤ 'ਚ ਫੌਜ ਵੀ ਹੋਵੇਗੀ, ਜੋ ਬੇਕਾਬੂ ਹੋ ਕੇ ਤੁਹਾਡੇ ਡੇਰੇ ਨੂੰ ਲੁੱਟ ਸਕਦੀ ਹੈ, ਇਸ ਲਈ ਤੁਸੀਂ ਰਸਤੇ 'ਚੋਂ ਹਟ ਜਾਓ, ਨਹੀਂ ਤਾਂ ਤੁਹਾਡਾ ਹੀ ਨੁਕਸਾਨ ਹੋਏਗਾ। ਗੁਰੂ ਜੀ ਨੇ ਜਵਾਬ ਦਿੱਤਾ ਕਿ ਤੁਹਾਡੇ ਪੁੱਤਰ ਦੀ ਬਰਾਤ ਨੂੰ ਰੋਕਾਂਗਾ ਨਹੀਂ, ਪਰ ਫੌਜ ਨੂੰ ਜਾਣ ਦੇਵਾਂਗਾ ਨਹੀਂ। ਜੇਕਰ ਫੌਜ ਦਾ ਜਾਣਾ ਜ਼ਰੂਰੀ ਹੈ ਤਾਂ ਕਿਸੇ ਹੋਰ ਰਸਤੇ 'ਚੋਂ ਚਲੇ ਜਾਓ।ਉੱਤਰ ਸੁਣ ਕੇ ਭੀਮ ਚੰਦ ਪਾਗਲ ਹੋ ਗਿਆ। ਉਹ ਬੇ-ਕਾਬੂ ਹੋ ਗਿਆ ਤੇ ਰਾਜਾ ਫ਼ਤਹਿ ਸ਼ਾਹ ਦੁਆਰਾ ਗੁਰੂ ਜੀ ਨੂੰ ਵਿਆਹ ਵਿਚ ਬੁਲਾਵਾ ਭੇਜ ਦਿੱਤਾ। ਗੁਰੂ ਜੀ ਆਪ ਤਾਂ ਨਹੀਂ ਗਏ ਪ੍ਰੰਤੂ ਆਪਣੇ ਦੀਵਾਨ ਨੰਦ ਚੰਦ ਨੂੰ ਕੀਮਤੀ ਤੋਹਫੇ ਦੇ ਕੇ ਭੇਜ ਦਿੱਤਾ ਤੇ ਸੁਚੇਤ ਰਹਿਣ ਲਈ ਵੀ ਕਿਹਾ। ਸ਼ਾਦੀ ਤੋਂ ਪਹਿਲਾਂ ਭਰੀ ਸਭਾ 'ਚ ਤੋਹਫਿਆਂ ਦਾ ਐਲਾਨ ਕੀਤਾ ਗਿਆ, ਜਿੱਥੇ ਗੁਰੂ ਜੀ ਵਲੋਂ ਭੇਜੇ ਤੋਹਫ਼ੇ ਸਭ ਤੋਂ ਕੀਮਤੀ ਸਨ। ਭੀਮ ਚੰਦ ਨੇ ਪਰਸਾਦੀ ਹਾਥੀ ਦੀ ਵੀ ਮੰਗ ਕਰ ਦਿੱਤੀ, ਜਿਸ ਬਾਰੇ ਨੰਦ ਚੰਦ ਨੇ ਇਨਕਾਰ ਕਰ ਦਿੱਤਾ, ਜਿਸ ਉਪਰੰਤ ਉਨ੍ਹਾਂ ਨੂੰ ਕਾਬੂ ਕਰਨਾ ਚਾਹਿਆ ਪਰ ਉਹ ਕੁਝ ਸਾਥੀਆਂ ਸਮੇਤ ਹੁਸ਼ਿਆਰੀ ਨਾਲ ਵਾਪਸ ਆ ਗਿਆ ਤੇ ਸਾਰੀ ਵਾਰਤਾ ਗੁਰੂ ਸਾਹਿਬ ਨੂੰ ਸੁਣਾ ਦਿੱਤੀ।

(ਬਾਕੀ ਅਗਲੇ ਅੰਕ 'ਚ)

# ਖਸਮੁ ਵਿਸਾਰਹਿ ਤੇ ਕਮਜਾਤਿ

ਇਕਵਾਕ ਸਿੰਘ ਪੱਟੀ

ਗੁਰਬਾਣੀ ਅੰਦਰ ਅਤੇ ਬਾਬਾ ਗੁਰੂ ਨਾਨਕ ਜੀ ਫੁਰਮਾਉਂਦੇ ਹਨ:

ਜਾਤਿ ਜਨਮ ਨਹ ਪੂਛੀਐ ਸਚ ਘਰੁ ਲੇਹੁ ਬਤਾਇ ॥ਸਾ ਜਾਤਿ ਸਾ ਪਤ ਹੈ ਜੇਹੇ ਕਰਮ ਕਮਾਇ॥

(ਪ੍ਰਭਾਤੀ ਮਹਲਾ ੧, ਪੰਨਾ ੧੩੩੦)

ਗੁਰਮਤਿ ਵਿਚਾਰਧਾਰਾ ਅਨੁਸਾਰ ਸਾਰੇ ਮਨੁੱਖ ਉਸ ਪ੍ਰਮਾਤਮਾ ਦੀ ਅੰਸ਼ ਹੋਣ ਕਰਕੇ ਇੱਕ ਹਨ। ਗੁਰਮਤਿ ਦੇ ਅਧਾਰ ਤੇ ਕੋਈ ਮਨੁੱਖ ਉਚਾ ਨਹੀਂ ਜਾਂ ਨੀਵਾਂ ਨਹੀਂ। ਪ੍ਰਭੂ ਭਗਤੀ ਅਤੇ ਨੇਕ ਕੰਮ ਕਰਨ ਵਾਲੇ ਮਨੁੱਖ ਉੱਤਮ ਹਨ ਅਤੇ ਗੁਰੂ ਤੋਂ ਬੇ-ਮੁੱਖ ਭਾਵ ਮਾੜੇ ਕੰਮ ਕਰਨ ਵਾਲੇ ਨੀਵੇਂ ਹੁੰਦੇ ਹਨ :

ਖਸਮੁ ਵਿਸਾਰਹਿ ਤੇ ਕਮਜਾਤਿ ॥ਨਾਨਕ ਨਾਵੈ ਬਾਝੁ ਸਨਾਤਿ ॥

(ਆਸਾ ਮ. ੧, ਪੰਨਾ ੧੦)

ਸਾਡੇ ਦੇਸ਼ ਵਿੱਚ ਕਈ ਧਰਮਾਂ ਅਨੁਸਾਰ ਮਨੁੱਖ ਨੂੰ ਉਚਾ ਨੀਵਾਂ ਮੰਨਿਆ ਗਿਆ ਹੈ । ਜੇਕਰ ਜਾਤ-ਪਾਤ ਦੇ ਸੰਬੰਧ ਵਿੱਚ ਬ੍ਰਾਹਮਣੀ ਮੱਤ ਅਨੁਸਾਰ ਵੱਖ-ਵੱਖ ਪੱਖਾਂ ਤੋਂ ਵਿਚਾਰ ਕੀਤੀ ਜਾਵੇ ਤਾਂ ਇੱਕ ਬਹੁਤ ਵੱਡੀ ਅਤੇ ਭਿਆਨਕ ਪੁਸਤਕ ਤਿਆਰ ਹੋ ਸਕਦੀ ਹੈ। ਅਜੋਕੇ ਯੁੱਗ ਦੇ ਮਹਾਨ ਵਿਦਵਾਨ, ਸਿਆਸਤਦਾਨ ਅਤੇ ਭਾਰਤੀ ਸੰਵਿਧਾਨ ਦੇ ਰਚੇਤਾ ਡਾ. ਅੰਬੇਦਕਰ ਜੀ ਦਾ ਕਥਨ ਹੈ ਕਿ "ਜਾਤ ਪਾਤ ਨਾਲ ਭਰਪੂਰ ਵਿਤਕਰਾ ਹਿੰਦੂ ਧਾਰਮਿਕ ਸ਼ਾਸ਼ਤਰਾਂ ਵੱਲੋਂ ਹੀ ਪ੍ਰਚਲਤ ਹੋਇਆ ਹੈ।" ਉਨ੍ਹਾਂ ਗ੍ਰੰਥਾਂ ਨੂੰ ਲਿਖਣ ਵਾਲਿਆਂ ਨੇ ਮਨੁੱਖਤਾ ਦੇ ਇੱਕ ਵੱਡੇ ਹਿੱਸੇ ਨਾਲ ਕਿਸ ਤਰ੍ਹਾਂ ਧੱਕਾ ਕੀਤਾ ਹੈ ਦੇ ਸੰਬੰਧ ਵਿੱਚ ਅਨੇਕਾਂ ਮਿਸਾਲਾਂ ਮਿਲ ਜਾਂਦੀਆਂ ਹਨ, ਪਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇੱਕ ਐਸੇ ਮੱਤ ਦੀ ਨੀਂਹ ਰੱਖੀ ਜੋ ਮੁਕੰਮਲ ਅਤੇ ਸੰਪੂਰਨ ਇਨਸਾਨੀਅਤ ਦਾ ਧਰਮ ਹੈ। ਗੁਰੂ ਪਾਤਸ਼ਾਹ ਜੀ ਨੇ ਇਸ ਧਰਮ ਵਿੱਚ ਖ਼ੁਦੀ, ਬਖੀਲੀ, ਘ੍ਰਿਣਾ, ਈਰਖਾ, ਜਾਤ-ਪਾਤ ਆਦਿ ਵਿਤਕਰਿਆ ਨੂੰ ਕੋਈ ਥਾਂ ਨਹੀਂ ਦਿੱਤੀ। ਭਗਤ ਕਬੀਰ ਜੀ ਨੇ ਜਾਤ ਦੇ ਅਭਿਮਾਨੀਆਂ ਨੂੰ ਡੰਕੇ ਦੀ ਚੋਟ ਨਾਲ ਲਲਕਾਰਿਆ :

ਜੌ ਤੂੰ ਬ੍ਰਾਹਮਣੁ ਬ੍ਰਾਮਨੀ ਜਾਇਆ ॥ਤਉ ਆਨ ਬਾਟ ਕਾਹੇ ਨਹੀਂ ਆਇਆ ॥

ਤੁਮ ਕਤ ਬ੍ਰਾਹਮਣ ਹਮ ਕਤ ਸੂਦ ॥ਹਮ ਕਤ ਲਹੂ ਤੁਮ ਕਤ ਦੂਧ ॥

(ਗਉੜੀ ਕਬੀਰ ਜੀ, ਪੰਨਾ ੩੨੪)

ਗੁਰੂ ਨਾਨਕ ਪਾਤਸ਼ਾਹ ਜੀ ਨੇ ਜਾਤ ਪਾਤ ਦੀ ਇਸ ਗੰਦੀ ਵਿਚਾਰਧਾਰਾ ਨੂੰ ਖਤਮ ਕਰਨ ਲਈ ਭਰਪੂਰ ਉਪਰਾਲੇ ਕੀਤੇ। ਆਪ ਜੀ ਨੇ ਜਾਤ ਅਭਿਮਾਨੀ ਲੋਕਾਂ ਨੂੰ ਨਜ਼ਰ-ਅੰਦਾਜ ਕਰਕੇ ਐਲਾਨ ਕਰ ਦਿੱਤਾ ਕਿ ਮੇਰੀ ਦੋਸਤੀ ਹੀ ਨੀਚ ਕਹੇ ਜਾਣ ਵਾਲੇ ਲੋਕਾਂ ਨਾਲ ਹੈ ।

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥

ਨਾਨਕ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥

ਜਿਥੈ ਨੀਚ ਸਮਾਲੀਅਨ ਤਿਥੈ ਨਦਰਿ ਤੇਰੀ ਬਖਸੀਸ ॥

(ਸਿਰੀ ਰਾਗ ਮ. ੧, ਪੰਨਾ ੬੭੧)

ਉਨ੍ਹਾਂ ਗੱਲਾਂ ਦੇ ਪ੍ਰਚਾਰ ਲਈ ਆਪ ਜੀ ਨੇ ਹਜ਼ਾਰਾਂ ਮੀਲ ਪੈਦਲ ਸਫ਼ਰ ਤਹਿ ਕੀਤਾ । ਲੋਕਾਂ ਨੂੰ ਸੱਚ ਧਰਮ ਦਾ ਉਪਦੇਸ਼ ਦਿੱਤਾ ਅਤੇ ਅਹਿਸਾਸ ਕਰਵਾਇਆ ਕਿ

ਏਕ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ॥

(ਸੋਰਠਿ ਮ.੫, ਪੰਨਾ-੬੧੧)

ਆਪ ਜੀ ਨੇ ਸਾਰਿਆਂ ਪਰਚਾਰਕ ਦੌਰਿਆ ਦੌਰਾਨ ਕਹੀ ਜਾਂਦੀ ਅਖੌਤੀ ਮਿਰਾਸੀ ਜਾਤ ਦੇ ਭਾਈ ਮਰਦਾਨਾ ਜੀ ਨੂੰ ਆਪਣੇ ਨਾਲ ਰੱਖਿਆ ਅਤੇ ਜਦੋਂ ਕੋਈ ਜਾਤ ਅਭਿਮਾਨੀ ਪੁਛ ਕਰਦਾ ਕਿ ਇਹ ਕੌਣ ਹਨ ? ਤਾਂ ਆਪ ਜੀ ਕਹਿ ਦੇਂਦੇ ਕਿ ਇਹ ਮੇਰਾ ਗੁਰ ਭਾਈ ਹੈ। ਜੇ ਕਿਸੇ ਨੇ ਗੁਰੂ ਨਾਨਕ ਸਾਹਿਬ ਜੀ ਤੋਂ ਉਹਨਾਂ ਦੀ ਜਾਤ ਬਾਰੇ ਪੁੱਛਿਆ ਤਾਂ ਆਪ ਜੀ ਨੇ ਫੁਰਮਾਇਆ ਕਿ ਉਨਾਂ ਦੀ ਕੋਈ ਜਾਤ ਨਹੀਂ ਸਿਰਫ਼ ਪ੍ਰਭੂ ਸ੍ਵਾਂਗੀ ਹਾਂ । ਕਿਸੇ ਵੀ ਹੋਰ ਸ਼ਰੇਣੀ ਵਿੱਚ ਹੋਣ ਦਾ ਕੋਈ ਮਾਨ ਨਹੀਂ ।

" ਤੂੰ ਸਾਹਿਬ, ਹਉਂ ਸਾਂਗੀ ਤੇਰਾ, ਪ੍ਰਣਵੈ ਨਾਨਕ ਜਾਤਿ ਕੈਸੀ ॥"

(ਆਸਾ ਮ.੧, ਪੰਨਾ-੩੫੮)

ਦੂਜੇ ਅਤੇ ਤੀਜੇ ਪਾਤਸ਼ਾਹ ਜੀ ਨੇ ਵੀ ਜਾਤ ਪਾਤ ਦੇ ਕੋਹੜ ਨੂੰ ਖਤਮ ਕਰਨ ਲਈ ਸੰਗਤ ਪੰਗਤ ਦੀ ਮਰਿਆਦਾ ਨੂੰ ਹੋਰ ਮਜ਼ਬੂਤ ਕਰਕੇ ਪ੍ਰਚਾਰਿਆ ।ਜਿਸ ਵਿੱਚ ਬ੍ਰਿਨਾਂ ਕਿਸੇ ਜਾਤ-ਪਾਤ, ਛੂਤ-ਛਾਤ, ਰੰਗ ਨਸਲ ਆਦਿ ਦੇ ਵਿਤਕਰਿਆਂ ਤੋਂ ਸਭ ਮਨੁੱਖ ਇਕੋ ਸੰਗਤ ਅਤੇ ਇੱਕੋ ਪੰਗਤ ਵਿੱਚ ਸਾਂਝੇ ਰੂਪ ਵਿੱਚ ਬੈਠ ਕੇ ਪ੍ਰਸ਼ਾਦਾ ਛਕਣ ਲੱਗ ਪਏ। ਤੀਜੇ ਪਾਤਸ਼ਾਹ ਜੀ ਨੇ ਇਹ ਹੁਕਮ ਕਰ ਦਿੱਤਾ "ਪਹਿਲੇ ਪੰਗਤ ਪਾਛੈ ਸੰਗਤ"। ਗੁਰੂ ਅਮਰਦਾਸ ਜੀ ਨੇ ਗਇੰਦਵਾਲ ਸਾਹਿਬ ਵਿਖੇ ਬਉਲੀ ਦਾ ਨਿਰਮਾਣ ਕੀਤਾ। ਸ੍ਰੀ ਗੁਰੂ ਰਾਮਦਾਸ ਜੀ ਨੇ ਅੰਮ੍ਰਿਤਸਰ ਵਿਖੇ ਜਾਤ ਪਾਤ ਦੇ ਗੜ੍ਹ ਨੂੰ ਤੋੜਨ ਲਈ ਵੱਡੇ-ਵੱਡੇ ਸਰੋਵਰਾਂ ਦਾ ਨਿਰਮਾਣ ਕੀਤਾ । ਜਾਤ-ਪਾਤ ਨੂੰ ਖਤਮ ਕਰਨ ਲਈ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਤਾਂ ਹਰਿਮੰਦਰ ਸਾਹਿਬ ਜੀ ਦੀ ਨੀਂਹ ਇੱਕ ਮੁਸਲਮਾਨ ਸਾਈਂ ਮੀਆਂ ਮੀਰ ਜੀ ਕੋਲੋਂ ਰਖਵਾ ਕੇ ਇਸ ਗੱਲ ਨੂੰ ਅਮਲੀ ਜਾਮਾ ਪਹਿਨਾ ਦਿੱਤਾ :

ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ ॥

(ਧਨਾਸਰੀ ਮ. ੫, ਪੰਨਾ ੬੭੧)

ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਤਾਂ ਸਭ ਤੋਂ ਵੱਡਾ ਅਤੇ ਇਨਕਲਾਬੀ ਕਦਮ ਉਸ ਸਮੇਂ ਚੁਕਿਆ, ਜਦੋਂ ਸਰਬ ਮਾਨਵਤਾ ਦੇ ਰਹਿਬਰ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੀ ਸੰਪਾਦਨਾ ਕਰ ਕੇ ਬਿਨਾਂ ਕਿਸੇ ਜਾਤ ਪਾਤ, ਰੰਗ-ਨਸਲ, ਭੇਦ-ਭਾਵ, ਦੇਸ਼-ਪ੍ਰਦੇਸ਼ ਆਦਿ ਦੇ ਵਿਤਕਰਿਆਂ ਤੋਂ ੩੫ ਮਹਾਂਪੁਰਸ਼ਾਂ ਜੀ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਕਰਕੇ

"ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ।

ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥"

(ਪ੍ਰਭਾਤੀ ਭਗਤ ਕਬੀਰ ਜੀ, ਪੰਨਾ ੧੩੪ )

ਦੇ ਮਹਾਂਵਾਕ ਅਨੁਸਾਰ ਸਰਬ ਮਾਨਵਤਾ ਨੂੰ ਇੱਕ ਅਕਾਲ ਪੁਰਖ ਦੀ ਔਲਾਦ ਹੋਣ ਦਾ ਅਹਿਸਾਸ ਕਰਵਾਇਆ

ਦਸਮੇਸ਼ ਪਾਤਸ਼ਾਹ ਨੇ ਸੁਨਿਆਰੇ ਦੀ ਸੌ ਠੱਕ-ਠੱਕ ਨਾਲੋਂ ਲੁਹਾਰ ਦੀ ਇੱਕੋ ਠਾਹ ਨਾਲ ਜਾਤ-ਪਾਤ ਦੇ ਇਸ ਮਜਬੂਤ ਕਿਲ੍ਹੇ ਨੂੰ ਢਾਹ ਢੇਰੀ ਕਰ ਦਿੱਤਾ। ਜਦੋਂ ਸਾਰੀਆਂ ਜਾਤਾਂ ਦੇ ਲੋਕਾਂ ਨੂੰ ਇੱਕੋ ਬਾਟੇ ਵਿੱਚੋਂ ਅੰਮ੍ਰਿਤ ਛਕਾ ਕੇ, ਇੱਕੋ ਪਿਤਾ ਗੁਰੂ ਗੋਬਿੰਦ ਸਿੰਘ, ਇੱਕ ਮਾਤਾ ਸਾਹਿਬ ਕੌਰ , ਇਕੋ ਜਨਮ ਅਸਥਾਨ ਸ਼੍ਰੀ ਕੇਸਗੜ੍ਹ ਸਾਹਿਬ ਅਤੇ ਵਾਸੀ ਸ੍ਰੀ ਅਨੰਦਪੁਰ ਸਾਹਿਬ ਬਣਾ ਕੇ ਆਪ ਖ਼ਾਲਸੇ ਵਿੱਚ ਸਮੋ ਗਏ । ਗੁਰੂ ਜੀ ਨੇ ਮਨੁੱਖਤਾ ਵਿੱਚ ਪਈਆਂ ਵੰਡੀਆਂ ਦਾ ਹਮੇਸ਼ਾਂ-ਹਮੇਸ਼ਾਂ ਲਈ ਭੋਗ ਪਾ ਦਿੱਤਾ। ਪਰ ਅੱਜ ਅਫਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਅੱਜ ਅਸੀਂ ਲੋਕਾਈ ਨੂੰ ਗੁਰਮਤਿ ਦੀ ਰੋਸ਼ਨੀ ਵਿੱਚ "ਸਭੇ ਸਾਂਝੀਵਾਲ ਸਦਾਇਨਿ" ਦੇ ਉਪਦੇਸ਼ ਨਾਲ ਤਾਂ ਕੀ ਜਾਗ੍ਰਿਤ ਕਰਨਾ ਸੀ, ਖੁਦ ਹੀ ਦੁਰਮਤ ਦੇ ਹਨ੍ਹੇਰੇ ਵਿੱਚ ਫਸ ਕੇ ਕੌਮ ਨੂ ਖੇਰੂੰ-ਖੇਰੂੰ ਕਰਕੇ ਰੱਖ ਦਿੱਤਾ ਹੈ। ਅੱਜ ਸਤਿਗੁਰੂ ਜੀ ਦੀਆਂ ਸਿੱਖਿਆਵਾਂ ਨੂੰ ਭੁਲਾ ਕੇ ਅਸੀਂ ਆਪਣੇ ਨਾਵਾਂ ਪਿੱਛੇ 'ਸਿੰਘ' ਜਾਂ 'ਕੌਰ' ਲਗਾਉਣ ਦੀ ਥਾਂ ਆਪਣੀਆਂ ਜਾਤਾਂ/ਗੋਤਾਂ ਆਦਿ ਲਿਖਵਾ ਕੇ ਆਪਣੇ ਆਪ ਨੂੰ ਉੱਚਾ ਦੱਸਣ ਦਾ ਯਤਨ ਕਰ ਰਹੇਂ ਹਾਂ। ਜਦਕਿ ਸਗਿਰੂ ਜੀ ਦੇ ਬਚਨ ਹਨ:

ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ ॥

ਇਸੁ ਗਰਬ ਤੇ ਚਲਹਿ ਬਹੁਤੁ ਵਿਕਾਰਾ ॥

(ਭੈਰਉ ਮ. ੩, ਪੰਨਾ ੧੧੨੭)

ਨੌਜਵਾਨ ਵੀ ਆਪਣੇ ਨਾਵਾਂ ਪਿੱਛੇ ਸਿੰਘ ਜਾਂ ਕੌਰ ਲਿਖਵਾਉਣ ਦੀ ਥਾਂ ਆਪਣੀ ਜਾਤ, ਗੋਤ ਨੂੰ ਪਹਿਲ ਦੇ ਰਹੇ ਹਨ। ਜੋ ਕਿ ਨਿਰਾਸ਼ਾਜਨਕ ਕਾਰਾਵਾਈ ਹੈ। ਇੱਥੋਂ ਤੱਕ ਕਿ ਅੱਜ ਸਿੱਖੀ ਦੇ ਕੇਂਦਰ ਗੁਰੂ ਦੇ ਦੁਆਰੇ ਨਾ ਹੋ ਕੇ ਵੱਖੋ-ਵੱਖ ਬਰਦਾਰੀਆਂ ਦੇ ਗੁਰਦੁਆਰੇ ਬਣ ਗਏ ਹਨ। ਘਰਾਂ ਵਿੱਚ ਬੱਚੇ-ਬੱਚੀਆਂ ਦੇ ਰਿਸ਼ਤਿਆਂ ਵੇਲੇ ਸਭ ਤੋਂ ਪਹਿਲਾਂ ਜਾਤ ਪੁੱਛੀ ਜਾਂਦੀ ਹੈ ਬਾਕੀ ਸਭ ਬਾਅਦ ਵਿੱਚ ਪਰ ਯਾਦ ਰਖਿਓ ਸਤਿਗੁਰੂ ਜੀ ਦੇ ਪਾਵਨ ਬਚਨ ਹਨ:

ਜਾਣਹੁ ਜੋਤਿ ਨ ਪੂਛਹੁ ਜਾਤੀ ਆਗੇ ਜਾਤਿ ਨ ਹੇ ॥

(ਆਸਾ ਮ ੧, ਪੰਨਾ ੩੪੯ )

ਅਗੈ ਜਾਤਿ ਨ ਜੋਰੁ ਹੈ, ਅਗੈ ਜੀਉ ਨਵੇ ॥

(ਵਾਰ-ਆਸਾ ਮ ੧, ਪੰਨਾ ੪੬੯)

ਜਿੰਨਾ ਮਹਾਨ ਸਿਧਾਂਤਾਂ ਦੀ ਖਾਤਿਰ ਦਸਮੇਸ਼ ਪਿਤਾ ਜੀ ਨੇ ਆਪਣਾ ਸਰਬੰਸ ਵਾਰ ਕੇ ਸਾਨੂੰ ਸਰਦਾਰੀ ਬਖ਼ਸ਼ਸ਼ ਕੀਤੀ ਸੀ, ਅਤੇ ਕਿਹਾ ਸੀ :

ਜਿਨਕੀ ਜਾਤ ਔਰ ਕੁਲ ਮਾਹੀ,
ਸਰਦਾਰੀ ਨ ਭਈ ਕਦਾਹੀਂ,
ਇਨਕੀ ਕੋ ਸਰਦਾਰ ਬਨਾਊਂ, ਇਨਹੀਂ ਸੇ ਰਾਜੇ ਉਪਜਾਊਂ,
ਰਾਜ ਕਰਨ ਕੀ ਗੀਤ ਸਿਖਾਊਂ, ਤਬੈ ਗੋਬਿੰਦ ਸਿੰਘ ਨਾਮ ਕਹਾਊਂ ।

ਜਦੋਂ ਪਹਾੜੀ ਅਤੇ ਜਾਤ ਅਭਿਮਾਨੀ ਲੋਕਾਂ ਨੇ ਗੁਰੂ ਸਾਹਿਬ ਅੱਗੇ ਸ਼ਰਤ ਰੱਖੀ ਸੀ ਕਿ ਸਤਿਗੁਰੂ ਜੀ, ਜੇ ਤੁਸੀਂ ਇਨ੍ਹਾਂ ਸਾਰੇ ਗਰੀਬ ਤੇ ਸ਼ੂਦਰ ਲੋਕਾਂ ਨੂੰ ਪੰਥ ਵਿੱਚੋਂ ਕੱਢ ਦੇਵੋ ਤਾਂ ਅਸੀ ਵੱਡੇ-ਵੱਡੇ ਸਾਰੇ ਲੋਕ ਤੁਹਾਡੇ ਸਿੱਖ ਬਣ ਜਾਵਾਂਗੇ । ਪਰ ਮਨੁੱਖਤਾ ਦੇ ਰਹਿਬਰ ਦਸਮੇਸ਼ ਪਿਤਾ ਜੀ ਨੇ ਕਹਿ ਦਿੱਤਾ ਸੀ ਕਿ ਜਾਤ ਅਭਿਮਾਨੀ ਲੋਕੋ ! ਮੈਂ ਤੁਹਾਡੀ ਇਹ ਸ਼ਰਤ ਹਰਗਿਜ਼ ਮੰਨਣ ਲਈ ਤਿਆਰ ਨਹੀਂ। ਸਤਿਗੁਰੂ ਜੀ ਨੇ ਉਨਾਂ ਲੋਕਾਂ ਦੀ ਕੋਈ ਪ੍ਰਵਾਹ ਨਹੀਂ ਕੀਤੀ ਅਤੇ ਅੰਮ੍ਰਿਤ ਦੇ ਬਾਟੇ ਵਿੱਚ ਵੰਡੀਆਂ ਨਹੀਂ ਪੈਣ ਦਿੱਤੀਆਂ ।

ਪਰ ਅਫ਼ਸੋਸ, ਅਤਿ ਅਫ਼ਸੋਸ ਅੱਜ ਉਨਾਂ ਸਿੱਖਾਂ ਦੇ ਜਿਹੜੇ ਜਿਹੜੇ ਅੱਜ ਸਿੱਖੀ ਦੇ ਠੇਕੇਦਾਰ ਬਣੇ ਹੋਏ ਹਨ ਅੰਮ੍ਰਿਤ ਦੀ ਮਹਾਨ ਮਰਿਯਾਦ ਅਤੇ ਅੰਮ੍ਰਿਤ ਦੇ ਬਾਟੇ ਨੂੰ ਵੀ ਵੰਡ ਕੇ ਅੰਮ੍ਰਿਤ ਤਿਆਰ ਕਰ ਕੇ ਛਕਾ ਰਹੇ ਹਨ। ਅੱਜ ਸਾਡੇ ਧਾਰਮਿਕ ਅਤੇ ਰਾਜਨੀਤਿਕ ਲੀਡਰਾਂ ਦੀ ਚੋਣ ਹੀ ਬਰਾਦਰੀਆਂ ਜਾਂ ਜਾਤਾਂ ਪਾਤਾਂ ਦੇ ਆਧਾਰ ਤੇ ਹੁੰਦੀ ਹੈ। ਸਿਰਫ ਵੋਟਾਂ ਦੀ ਖਾਤਿਰ ਕੌਮ ਵਿੱਚ ਜਾਤ-ਪਾਤ ਤੇ ਅਧਾਰਿਤ ਵੰਡੀਆਂ ਪਾਈਆਂ ਜਾ ਰਹੀਆਂ ਹਨ।

ਆਓ ! ਗੁਰਬਾਣੀ ਤੋਂ ਸੇਧ ਲੈ ਕੇ ਆਪਣੀ ਚੌਧਰ ਨੂੰ ਤਿਆਗਣ ਦਾ ਮਨ ਬਣਾਈਏ ਅਤੇ ਗੁਰਮਤਿ ਵਿਚਾਰਧਾਰਾ ਨੂੰ ਸਿੱਖਣ, ਸਮਝਣ ਅਤੇ ਅਪਨਾਉਣ ਲਈ ਜਤਨ ਅਰੰਭ ਕਰੀਏ।



ਇਕਵਾਕ ਸਿੰਘ ਪੱਟੀ
ਸੁਲਤਾਨਵਿੰਡ ਰੋਡ, ਅੰਮ੍ਰਿਤਸਰ।

# ਖਿਦਰਾਣੇ ਦੀ ਢਾਬ (ਸ੍ਰੀ ਮੁਕਤਸਰ ਸਾਹਿਬ ਦਾ ਸ਼ਹੀਦੀ ਜੋੜ ਮੇਲਾ)





ਦੇਸੀ ਮਹੀਨੇ ਪੋਹ ਦੇ ਆਖਰੀ ਦਿਨ ਭਾਵ ਲੋਹੜੀ ਤੋਂ ਅਗਲੇ ਦਿਨ ਚੜ੍ਹਨ ਵਾਲੇ ਮਾਘ ਮਹੀਨੇ ਦੀ ਸੰਗਰਾਂਦ ਨੂੰ ਲੱਗਣ ਵਾਲੇ ਪਵਿੱਤਰ ਸ਼ਹੀਦੀ ਜੋੜ ਮੇਲੇ ਸ੍ਰੀ ਮੁਕਤਸਰ ਸਾਹਿਬ ਦਾ ਇਤਿਹਾਸ ਵਿੱਚ ਖਾਸ ਮਹੱਤਵ ਹੈ।ਇਹ ਇਤਿਹਾਸਕ ਮੇਲਾ ਸ੍ਰੀ ਗੁਰੂ ਗੋਬਿੰਦ ਸਿੰਘ ਨਾਲੋਂ ਤੋੜ ਵਿਛੋੜਾ ਕਰਕੇ ਆਏ ਓਹਨਾਂ ਚਾਲੀ ਸਿੰਘਾਂ ਦੀ ਦਾਸਤਾਨ ਦੀ ਯਾਦ ਦਿਵਾਉਂਦਾ ਹੈ ਤੇ ਓਹਨਾਂ ਮਹਾਨ ਸੂਰਮਿਆਂ ਦੀ ਲਾਸਾਨੀ ਸ਼ਹਾਦਤ ਨੂੰ ਸਿਜਦਾ ਕਰਨ ਲਈ ਹੀ ਮਨਾਇਆ ਜਾਂਦਾ ਹੈ। ਜਿਨ੍ਹਾਂ ਨੇ ਆਪਣੀ ਭੁੱਲ ਬਖਸ਼ਾ ਕੇ ਇਥੇ ਖਿਦਰਾਣੇ ਦੀ ਢਾਬ ਤੇ ਹੋਈ ਆਖਰੀ ਫੈਸਲਾ ਕੁੰਨ ਲੜਾਈ ਵਿੱਚ ਗੁਰੂ ਗੋਬਿੰਦ ਸਿੰਘ ਜੀ ਦਾ ਸਾਥ ਦਿੱਤਾ ਤੇ ਜੋ ਬੇਦਾਵਾ ਲਿਖ ਕੇ ਦੇ ਆਏ ਸਨ ਕਿ ਤੁਸੀਂ ਸਾਡੇ ਗੁਰੂ ਨਹੀਂ ਤੇ ਅਸੀਂ ਤੁਹਾਡੇ ਸਿੱਖ ਨਹੀਂ ਓਹ ਬੇਦਾਵਾ ਪੜਵਾ ਕੇ ਆਪਣੀ ਟੁੱਟੀ ਗੰਢੀ ਸੀ।

ਬੇਸ਼ੱਕ ਲੋਹੜੀ ਦੇ ਤਿਓਹਾਰ ਦਾ ਵੀ ਆਪਣਾ ਮਹੱਤਵ ਹੈ ਨਵੇਂ ਜਨਮੇਂ ਪੁੱਤਰਾਂ ਦੀ ਤੇ ਨਵੇਂ ਵਿਹਾਏ ਜੋੜਿਆਂ ਦੀ ਲੋਹੜੀ ਵੰਡਣੀ ਖੁਸ਼ੀਆਂ ਵਿੱਚ ਅਥਾਹ ਵਾਧਾ ਕਰਦੀ ਹੈ,ਪਰ ਇਸ ਤੋਂ ਅਗਲੇ ਦਿਨ ਓਨਾਂ ਚਾਲੀ ਯੋਧਿਆਂ ਦੀ ਯਾਦ ਨੂੰ ਸਮਰਪਿਤ ਇਹ ਸ਼ਹੀਦੀ ਜੋੜ ਮੇਲਾ ਭਾਵੇਂ ਪੰਦਰਾਂ ਦਿਨ ਪੂਰੇ ਜਾਹੋ ਜਲਾਲ ਤੇ ਰਹਿੰਦਾ ਹੈ,ਪਰ ਮਾਘੀ ਵਾਲੇ ਦਿਨ ਚਾਲੀ ਮੁਕਤਿਆਂ ਦੀ ਯਾਦ ਵਿੱਚ ਬਣੇ ਗੁਰਦੁਆਰਾ ਟੁੱਟੀ ਗੰਢੀ ਸਾਹਿਬ ਵਿਖੇ ਨਹਾਉਣ ਦਾ ਜੋ ਮਹੱਤਵ ਹੈ ਓਹ ਓਹਨਾਂ ਸੂਰਮਿਆਂ ਨੂੰ ਸੱਚੀ ਸੁੱਚੀ ਸ਼ਰਧਾਂਜਲੀ ਹੈ।ਇਸ ਦਿਨ ਦੇਸ਼ ਵਿਦੇਸ਼ ਤੋਂ ਲੱਖਾਂ ਦੀ ਗਿਣਤੀ ਵਿੱਚ ਸੰਗਤਾਂ ਸ਼ਮੂਲੀਅਤ ਕਰਦੀਆਂ ਹਨ ਤੇ ਓਨਾਂ ਸੂਰਮਿਆਂ ਨੂੰ ਨਤਮਸਤਕ ਹੋ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬਾਨ ਤੋਂ ਆਸ਼ੀਰਵਾਦ ਪ੍ਰਾਪਤ ਕਰਦੀਆਂ ਹਨ।

ਜਿਥੇ ਇਸ ਦਿਨ ਇਸ ਟੁੱਟੀ ਗੰਢੀ ਗੁਰਦੁਆਰਾ ਸਾਹਿਬ ਦੀ ਮਹਾਂਨਤਾ ਹੈ ਓਥੇ ਹੋਰ ਵੀ ਛੇ ਗੁਰਦੁਆਰਾ ਸਾਹਿਬ ਹਨ ਇਸ ਦਿਨ ਬਾਹਰੋਂ ਆਉਣ ਵਾਲੀਆਂ ਸੰਗਤਾਂ ਓਨਾਂ ਦੇ ਦਰਸ਼ਨ ਦੀਦਾਰੇ ਵੀ ਜ਼ਰੂਰ ਕਰਦੀਆਂ ਹਨ। ਇਨ੍ਹਾਂ ਗੁਰਦੁਆਰਾ ਸਾਹਿਬਾਨਾਂ ਵਿੱਚ ਮਾਤਾ ਭਾਗ ਕੌਰ, ਗੁਰਦੁਆਰਾ ਅੰਗੀਠਾ ਸਾਹਿਬ, ਗੁਰਦੁਆਰਾ ਤਰਨਤਾਰਨ ਸਾਹਿਬ, ਗੁਰਦੁਆਰਾ ਰਕਾਬ ਗੰਜ ਸਾਹਿਬ, ਗੁਰਦੁਆਰਾ ਦਾਤਨ ਸਰ ਸਾਹਿਬ, ਗੁਰਦੁਆਰਾ ਤੰਬੂ ਸਾਹਿਬ ਅਤੇ ਗੁਰਦੁਆਰਾ ਟਿੱਬੀ ਸਾਹਿਬ ਇਤਿਹਾਸਕ ਗੁਰਦੁਆਰਾ ਸਾਹਿਬਾਨ ਹਨ। ਜਿਨ੍ਹਾਂ ਨੂੰ ਸਤਿਗੁਰਾਂ ਦੇ ਚਰਨ ਛੋਹ ਪ੍ਰਾਪਤ ਹੈ।

ਨਹਿੰਗ ਸਿੰਘਾਂ ਦਾ ਹੋਲਾ ਮਹੱਲਾ ਵੀ ਵਿਸ਼ੇਸ਼ ਖਿੱਚ ਦਾ ਕਾਰਨ ਰਹਿਦਾ ਹੈ। ਵੈਸੇ ਤਾਂ ਇਹ ਇਤਿਹਾਸਕ ਜੋੜ ਮੇਲਾ ਨਹਾਉਣ ਤੋਂ ਬਾਅਦ ਸ਼ਹੀਦਾਂ ਨੂੰ ਨਤਮਸਤਕ ਹੋ ਕੇ ਤੇ ਹੋਲਾ ਮਹੱਲਾ ਤੋਂ ਬਾਅਦ ਹੀ ਸਮਾਪਨ ਹੋ ਜਾਂਦਾ ਹੈ,ਪਰ ਉਸ ਤੋਂ ਬਾਅਦ ਵੀ ਇਹ ਪੰਦਰਾਂ ਦਿਨ ਪੂਰੇ ਜਾਹੋ ਜਲਾਲ ਤੇ ਰਹਿੰਦਾ ਹੈ ਕਿਉਂਕਿ ਇਥੇ ਝੂਲੇ ਸਰਕਸ ਤੇ ਹੋਰ ਵੀ ਮਨੋਰੰਜਨ ਦੇ ਬਹੁਤ ਸਾਧਨ ਆਉਂਦੇ ਹਨ ਤੇ ਘੱਟੋ ਘੱਟ ਪੰਦਰਾਂ ਦਿਨ ਪਹਿਲਾਂ ਹੀ ਦੇਸ਼ ਦੇ ਅਲੱਗ-ਅਲੱਗ ਸ਼ਹਿਰਾਂ ਚੋਂ ਦੁਕਾਨਦਾਰ ਆਪਣੀਆਂ ਦੁਕਾਨਾਂ ਸਜਾਉਣ ਲੱਗ ਪੈਂਦੇ ਹਨ। ਅਤੇ ਓਹਨਾ ਨੂ ਇਹ ਜਗਾ ਕਿਰਾਏ ਤੇ ਮਿਲਦੀ ਹੈ। ਇਸੇ ਤਰ੍ਹਾਂ ਮੇਲੇ ਦਾ ਠੇਕਾ ਵੀ ਹਰ ਵਾਰ ਬਹੁਤ ਮਹਿੰਗਾ ਚੜ੍ਹਦਾ ਹੈ ਪ੍ਰਸ਼ਾਸਨ ਇਸ ਤੋਂ ਕਾਫੀ ਮੋਟੀ ਕਮਾਈ ਕਰਦਾ ਹੈ।ਜੋ ਕਿ ਬਹੁਤ ਹੀ ਮਾੜਾ ਵਤੀਰਾ ਹੈ।ਇਸ ਵਾਰ ਇਹ ਮੇਲੇ ਦਾ ਠੇਕਾ ਇਕਾਹਠ ਲੱਖ ਵਿੱਚ ਚੜ੍ਹਿਆ ਹੈ।ਇਹ ਸਾਰਾ ਭਾਰ ਭੋਲੀ ਭਾਲੀ ਜਨਤਾ ਉੱਤੇ ਹੀ ਪੈਣਾ ਹੈ ਜੋ ਪਹਿਲਾਂ ਹੀ ਕਰੋਨਾ ਦੀ ਮਾਰ ਕਰੀਬ ਪਿਛਲੇ ਨੌਂ ਮਹੀਨੇ ਤੋਂ ਝੱਲ ਰਹੀ ਹੈ।ਇਸ ਮਾਘੀ ਦੇ ਮੇਲੇ ਤੇ ਹਰ ਵਾਰ ਹੀ ਸਿਆਸੀ ਪਾਰਟੀਆਂ ਵੀ ਆਪੋ-ਆਪਣੀਆਂ ਕਾਨਫਰੰਸਾਂ ਕਰਦੀਆਂ ਹਨ,ਪਰ ਇਸ ਵਾਰ ਭਰੋਸੇ ਯੋਗ ਸੂਤਰਾਂ ਤੋਂ ਪਤਾ ਲੱਗਦਾ ਹੈ ਕਿ ਇਹ ਕਾਨਫਰੰਸਾਂ ਨਹੀਂ ਹੋਣਗੀਆਂ।

ਕਿਸਾਨੀ ਸੰਘਰਸ਼ ਦੇ ਕਾਰਣ ਇਸ ਵਾਰ ਇਸ ਮੇਲੇ ਤੇ ਕੋਈ ਜ਼ਿਆਦਾ ਰੌਣਕ ਨਾ ਹੋਣ ਦੀ ਹੀ ਆਸ ਲਾਈ ਜਾ ਰਹੀ ਹੈ ਕਿਉਂਕਿ ਲੱਖਾਂ ਦੀ ਗਿਣਤੀ ਵਿੱਚ ਦਿੱਲੀ ਬਾਰਡਰਾਂ ਤੇ ਸਾਡੇ ਸੰਘਰਸ਼ੀ ਯੋਧਿਆਂ ਨੇ ਆਪਣੀਆਂ ਹੱਕੀ ਮੰਗਾਂ ਲਈ ਪੱਕੇ ਡੇਰੇ ਲਾਏ ਹੋਏ ਹਨ।ਇਹ ਸਤਰਾਂ ਲਿਖਣ ਤੱਕ ਸਰਕਾਰ ਵੀ ਟੱਸ ਤੋਂ ਮੱਸ ਨਹੀਂ ਹੋ ਰਹੀ ਤੇ ਨਾ ਹੀ ਯੋਧਿਆਂ ਨੇ ਪਿੱਛੇ ਹਟਣਾ ਹੈ, ਵਾਹਿਗੁਰੂ ਅੱਗੇ ਇਹੀ ਅਰਦਾਸ ਹੈ ਕਿ ਇਹ ਸੰਘਰਸ਼ ਜਲਦੀ ਖਤਮ ਹੋਵੇ ਤੇ ਅੰਤਾਂ ਦੀ ਠੰਢ ਤੋਂ ਸਾਡੇ ਵੀਰ ਘਰੀਂ ਪਰਤਣ।

ਲੱਖਾਂ ਸ਼ਰਧਾਲੂ ਆਉਂਣ ਕਰਕੇ ਹਰ ਸਾਲ ਮਾਘੀ ਮੇਲੇ ਦੇ ਇਸ ਪਵਿੱਤਰ ਤਿਉਹਾਰ ਤੇ ਹਜ਼ਾਰਾਂ ਦੇ ਹਿਸਾਬ ਨਾਲ ਭਾਂਤ ਭਾਂਤ ਤਰਾਂ ਦੇ ਪਕਵਾਨਾਂ ਦੇ ਲੰਗਰ ਲੱਗਦੇ ਹਨ।ਪਰ ਲੱਗਦੇ ਸਿਰਫ਼ ਦੋ ਜਾਂ ਤਿੰਨ ਦਿਨ ਹੀ ਹਨ ਕਿੰਨਾ ਚੰਗਾ ਹੋਵੇ ਜੇਕਰ ਇਹ ਲੰਗਰ ਪੰਦਰਾਂ ਵੀਹ ਦਿਨ ਹੀ ਲੱਗਣ ਕਿਉਂਕਿ ਸੈਂਕੜਿਆਂ ਦੀ ਤਾਦਾਦ ਵਿੱਚ ਲੋਕ ਹਰ ਰੋਜ਼ ਹੀ ਪਿੰਡਾਂ ਚੋਂ ਆਉਂਦੇ ਰਹਿੰਦੇ ਹਨ ਅਤੇ ਇੱਕ ਦਿਨ ਸਿਰਫ਼ ਔਰਤਾਂ ਦਾ ਮੇਲਾ ਵੀ ਲੱਗਦਾ ਹੈ।ਸਰਕਸ ਝੂਲੇ ਅਤੇ ਹੋਰ ਵੀ ਮਨੋਰੰਜਨ ਦੇ ਮਨ ਨੂੰ ਲੁਭਾਉਣ ਵਾਲੇ ਕਰਤਵ ਵਿਖਾਏ ਜਾਂਦੇ ਹਨ।

ਬੇਸ਼ੱਕ ਇਸ ਮੇਲੇ ਤੇ ਹਰ ਵਾਰ ਪ੍ਰਸ਼ਾਸਨ ਤੇ ਸਮਾਜਿਕ ਅਤੇ ਧਾਰਮਿਕ ਜਥੇਬੰਦੀਆਂ ਦੀ ਬੇਨਤੀ ਤੇ ਸਪੈਸ਼ਲ ਟ੍ਰੇਨਾਂ ਵੀ ਚਲਾਈਆਂ ਜਾਂਦੀਆਂ ਹਨ ਪਰ ਇਸ ਵਾਰ ਕਿਉਂਕਿ ਕਿਸਾਨੀ ਸੰਘਰਸ਼ ਕਰਕੇ ਇਹ ਗੱਲ ਸਮੇਂ ਦੇ ਗਰਭ ਵਿੱਚ ਹੀ ਹੈ।ਉਂਝ ਠੇਕੇਦਾਰਾਂ ਵੱਲੋਂ ਲੋਕਾਂ ਨੂੰ ਲੁੱਟਣ ਦੀ ਹਰ ਵਾਰ ਹੀ ਚਰਚਾ ਹੁੰਦੀ ਹੈ ਤੇ ਇਸ ਵਾਰ ਵੀ ਇਹ ਸਿਲਸਲਾ ਜਿਉਂ ਦਾ ਤਿਉਂ ਹੀ ਹੋਵੇਗਾ ਕਿਉਂਕਿ ਓਨਾਂ ਨੇ ਠੇਕਾ ਭਰਿਆ ਹੈ ਤੇ ਇਸ ਤੋਂ ਵੱਧ ਹੀ ਚਾਰ ਛਿੱਲੜ ਬਣਾਉਣਗੇ।ਹਰ ਸਾਲ ਇਸ ਪਵਿੱਤਰ ਦਿਹਾੜੇ ਤੇ ਮੀਂਹ ਵੀ ਜ਼ਰੂਰੀ ਪੈਂਦਾ ਹੈ ਇਹ ਧਾਰਨਾ ਪਿਛਲੇ ਕਾਫੀ ਸਾਲਾਂ ਤੋਂ ਦਾਸ ਵੀ ਵੇਖ ਰਿਹਾ ਹੈ ਪਰ ਇਸ ਵਾਰ ਤਾਂ ਪਹਿਲਾਂ ਹੀ ਵਾਹਿਗੁਰੂ ਨੇ ਮੀਂਹ ਦਾ ਜਲਵਾ ਵਿਖਾ ਦਿੱਤਾ ਹੈ। ਬਾਹਰੋਂ ਆਉਣ ਵਾਲੇ ਦੁਕਾਨਦਾਰਾਂ ਲਈ ਇਹ ਠੰਢ ਦੇ ਦਿਨਾਂ ਵਿੱਚ ਬਹੁਤ ਔਖਾ ਹੋ ਜਾਂਦਾ ਹੈ । ਸ੍ਰੀ ਮੁਕਤਸਰ ਸਾਹਿਬ ਵਿਖੇ ਆਵਾਰਾ ਪਸ਼ੂਆਂ ਦੇ ਕਾਰਨ ਵੀ ਕਈ ਵਾਰ ਕਾਫ਼ੀ ਨੁਕਸਾਨ ਹੋ ਜਾਂਦਾ ਹੈ। ਬੇਸ਼ੱਕ ਪ੍ਰਸ਼ਾਸਨ ਮੇਲੇ ਦੇ ਸੁਖਾਵੇਂ ਪ੍ਰਬੰਧਾਂ ਲਈ ਬਹੁਤ ਦੇਰ ਪਹਿਲਾਂ ਤੋਂ ਹੀ ਅੱਡੀ ਚੋਟੀ ਦਾ ਜ਼ੋਰ ਲਗਾਉਣ ਲੱਗ ਜਾਂਦਾ ਹੈ ਟੁੱਟੀਆਂ ਸੜਕਾਂ ਤੇ ਪੱਚ ਵੀ ਲਾਏ ਜਾਂਦੇ ਹਨ,ਆਰਜੀ ਬੱਸ ਸਟੈਂਡ,ਆਰਜੀ ਲੈਟਰੀਨਾ ਵੀ ਬਣਾਈਆਂ ਜਾਂਦੀਆਂ ਹਨ ਕਿ ਇਸ ਪਵਿੱਤਰ ਸ਼ਹਿਰ ਦੀ ਪਵਿੱਤਰਤਾ ਨੂੰ ਹਰ ਹੀਲੇ ਕਾਇਮ ਰੱਖਿਆ ਜਾਵੇ ਇਸ ਮੌਕੇ ਜਿਥੇ ਪ੍ਰਸ਼ਾਸਨ ਇਸ ਸਮੇਂ ਤੇ ਆਪਣੇ ਵੱਲੋਂ ਪੂਰਾ ਤਾਣ ਲਾਉਂਦਾ ਹੈ ਓਥੇ ਅਨੇਕਾਂ ਹੀ ਸਮਾਜ ਸੇਵੀ ਜਥੇਬੰਦੀਆਂ ਵੱਲੋਂ ਵੀ ਪ੍ਰਸ਼ਾਸਨ ਨੂੰ ਪੂਰਾ ਸਹਿਯੋਗ ਦਿੱਤਾ ਜਾਂਦਾ ਹੈ ਪਰ ਫਿਰ ਵੀ ਇਹ ਸਾਰੇ ਪ੍ਰਬੰਧ ਇਕੱਠ ਅੱਗੇ ਹਰ ਵਾਰ ਘੱਟ ਹੀ ਰਹਿ ਜਾਂਦੇ ਹਨ।ਕਰੀਬ ਸਾਰੇ ਹੀ ਪੰਜਾਬ ਚੋਂ ਉਚੇਚੇ ਤੌਰ ਤੇ ਪੁਲਿਸ ਬੁਲਾਈ ਜਾਂਦੀ ਹੈ ਕਿ ਮਤੇ ਕੋਈ ਅਣਸੁਖਾਵੀਂ ਘਟਨਾ ਨਾ ਵਾਪਰ ਜਾਵੇ।ਇਹ ਸ਼ਹੀਦੀ ਜੋੜ ਮੇਲਾ ਦੁਨੀਆਂ ਦੇ ਇਤਿਹਾਸ ਵਿੱਚ ਆਪਣੀ ਵਿਲੱਖਣ ਪਛਾਣ ਰੱਖਦਾ ਹੈ।ਓਸ ਅਕਾਲਪੁਰਖ ਅੱਗੇ ਇਹੀ ਅਰਦਾਸ ਬੇਨਤੀ ਜੋਦੜੀ ਹੈ ਕਿ ਹਰ ਵਾਰ ਦੀ ਤਰ੍ਹਾਂ ਇਸ ਵਾਰ ਵੀ ਇਹ ਸ਼ਹੀਦੀ ਜੋੜ ਮੇਲਾ ਬਿਨਾਂ ਕਿਸੇ ਲੜਾਈ ਝਗੜੇ ਦੇ ਸਮਾਪਤ ਹੋ ਜਾਵੇ ਅਤੇ ਸਾਡੇ ਅਣਖੀ ਯੋਧੇ ਜੋ ਅੰਤਾਂ ਦੀ ਠੰਢ ਵਿੱਚ ਆਪਣੀਆਂ ਹੱਕੀ ਮੰਗਾਂ ਲਈ ਦਿੱਲੀ ਵਿਖੇ ਬੈਠੇ ਹਨ ਓਹ ਜੇਤੂ ਹੋ ਕੇ ਵਾਪਸ ਆਪਣੇ ਘਰੀਂ ਪਰਤਣ।

ਜਸਵੀਰ ਸ਼ਰਮਾਂ ਦੱਦਾਹੂਰ
ਸ੍ਰੀ ਮੁਕਤਸਰ ਸਾਹਿਬ
95691-49556

# "ਵਿਸਰ ਗਿਆ ਖੂਹਾਂ ਦਾ ਇਤਿਹਾਸ"



ਹਰਪ੍ਰੀਤ ਕੌਰ

*******************

ਜਿਸ ਤਰਾਂ ਮਨੁੱਖੀ ਜਿੰਦਗੀ ਬਦਲਦੀ ਜਾ ਰਹੀ ਹੈ,ਉਸੇ ਤਰਾਂ ਹੀ ਕੁਦਰਤੀ ਨਿਯਮਾਂ ਵਿਚ ਵੀ ਬਦਲਾਉ ਆਉਣਾ ਯਕੀਨੀ ਗੱਲ ਹੈ।ਇਨ੍ਹਾਂ ਦੇ ਬਦਲਣ ਨਾਲ ਵਾਤਾਵਰਨ ਵੀ ਬਦਲ ਗਿਆ ਹੈ ਦਿਨ- ਬ- ਦਿਨ ਨਵੀਆ ਕਾਂਢਾਂ ਹੋਂਦ ਵਿਚ ਆ ਰਹੀਆਂ ਹਨ ਅਤੇ ਪੁਰਾਣੀਆਂ ਵਿਸਰ ਰਹੀਆਂ ਹਨ।ਇਹਨਾਂ ਨੂੰ ਯਾਦ ਕਰਦਿਆਂ ਪਿੰਡਾਂ ਵਿਚ ਚੱਲਦੇ ਖੂਹਾਂ ਦੀ ਯਾਦ ਤਾਜਾ ਹੋ ਜਾਦੀ ਹੈ।ਪੁਰਾਤਨ ਸੱਮਿਆਂ ਵਿਚ ਖੂਹ ਪਿੰਡਾਂ ਦੀ ਸ਼ਾਨ ਹੋਇਆ ਕਰਦੇ ਸਨ ਅਤੇ ਜਿੰਨ੍ਹਾਂ ਪਿੰਡਾਂ ਵਿਚ ਖੂਹ ਚੱਲਦੇ ਸਨ ਉਨ੍ਹਾਂ ਨੂੰ ਆਲੇ ਦੁਆਲੇ ਦੇ ਇਲਾਕਿਆਂ ਅੰਦਰ ਜਾਣਿਆਂ ਜਾਦਾ ਸੀ।ਇਹ ਸਿਰਫ ਜੀਵਨ ਦੇ ਸੁੱਖ ਸਹਾਰੇ ਜਾਂ ਪਾਣੀ ਦੇ ਸੋਮੇ ਹੀ ਨਹੀ ਸਨ ,ਬਲਕਿ ਇਸ ਨਾਲੋ ਵਧੇਰੇ ਸਮਾਜਿਕ ਅਤੇ ਇਤਿਹਾਸਿਕ ਪੱਖ ਨਾਲ ਵੀ ਜੁੱੜੇ ਹੋਏ ਸਨ।ਖੂਹ ਸਾਡੇ ਸੱਭਿਆਚਾਰ ਦਾ ਇਕ ਅਮੁੱਲ ਹਿਸਾ ਹੁੰਦੇ ਸਨ। ਖੂਹਾਂ ਦੇ ਇਤਹਾਸ ਵੱਲ ਇਕ ਪੱਛੀ ਝਾਤ ਮਾਰੀ ਜਾਵੇ ਤਾਂ ਖੂਹ ਨੂੰ ਬਣਾਉਣ ਲਈ ਜਮੀਨ ਵਿਚ ਇਕ ਡੂੰਘਾਂ ਟੋਇਆ ਪੁੱਟਿਆ ਜਾਦਾ ਸੀ।ਖੂਹ ਦਾ ਤੱਲ ਬਣਾਉਣ ਲਈ ਲੱਕੜ ਦਾ ਇਕ ਚੱਕ ਬਣਾਇਆ ਜਾਦਾ ਸੀ।ਜਿਸ ਸਮੇਂ ਇਸ ਚੱਕ ਨੂੰ ਡੂੰਘੇ ਟੋਏ ਵਿਚ ਭੇਜਿਆ ਜਾਦਾ ਸੀ ਤਾਂ ਉਸ ਵਿਚੋ ਚੀਕਣ ਦੀਆਂ ਅਵਾਜਾਂ ਨਿਕਲਦੀਆਂ ਸਨ ਮਾਨੋ ਜਿਵੇ ਕੋਈ ਬੱਚਾ ਰੋਦਾਂ ਹੋਵੇ।ਕਿਹਾ ਜਾਦਾ ਹੈ, ਕਿ ਚੱਕ ਦੀ ਇਹ ਅਵਾਜ ਇਸ ਕਰਕੇ ਆਉਦੀ ਹੈ ਕਿ ਜਿਵੇ ਚੱਕ ਇਹ ਕਹਿੰਦਾ ਹੋਵੇ ਕਿ ਮੈਂ ਇਕ ਵਾਰ ਇਸ ਵਿਚ ਜਾਣਾ ਹੈ ਤੇ ਮੁੱੜ ਕੇ ਬਾਹਰ ਨਹੀ ਆਉਣਾ।ਇਸ ਨਾਲ ਢੁੱਕਦੀ ਇਹ ਗੱਲ ਮਨੁੱਖੀ ਜਿੰਦਗੀ ਨਾਲ ਵੀ ਜੁੱੜੀ ਹੈ, ਜੋ ਬੜੀ ਪ੍ਰਚਲਤ ਹੈ ਕਿ;

"ਖੂਹ ਦੇ ਚੱਕ ਵਾਂਗ ਬੰਦਿਆ, ਫੇਰ ਨੀ ਜਗਤ ਤੇ ਆਉਣਾ"। ਖੂਹ ਨੂੰ ਬਣਾਉਣ ਸਮੇਂ ਉਸ ਲੱਕੜ ਦੇ ਚੱਕ ਉਪਰ ਇੰਟਾਂ ਨੂੰ ਗੋਲਾਈ ਵਿਚ ਥੱਲੇ ਤੋ ਉਪਰ ਨੂੰ ਉਸਾਰਿਆ ਜਾਦਾ ਸੀ ਇਸ ਸਮੇਂ ਪਿੰਡ ਦੇ ਲੋਕਾਂ ਵੱਲੋ ਖੁਸ਼ੀਆ ਮਨਾਈਆਂ ਜਾਦੀਆਂ ਸਨ ਅਤੇ ਗੁੜ ਵੰਡਿਆਂ ਜਾਦਾ ਸੀ।ਇਨ੍ਹਾਂ ਖੂਹਾਂ ਤੋ ਜਦੋ ਮੁਟਿਆਰਾਂ ਪਾਣੀ ਭਰਦੀਆ ਸਨ ਤਾਂ ਉਸ ਸਮੇਂ ਗਾਏ ਜਾਦੇ ਕਈ ਪੰਜਾਬੀ ਲੋਕ ਗੀਤਾ ਵਿਚੋ ਇਹ ਬਹੁੱਤ ਪ੍ਰਚਲਤ ਹੈ, ਜਿਵੇਕਿ; "ਖੂਹ ਤੋ ਪਾਣੀ ਭਰਦੀਏ ਮੁਟਿਆਰੇ ਨੀ, ਪਾਣੀ ਦਾ ਘੁੱਟ ਪਲਾਅ ਬਾਂਕੀਏ ਨਾਰੇ ਨੀ। ਆਪਣਾ ਭਰਿਆ ਨਾਂ ਦੇਵਾ ਸਿਪਾਹੀਆ ਵੇ, ਲਜ ਪੱਈ ਭਰ ਪੀ ਵੇ ਮੈ ਤੇਰੀ ਮਹਿਰਮ ਨਾ ਉਏ॥" ਪਿੰਡਾਂ ਵਿਚ ਆਮ ਤੋਰ ਤੇ ਦੋ ਜਾਂ ਤਿੰਨ ਖੂਹ ਬਣਾਏ ਜਾਦੇ ਸਨ।ਇਨ੍ਹਾਂ ਤੋ ਵੱਖ-ਵੱਖ ਜਾਤਾਂ ਦੇ ਲੋਕ ਪਾਣੀ ਭਰਦੇ ਸਨ।ਜੋ ਖੂਹ ਪਿੰਡ ਦੇ ਵਿਚਕਾਰ ਬਣਾਇਆ ਜਾਦਾ ਸੀ ਉਸ ਤੋ ਪਿੰਡ ਦੇ ਲੋਕ ਪਾਣੀ ਪੀਦੇ ਸਨ ਇਹਨਾਂ ਖੂਹਾਂ ਉਪਰ ਭੋਣ ਲਗਾਂ ਕੇ ਰੱਸੀ ਲਪੇਟ ਕੇ (ਜਿਸ ਨੰ ਲੱਜ ਕਹਿੰਦੇ ਸਨ) ਖੂਹ ਵਿਚੋ ਪਾਣੀ ਕੱਢਣ ਦਾ ਕੰਮ ਲਿਆ ਜਾਂਦਾ ਸੀ ਜਦਕਿ ਦੂਜਾਂ ਖੂਹ ਪਿੰਡ ਤੋ ਬਾਹਰ ਬਣਾਇਆ ਜਾਦਾ ਸੀ ਜਿਨ੍ਹਾਂ ਰਾਹੀ ਖੇਤਾਂ ਦੀ ਸੰਚਾਈ ਕੀਤੀ ਜਾਦੀ ਸੀ।ਇਸ ਤੇ ਬੱਲਦਾਂ ਨੂੰ ਜੋ ਕੇ ਹੱਲਟ ਚਲਾਇਆ ਜਾਦਾ ਸੀ ਅਤੇ ਟਿੰਡਾਂ ਰਾਹੀ ਪਾਣੀ ਕੱਢਿਆ ਜਾਦਾ ਸੀ।ਇਹ ਖੂਹ ਅਕਸਰ ਦਰਖਤਾਂ ਦੀਆ ਸੰਘਣੀਆ ਛਾਵਾਂ ਹੇਠ ਹੁੰਦੇ ਸਨ।ਇਨ੍ਹਾਂ ਠੰਡੀਆ ਛਾਂਵਾਂ ਥੱਲੇ ਬੈਠ ਕੇ ਹਾਲੀ ਅਤੇ ਪਾਲੀ ਆਪਣੀ ਥਕਾਣ ਅਤੇ ਖੂਹ ਦਾ ਠੰਡਾਂ ਪਾਣੀ ਪੀ ਕੇ ਆਪਣੀ ਪਿਆਸ ਮਿਟਾਉਦੇ ਸਨ।ਪਿੰਡਾਂ ਦੇ ਖੂਹਾਂ ਉਪਰ ਬਹੁੱਤ ਰੋਣਕ ਲੱਗੀ ਰਹਿੰਦੀ ਸੀ।ਲੋਕ ਤੂਤਾਂ ਦੀ ਠੰਡੀ ਛਾਹ ਹੇਠ ਬੈਠ ਕੇ ਪੁਰਾਣੀਆ ਗੱਲਾਂ ਕਰਦੇ ਅਤੇ ਗੱਪਾਂ ਮਾਰਦੇ ਸਨ।ਪਿੰਡ ਵਿਚ ਖੂਹ ਮੇਲ ਜੋਲ ਦਾ ਇਕ ਸੋਮਾਂ ਹੋਇਆ ਕਰਦੇ ਸਨ।ਇਹ ਖੂਹ ਆਉਦੇ ਜਾਦੇ ਰਾਹੀਂਆ ਦੀ ਵੀ ਪਿਆਸ ਬੁਝਾਉਦੇ ਸਨ।ਇਨ੍ਹਾਂ ਖੂਹਾਂ ਦਾ ਜਿਕਰ ਕਈ ਕਿਸਾਕਾਰਾ ਨੇ ਆਪਣੇ ਕਿਸਾ ਕਹਾਣੀਆ ਖਾਸਤੋਰ ਤੇ ਮਲਕੀ-ਕੀਮਾਂ ਦੇ ਕਿਸੇ ਵਿਚ ਇਸ ਦਾ ਜਿਕਰ ਖਾਸ ਤੋਰ ਤੇ ਆਉਦਾ ਹੈ ਜਿਵੇਂ ਕਿ; "ਮਲਕੀ ਖੂਹ ਦੇ ਉਤੇ ਭਰਦੀ ਪਈ ਸੀ ਪਾਣੀ, ਕੀਮਾ ਕੋਲ ਆ ਕੇ ਬੇਨਤੀ ਗੁਜਾਰੇ, ਲੰਮਾਂ ਪੈਂਡਾਂ ਰਾਹੀ ਮਰ ਗਏ ਨੀ ਪਿਆਸੇ, ਛੱਨਾਂ ਪਾਣੀ ਦਾ ਤੂੰ ਦੇ-ਦੇ ਨੀ ਮੁਟਿਆਰੇ" ਦੇਖਿਆ ਜਾਵੇ ਤਾਂ ਇਨ੍ਹਾਂ ਖੂਹਾਂ ਦਾ ਗੁਰੂਆਂ ਦੇ ਇਤਿਹਾਸ ਨਾਲ ਡੂੰਘਾਂ ਸਬੰਧ ਹੈ ! ਪੰਜਾਬ ਦੇ ਕਈ ਗੁਰਦੁਆਰਿਆਂ ਵਿਚ ਅੱਜ ਵੀ ਇਤਿਹਾਸਕ ਖੂਹ ਦੇਖਣ ਨੂੰ ਮਿਲਦੇ ਹਨ ਜਿੰਨ੍ਹਾਂ ਨੂੰ ਦੇਖਣ ਲਈ ਸੰਗਤਾਂ ਅੱਜ ਵੀ ਤੱਤਪਰ ਰਹਿੰਦੀਆ ਹਨ ਜਿਵੇ ਕਿ ਸ਼੍ਰੀ ਅੰਮ੍ਰਿਤਸਰ ਸਾਹਿਬ ਵਿਚ ਸਥਿਤ ਗੁਰੁਦੁਆਰਾ ਛੇਹਿਰਟਾਂ ਸਾਹਿਬ ਜਿਥੇ ਕਿ ਕਦੇ ਛੇ- ਹੱਲਟਾਂ ਨਾਲ ਖੂਹ ਚੱਲਦਾ ਸੀ।ਜਿਸ ਦੀ ਉਸਾਰੀ ਛੇਵੇਂ ਪਾਤਿਸ਼ਾਹ ਸ਼੍ਰੀ ਗੁਰੁ ਹਰਗੋਬਿੰਦ ਸਾਹਿਬ ਜੀ ਵੱਲੋ ਕਰਵਾਈ ਗਈ ਸੀ।ਜਿਸ ਕਰਕੇ ਉਸ ਕਸਬੇ ਦਾ ਨਾਮ ਛੇਹਿਰਟਾਂ ਰੱਖਿਆ ਗਿਆ ਸੀ।ਇਸੇ ਤਰਾਂ ਜਿਲ੍ਹਾਂ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਬਾਰਡਰ ਏਰੀਆ ਵਿਚ ਸਥਿਤ ਕਸਬਾ ਰਮਦਾਸ ਵਿਖੇ ਸਥਾਪਿਤ ਗੁਰਦੁਆਰਾ ਤੱਪ ਅਸਥਾਨ ਬਾਬਾ ਬੁੱਢਾਂ ਸਾਹਿਬ ਜੀ ਵਿਚ ਇਕ ਖੂਹੀ ਹੈ, ਜਿਸ ਨੂੰ ਤਾਰਾਂ ਖੂਹੀ ਦੇ ਨਾਮ ਨਾਲ ਜਾਣਿਆਂ ਜਾਦਾ ਹੈ।ਇਸ ਦੇ ਇਤਹਾਸਿਕ ਪਿਛੋਕੜ ਵੱਲ ਝਾਤ ਮਾਰੀਏ ! ਤਾਂ ਕਿਹਾ ਜਾਦਾ ਹੈ, ਕਿ ਇਸ ਦੀ ਉਸਾਰੀ ਮਹਾਰਾਜਾ ਰਣਜੀਤ ਸਿੰਘ ਵੱਲੋ ਕਰਵਾਈ ਗਈ ਸੀ।ਇਹ ਖੂਹੀ ਉਚੇ ਟਿੱਲੇ ਤੇ ਸਥਿਤ ਹੈ ,ਉਸ ਟਿੱਲੇ ਉਤੇ ਮਹਾਰਾਜਾ ਰਣਜੀਤ ਸਿੰਘ ਦੀ ਫੋਜ ਦੀ ਟੁੱਕਰੀ ਰਿਹਾ ਕਰਦੀ ਸੀ ਜੋ ਨਗਰ ਦੀ ਰੱਖਵਾਲੀ ਕਰਦੀ ਸੀ। ਫੋਜ ਦੇ ਪਾਣੀ ਦੀ ਲੋੜ ਨੂੰ ਪੂਰਾ ਕਰਨ ਲਈ ਇਹ ਖੂਹੀ ਬਣਾਈ ਗਈ ਸੀ।ਇਸ ਦੀ ਡੂੰਗਾਈ ਇੰਨੀ ਹੈ ਕਿ ਉਪਰ ਤੋ ਪਾਣੀ ਇਕ ਤਾਰੇ ਦੀ ਤਰਾਂ ਦਿਖਾਈ ਦਿੰਦਾਂ ਹੈ।ਇਸੇ ਤਰਾਂ ਇਕ ਹੋਰ ਖੂਹ ਗੁਰਦੁਆਰਾ ਸ਼੍ਰੀ ਚੋਹਲਾਂ ਸਾਹਿਬ ਕਸਬਾ ਡੇਰਾਂ ਬਾਬਾ ਨਾਨਕ ਜਿਲ੍ਹਾਂ ਗੁਰਦਾਸਪੁਰ ਵਿਖੇ ਸਥਿਤ ਹੈ ,ਜਿਥੇ ਪਹਿਲੇ ਪਾਤਿਸ਼ਾਹ ਸ਼੍ਰੀ ਗੁਰੁ ਨਾਨਕ ਦੇਵ ਜੀ ਦਾ ਚੋਲਾ ਰੱਖਿਆ ਹੋਇਆ ਹੈ ਇਸ ਖੂਹ ਦੀਆ ਛੇ-ਨੁਕਰਾਂ ਹਨ, ਜੋ ਅੱਜ ਵੀ ਬਰਕਰਾਰ ਹਨ।ਜਿਥੇ ਸੰਗਤਾਂ ਅੱਜ ਇਸ ਇਤਹਾਸਿਕ ਖੂਹ ਦੇ ਦਰਸ਼ਨ ਕਰਨ ਲਈ ਨੱਤਮਸਤੱਕ ਹੁੰਦੀਆਂ ਹਨ।



ਇਸੇ ਪ੍ਰਕਾਰ ਸ਼੍ਰੀ ਅੰਮ੍ਰਿਤਸਰ ਸਾਹਿਬ ਵਿਖੇ ਸਥਿਤ ਜੱਲਿਆ ਵਾਲੇ ਬਾਗ ਵਿਚ ਇਕ ਇਤਹਾਸਿਕ ਖੂਹ ਅੱਜ ਵੀ ਉਨ੍ਹਾਂ ਸ਼ਹੀਦਾਂ ਦੀ ਯਾਦ ਤਾਜਾ ਕਰ ਦਿੰਦਾਂ ਹੈ ਜਿੰਨ੍ਹਾਂ ਨੇ ਸੰਨ-੧੯੧੯ ਵਿਚ ਸ਼ਹਾਦਤ ਦਾ ਜਾਮ ਪੀਤਾ ਅਤੇ ਕੁਰਬਾਨੀਆ ਦਿਤੀਆ ਇਸ ਨੂੰ ਅੱਜ ਵੀ ਪੂਰੇ ਸੰਸਾਰ ਤੋ ਦੂਨੀਆ ਦੇਖਣ ਲਈ ਆਉਦੀ ਹੈ ਅਤੇ ਜਿਸ ਨਾਲ ਹੋਰ ਵੀ ਪੁਰਾਤਨ ਖੂਹਾਂ ਦੀ ਯਾਦ ਤਾਜਾ ਹੋ ਜਾਦੀ ਹੈ।ਹੁੱਣ ਪਿੰਡਾਂ ਵਿਚ ਖੁਹਾਂ ਦਾ ਨਾਮੋ ਨਿਸ਼ਾਨ ਖਤਮ ਹੋ ਗਿਆ ਹੈ ਜੇ ਕਿਦਰੇ ਮਿਲਣਗੇ ਤਾਂ ਉਹ ਢਹਿ ਢੇਰੀ ਹੋਏ ਮਿਲਦੇ ਹਨ।ਮਸ਼ੀਨੀ ਯੁੱਗ ਹੋਣ ਦੇ ਕਾਰਨ ਇਨ੍ਹਾਂ ਖੂਹਾਂ ਦਾ ਵਜੂਦ ਵੀ ਖਤਮ ਹੋ ਗਿਆ ਹੈ।ਇਨ੍ਹਾਂ ਦੀ ਥਾਂ ਸਮਬਰਸੀਬਲ ਪੰਪਾਂ ਅਤੇ ਟਿਉਬਲਾਂ ਨੇ ਲੈ ਲਈ ਹੈ।ਮੋਜੂਦਾ ਸਰਕਾਰਾ ਨੂੰ ਚਾਹੀਦਾ ਹੈ ਕਿ ਪਿੰਡਾਂ ਵਿਚ ਬਚੇ ਖੂਹਾਂ ਵੱਲ ਖਾਸ ਧਿਆਨ ਦਿੰਦਿਆਂ ਇਨ੍ਹਾਂ ਦੀ ਸਾਫ-ਸਫਾਈ ਕਰਵਾਕੇ ਇਨ੍ਹਾਂ ਨੂੰ ਦੋਬਾਰਾ ਚਾਲੂ ਕਰਵਾਇਆ ਜਾਵੇ ਤਾਂ ਜੋ ਪਿੰਡਾਂ ਵਿਚ ਇਨ੍ਹਾ ਦੀਆ ਯਾਦਗਾਰਾਂ ਨੂੰ ਕਾਇਮ ਰੱਖਿਆ ਜਾ ਸਕੇ।ਜੇਕਰ ਇਨ੍ਹਾਂ ਵੱਲ ਧਿਆਨ ਨਾਂ ਦਿਤਾ ਗਿਆ ਤਾਂ ਖੁਹਾਂ ਦੀਆ ਰੋਣਕਾਂ ਦੇ ਪਰਛਾਵੇ ਧੁੰਦਲੇ ਹੋ ਕੇ ਇਨ੍ਹਾ ਦਾ ਵਜੂਦ ਖਤਮ ਹੋ ਜਾਵੇਗਾਂ।ਆਉਣ ਵਾਲੀਆ ਪੀੜੀਆਂ ਕਿਸੇ ਕਹਾਣੀਆ ਵਿਚੋ ਖੁਹਾਂ ਦਾ ਜਿਕਰ ਪੜਕੇ ਹੀ ਸੋਚਣਗੇ ਕਿ ਕਦੇ ਪਿੰਡਾਂ ਵਿਚ ਖੂਹ ਹੋਇਆ ਕਰਦੇ ਸਨ

**ਪੰਜਾਬੀ ਮਿਸਟ੍ਰੈਸ, ਸਰਕਾਰੀ (ਕੰ) ਮਿਡਲ ਸਕੂਲ, ਦੋਰਾਗਲਾਂ,ਜਿਲ੍ਹਾਂ ਗੁਰਦਾਸਪੁੱਰ।**
**ਮੋਬਾਇਲ ਨੰ: 8725836884**

# ਖ਼ੁਦਕੁਸ਼ੀਆਂ: ਰਿਪੋਰਟਿੰਗ ਹੋਵੇ, ਪ੍ਰਚਾਰ ਨਹੀਂ



ਡਾ. ਸਰਬਜੀਤ ਸਿੰਘ

*******************

ਸਾਡੇ ਦੇਸ਼ ਵਿੱਚ ਕਿਸਾਨਾਂ, ਮਜ਼ਦੂਰਾਂ, ਕਾਰੋਬਾਰੀਆਂ, ਫ਼ੌਜੀਆਂ ਆਦਿ ਦੀਆਂ ਖ਼ੁਦਕੁਸ਼ੀਆਂ ਦੇ ਨਾਲ-ਨਾਲ ਹੁਣ ਵਿਦਿਆਰਥੀਆਂ ਵੱਲੋਂ ਖ਼ੁਦਕੁਸ਼ੀਆਂ ਕਰਨ ਦੀਆਂ ਖ਼ਬਰਾਂ ਵੀ ਨਿੱਤ ਹੀ ਵਧ ਰਹੀਆਂ ਹਨ। ਵਿਸ਼ਵ ਭਰ ਵਿੱਚ ਇੱਕ ਸਾਲ ਵਿੱਚ ਲਗਪਗ ਦੱਸ ਲੱਖ ਲੋਕ ਖ਼ੁਦਕੁਸ਼ੀ ਕਰਦੇ ਹਨ। ਅੰਕੜੇ ਤਾਂ ਇਹ ਵੀ ਦੱਸਦੇ ਹਨ ਕਿ 20 ਲੋਕ ਕੋਸ਼ਿਸ਼ ਕਰਦੇ ਹਨ ਤਾਂ ਇੱਕ ਦੀ ਮੌਤ ਹੁੰਦੀ ਹੈ। ਭਾਵ ਖ਼ੁਦਕੁਸ਼ੀ ਦੀ ਕੋਸ਼ਿਸ਼ ਕਰਨ ਵਾਲਿਆਂ ਦੀ ਗਿਣਤੀ ਮਰਨ ਵਾਲਿਆਂ ਨਾਲੋਂ 20 ਗੁਣਾ ਹੁੰਦੀ ਹੈ। ਇੱਕ ਹੋਰ ਅਨੁਮਾਨ ਅਨੁਸਾਰ ਹਰੇਕ ਅਜਿਹੀ ਮੌਤ ਲਗਪਗ ਛੇ ਲੋਕਾਂ ਦੇ ਦਿਲਾਂ 'ਤੇ ਆਪਣੀ ਗਹਿਰੀ ਛਾਪ ਛੱਡ ਜਾਂਦੀ ਹੈ।

ਖ਼ੁਦਕੁਸ਼ੀਆਂ ਕਿਉਂ ਹੁੰਦੀਆਂ ਹਨ ਅਤੇ ਇਨ੍ਹਾਂ ਨੂੰ ਠੱਲ੍ਹ ਕਿਵੇਂ ਪਾਈ ਜਾ ਸਕਦੀ ਹੈ ? ਇਹ ਆਪਣੇ ਆਪ ਵਿੱਚ ਬੇਹੱਦ ਗੰਭੀਰ, ਚਿੰਤਾਜਨਕ ਅਤੇ ਪੇਚੀਦਾ ਮਸਲਾ ਹੈ। ਪਰ ਇਨ੍ਹਾਂ ਨੂੰ ਰੋਕਣ ਦੇ ਯਤਨਾਂ ਵਿੱਚ ਮੀਡੀਆ ਦੀ ਅਹਿਮ ਭੂਮਿਕਾ ਤੋਂ ਅਸੀਂ ਇਨਕਾਰੀ ਨਹੀਂ ਹੋ ਸਕਦੇ। ਮੀਡੀਆ ਕਹਿੰਦਾ ਹੈ ਕਿ ਜੇਕਰ ਖ਼ੁਦਕੁਸ਼ੀਆਂ ਹੋ ਰਹੀਆਂ ਹਨ ਤਾਂ ਉਨ੍ਹਾਂ ਨੂੰ ਰਿਪੋਰਟ ਕਰਨਾ ਚਾਹੀਦਾ ਹੈ, ਕੋਈ ਤੱਥ ਲੁਕਾਉਣੇ ਨਹੀਂ ਚਾਹੀਦੇ ਤਾਂ ਜੋ ਸਰਕਾਰਾਂ 'ਤੇ ਦਬਾਅ ਪਾਇਆ ਜਾ ਸਕੇ, ਠੀਕ ਨੀਤੀਆਂ ਘੜੀਆਂ ਜਾ ਸਕਣ। ਮੀਡੀਆ ਦੀ ਇਹ ਸੋਚ ਦਰੁਸਤ ਹੈ। ਖ਼ੁਦਕੁਸ਼ੀ ਦੀ ਰਿਪੋਰਟਿੰਗ ਜ਼ਰੂਰ ਹੋਣੀ ਚਾਹੀਦੀ ਹੈ, ਪਰ ਮੌਜੂਦਾ ਸਮੇਂ ਵਿੱਚ ਇੰਜ ਲੱਗਦਾ ਹੈ ਕਿ ਇਹ ਰਿਪੋਰਟਿੰਗ ਨਹੀਂ ਪ੍ਰਚਾਰ ਹੋ ਰਿਹਾ ਹੈ। ਵਿਸ਼ੇਸ਼ਕਰ ਜਦੋਂ ਸਾਡੇ ਪਾਸ ਖੋਜਾਂ ਰਾਹੀਂ ਬੜੇ ਗੰਭੀਰ ਅੰਕੜੇ ਹਨ ਕਿ ਲੋਕ ਰੀਸੋ-ਰੀਸ ਵੀ ਖ਼ੁਦਕੁਸ਼ੀ ਕਰਦੇ ਹਨ ਤਾਂ ਇਹ ਜ਼ਰੂਰੀ ਬਣ ਜਾਂਦਾ ਹੈ ਕਿ ਖ਼ੁਦਕੁਸ਼ੀ ਦੀ ਰਿਪੋਰਟਿੰਗ ਲਈ ਵਿਸ਼ੇਸ਼ ਟਰੇਨਿੰਗ ਦਿੱਤੀ ਜਾਵੇ। ਇਹ ਰਿਪੋਰਟਿੰਗ ਇਉਂ ਹੋਵੇ ਕਿ ਇਸ ਨਾਲ ਕੋਈ ਵੀ ਖ਼ੁਦਕੁਸ਼ੀ ਕਰਨ ਵੱਲ ਪ੍ਰੇਰਿਤ ਨਾ ਹੋਵੇ।

ਕਮਜ਼ੋਰ ਬਿਰਤੀ ਵਾਲਾ ਵਿਅਕਤੀ ਖ਼ੁਦਕੁਸ਼ੀ ਬਾਰੇ ਜ਼ਿਆਦਾ ਪ੍ਰਮੁੱਖਤਾ ਨਾਲ ਸੰਚਾਰਿਤ ਹੋਈ ਰਿਪੋਰਟ ਜਾਂ ਜਿਸ ਰਿਪੋਰਟ ਵਿੱਚ ਖ਼ੁਦਕੁਸ਼ੀ ਕਰਨ ਦੇ ਢੰਗ/ਤਰੀਕੇ ਨੂੰ ਬਾਰ-ਬਾਰ ਫ਼ਿਲਮਾਇਆ ਹੋਵੇ, ਨੂੰ ਪੜ੍ਹ/ਸੁਣਕੇ ਉਸੇ ਦੀ ਰੀਸ ਕਰਦਾ ਹੋਇਆ ਆਪਣੀ ਜੀਵਨ ਲੀਲਾ ਖ਼ਤਮ ਕਰ ਲੈਂਦਾ ਹੈ।

ਦੂਜੇ ਪਾਸੇ ਜੇਕਰ ਅਜਿਹੀ ਰਿਪੋਰਟਿੰਗ ਉਸਾਰੂ ਸੋਚ ਨੂੰ ਲੈ ਕੇ ਸੰਜੀਦਾ ਢੰਗ ਨਾਲ ਕੀਤੀ ਗਈ ਹੋਵੇ ਤਾਂ ਉਹ ਖ਼ੁਦਕੁਸ਼ੀ ਨਾਲ ਹੋਣ ਵਾਲੇ ਨੁਕਸਾਨਾਂ ਬਾਰੇ ਲੋਕਾਂ ਨੂੰ ਸਿੱਖਿਅਤ ਕਰਦੀ ਹੋਈ ਉਨ੍ਹਾਂ ਦੀ ਜ਼ਿੰਦਗੀ ਵਿੱਚ ਇੱਕ ਨਵਾਂ ਮੋੜ ਲਿਆ ਸਕਦੀ ਹੈ।

ਮੀਡੀਆ ਦੀ ਅਜਿਹੀ ਸਾਕਾਰਾਤਮਕ ਭੂਮਿਕਾ ਦੇ ਮੱਦੇਨਜ਼ਰ ਵਿਸ਼ਵ ਸਿਹਤ ਸੰਗਠਨ ਅਤੇ ਖ਼ੁਦਕੁਸ਼ੀ ਰੋਕਣ ਲਈ ਅੰਤਰਰਾਸ਼ਟਰੀ ਐਸੋਸੀਏਸ਼ਨ ਨੇ ਕੁਝ ਸੁਝਾਅ ਜਾਰੀ ਕੀਤੇ ਹਨ ਜਿਨ੍ਹਾਂ 'ਤੇ ਚਲਦਿਆਂ ਮੀਡੀਆ ਕਰਮੀ ਨਿਸ਼ਚੇ ਹੀ ਸਮਾਜ ਭਲਾਈ ਵਿੱਚ ਆਪਣਾ ਯੋਗਦਾਨ ਪਾ ਸਕਦੇ ਹਨ। ਇਨ੍ਹਾਂ ਵਿੱਚ ਹਨ ਕਿ ਖ਼ੁਦਕੁਸ਼ੀ ਜਾਂ ਇਸਦੀ ਕੋਸ਼ਿਸ਼ ਵਿੱਚ ਕਿਸੇ ਵਿਅਕਤੀ ਵੱਲੋਂ ਕੀ ਢੰਗ ਅਪਣਾਇਆ ਗਿਆ ਹੈ, ਉਸ ਬਾਰੇ ਵਿਸਥਾਰ ਪੂਰਬਕ ਜਾਣਕਾਰੀ ਨਾ ਦਿੱਤੀ ਜਾਵੇ ਕਿਉਂਕਿ ਅਜਿਹੇ ਵੇਰਵੇ ਕਿਸੇ ਵੀ ਪਹਿਲਾਂ ਤੋਂ ਡਗਮਗਾ ਚੁੱਕੇ ਵਿਅਕਤੀ ਵਿੱਚ ਆਪਣੀ ਜੀਵਨ ਲੀਲਾ ਖ਼ਤਮ ਕਰਨ ਵਿੱਚ ਉਕਸਾਹਟ ਪੈਦਾ ਕਰ ਸਕਦੇ ਹਨ। ਜਿਵੇਂ ਕਿ ਕੀਟਨਾਸ਼ਕ ਪੀਣ ਦੇ ਮਸਲੇ ਵਿੱਚ ਦਵਾਈ ਦਾ ਨਾਂ, ਉਸ ਦੀ ਮਾਤਰਾ ਜਾਂ ਉਸਨੂੰ ਕਿੱਥੋਂ ਹਾਸਲ ਕੀਤਾ ਆਦਿ ਬਾਰੇ ਜਾਣਕਾਰੀ ਨਾ ਦਿੱਤੀ ਜਾਵੇ।

ਖ਼ੁਦਕੁਸ਼ੀ ਕਰਨ ਵਾਲੇ ਦੀ ਫੋਟੋ ਛਾਪਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਖ਼ੁਦਕੁਸ਼ੀ ਬਾਰੇ ਖ਼ਬਰ ਨੂੰ ਮੁੱਖ ਪੰਨੇ ਜਾਂ ਕਿਸੇ ਪ੍ਰਮੁੱਖ ਸਥਾਨ 'ਤੇ ਪ੍ਰਕਾਸ਼ਿਤ ਕਰਨ ਦੀ ਬਜਾਏ ਕਿਸੇ ਅੰਦਰਲੇ ਪੰਨੇ 'ਤੇ ਹੇਠਾਂ ਕਰਕੇ ਪ੍ਰਕਾਸ਼ਿਤ ਕੀਤਾ ਜਾਵੇ। ਟੈਲੀਵੀਜ਼ਨ ਆਦਿ ਇਲੈੱਕਟ੍ਰਾਨਿਕ ਮੀਡੀਆ ਵਿੱਚ ਖ਼ਬਰਾਂ ਦਾ ਪਸਾਰ ਕਰਨ ਵੇਲੇ ਇਸਨੂੰ ਬਾਰ-ਬਾਰ ਦੁਹਰਾਉਣ ਤੋਂ ਗੁਰੇਜ਼ ਕੀਤਾ ਜਾਵੇ। ਖ਼ੁਦਕੁਸ਼ੀ ਦਾ ਕੋਈ ਇੱਕ ਅੱਧ ਇਕੱਲਾ ਕਾਰਨ ਨਹੀਂ ਹੁੰਦਾ। ਮਾਨਸਿਕ ਪ੍ਰੇਸ਼ਾਨੀ ਵਿੱਚ ਘਿਰੇ ਵਿਅਕਤੀ ਨੂੰ ਮੌਤ ਦੇ ਮੂੰਹ ਵੱਲ ਧੱਕਣ ਵਿੱਚ ਕਈ ਸਮਾਜਿਕ, ਸੱਭਿਆਚਾਰਕ, ਆਰਥਿਕ ਕਾਰਨ ਹੋ ਸਕਦੇ ਹਨ। ਪੂਰੀ ਛਾਣ-ਬੀਣ ਕਰਨ ਦੀ ਬਜਾਏ ਕਿਸਾਨੀ ਖ਼ੁਦਕੁਸ਼ੀਆਂ ਵਿੱਚ ਮੀਡੀਆ ਕੇਵਲ ਕਰਜ਼ੇ ਨੂੰ ਹੀ ਇਕੱਲਾ ਕਾਰਨ ਐਲਾਨ ਦਿੰਦਾ ਹੈ। ਅਸਲ ਵਿੱਚ ਕਰਜ਼ੇ ਦੇ ਨਾਲ ਘਰੇਲੂ ਝਗੜੇ, ਨਸ਼ਾ, ਬਿਮਾਰੀਆਂ ਖ਼ਾਸਕਰ ਡਿਪਰੈਸ਼ਨ ਆਦਿ ਬਹੁਤ ਕੁਝ ਜੁੜ ਜਾਂਦਾ ਹੈ। ਸੋ ਖ਼ੁਦਕੁਸ਼ੀ ਦੇ ਕਾਰਨਾਂ ਨੂੰ ਬਿਨਾਂ ਪੂਰੀ ਤਰ੍ਹਾਂ ਘੋਖਿਆਂ ਲਿਖ ਦੇਣਾ ਕਿ ਕਰਜ਼ੇ ਕਾਰਨ ਹੋਈ ਹੈ ਉਚਿੱਤ ਨਹੀਂ।

ਖ਼ੁਦਕੁਸ਼ੀ ਬਾਰੇ ਰਿਪੋਰਟਿੰਗ ਕਰਨ ਵੇਲੇ ਸ਼ਬਦਾਵਲੀ ਦੀ ਚੋਣ ਅਜਿਹੀ ਹੋਵੇ, ਜਿਸ ਨਾਲ ਪਹਿਲਾਂ ਹੀ ਆਪਣਾ ਕਰੀਬੀ ਰਿਸ਼ਤੇਦਾਰ, ਦੋਸਤ/ਮਿੱਤਰ ਗੁਆ ਚੁੱਕਿਆਂ ਦੇ ਮਨਾਂ ਨੂੰ ਕੋਈ ਹੋਰ ਠੇਸ ਨਾ ਪਹੁੰਚੇ ਬਲਕਿ ਆਪਣੇਪਣ ਦਾ ਪ੍ਰਗਟਾਵਾ ਕਰਦੀ ਹੋਈ ਉਨ੍ਹਾਂ ਨਾਲ ਭਾਵੁਕ ਸਾਂਝ ਸਥਾਪਿਤ ਕਰਨ ਵਾਲੀ ਹੋਵੇ।

ਸੁਰਖੀਆਂ ਪਾਠਕਾਂ/ਸਰੋਤਿਆਂ ਦਾ ਧਿਆਨ ਇਕਦਮ ਆਪਣੇ ਵੱਲ ਖਿੱਚਦੀਆਂ ਹਨ। ਖ਼ੁਦਕੁਸ਼ੀ ਬਾਰੇ ਖ਼ਬਰ ਦੀਆਂ ਸੁਰਖੀਆਂ ਦੀ ਸ਼ਬਦਾਵਲੀ ਵਰਤਣ ਵੇਲੇ ਸੰਜੀਦਗੀ ਵਰਤਣ ਨਾਲ ਜਿੱਥੇ ਖ਼ੁਦਕੁਸ਼ੀ ਕਰ ਚੁੱਕੇ ਵਿਅਕਤੀ ਦੇ ਰਿਸ਼ਤੇਦਾਰਾਂ, ਦੋਸਤਾਂ/ਮਿੱਤਰਾਂ ਨੂੰ ਨਮੋਸ਼ੀ ਨਹੀਂ ਸਹਿਣੀ ਪਵੇਗੀ, ਉੱਥੇ ਨਿਰਾਸ਼ਾਜਨਕ ਮਨੋਅਵਸਥਾ ਵਿੱਚ ਗੁਜ਼ਰ ਰਹੇ ਲੋਕਾਂ ਦਾ ਧਿਆਨ ਵੀ ਅਜਿਹੀਆਂ ਖ਼ਬਰਾਂ ਵੱਲ ਨਹੀਂ ਜਾਵੇਗਾ।



ਪ੍ਰਸਿੱਧ ਹਸਤੀ ਵੱਲੋਂ ਕੀਤੀ ਖ਼ੁਦਕੁਸ਼ੀ ਦੀ ਰਿਪੋਰਟਿੰਗ ਅਜਿਹੀ ਹੋਵੇ ਜੋ ਖ਼ੁਦਕੁਸ਼ੀ ਨਾਲ ਹੋਈ ਪ੍ਰਸਿੱਧ ਹਸਤੀ ਦੀ ਮੌਤ ਨੂੰ ਉਸਦੀ ਸ਼ਾਨੋ-ਸ਼ੌਕਤ ਦੀ ਬਜਾਏ ਕਮਜ਼ੋਰੀ ਨੂੰ ਦਰਸਾਏ। ਰੋਲ ਮਾਡਲ ਦੀ ਰੀਸੋ-ਰੀਸੀ ਕੋਈ ਹੋਰ ਅਣਮੁੱਲੀ ਜਾਨ ਵਿਅਰਥ ਨਾ ਗਵਾ ਬੈਠੇ। ਖ਼ੁਦਕੁਸ਼ੀ ਕਰ ਚੁੱਕੇ ਵਿਅਕਤੀ ਦਾ ਪੀੜਤ ਪਰਿਵਾਰ ਤਾਂ ਪਹਿਲਾਂ ਹੀ ਦਿਲ ਛੱਡ ਚੁੱਕਾ ਹੁੰਦਾ ਹੈ, ਉਨ੍ਹਾਂ ਨਾਲ ਇੰਟਰਵਿਊ ਆਦਿ ਕਰਨ ਵੇਲੇ ਮੀਡੀਆ ਕਰਮੀਆਂ ਨੂੰ ਉਨ੍ਹਾਂ ਦੇ ਜਜ਼ਬਾਤਾਂ ਦੀ ਕਦਰ ਕਰਦੇ ਹੋਏ ਕਿਤੇ ਵੀ ਗ਼ੈਰ-ਸੰਜੀਦਗੀ ਨਹੀਂ ਦਿਖਾਉਣੀ ਚਾਹੀਦੀ। ਆਪਣੇ ਕਰੀਬੀ ਵੱਲੋਂ ਕੀਤੀ ਆਤਮ ਹੱਤਿਆ ਨਾਲ ਝੰਜੋੜੇ ਹੋਏ ਪਰਿਵਾਰਕ ਮੈਂਬਰਾਂ ਤੋਂ ਅਜਿਹੇ ਸਵਾਲ ਨਾ ਪੁੱਛੇ ਜਾਣ ਜੋ ਉਨ੍ਹਾਂ ਦੇ ਟੁੱਟੇ ਦਿਲਾਂ ਨੂੰ ਹੋਰ ਠੇਸ ਪਹੁੰਚਾਉਣ ਜਾਂ ਉਨ੍ਹਾਂ ਦੀ ਨਿੱਜੀ ਜ਼ਿੰਦਗੀ ਵਿੱਚ ਦਖ਼ਲ ਦੇਣ ਵਾਲੇ ਪ੍ਰਤੀਤ ਹੋਣ।

ਸਮੱਸਿਆਵਾਂ ਵਿੱਚ ਘਿਰੇ ਵਿਅਕਤੀ ਮਦਦ ਮੰਗਦੇ ਹਨ। ਮਾਨਸਿਕ ਪ੍ਰੇਸ਼ਾਨੀਆਂ ਵਿੱਚ ਘਿਰੇ ਅਜਿਹੇ ਵਿਅਕਤੀਆਂ ਦੀ ਮਦਦ ਲਈ ਸਰਕਾਰੀ, ਗ਼ੈਰ-ਸਰਕਾਰੀ ਅਤੇ ਕਈ ਤਰ੍ਹਾਂ ਦੀਆਂ ਸਮਾਜ ਸੇਵੀ ਸੰਸਥਾਵਾਂ ਨਿਸ਼ਕਾਮ ਸੇਵਾ ਵਿੱਚ ਜੁਟੀਆਂ ਹੋਈਆਂ ਹਨ। ਮੀਡੀਆ ਆਪਣੀ ਰਿਪੋਰਟ ਦੇ ਅੰਤ ਵਿੱਚ ਇਨ੍ਹਾਂ ਸੰਸਥਾਵਾਂ ਜਿਨ੍ਹਾਂ ਨਾਲ ਡਾਕਟਰ, ਬੁੱਧੀਜੀਵੀ ਅਤੇ ਵਿਗਿਆਨੀ ਆਦਿ ਜੁੜੇ ਹੁੰਦੇ ਹਨ, ਦਾ ਪਤਾ ਅਤੇ ਫੋਨ ਨੰਬਰ ਆਦਿ ਮੁਹੱਈਆ ਕਰੇ ਤਾਂ ਜੋ ਸਭ ਪਾਸਿਓਂ ਨਿਰਾਸ਼ ਹੋ ਚੁੱਕੇ ਵਿਅਕਤੀ ਨੂੰ ਆਸ ਦੀ ਕਿਰਨ ਨਜ਼ਰ ਆ ਸਕੇ। ਇੰਜ ਉਨ੍ਹਾਂ ਵਿੱਚ ਨਵੇਂ ਸਿਰਿਓਂ ਜ਼ਿੰਦਗੀ ਜਿਊਣ ਦਾ ਉਤਸ਼ਾਹ ਪੈਦਾ ਹੋ ਸਕੇਗਾ।

**ਸੰਪਰਕ: 99142-42004**



# ਲੋਹੜੀ ਐਤਕੀਂ ਕਿਸਾਨਾਂ ਦੇ ਨਾਲ ਮਨਾਓ ....



ਲੇਖਕ ਸੁਰਿੰਦਰ ਸਿੰਘ ਮੀਰਪੁਰੀ ਫਰਿਜ਼ਨੋ
ਯੂ.ਐਸ.ਏ.5592850841



ਲੋਹੜੀ ਦਾ ਤਿਉਹਾਰ ਤਾਂ ਐਤਕੀਂ ਕਿਸਾਨਾਂ ਦੇ ਨਾਲ ਮੋਢੇ ਨਾਲ ਮੋਢਾ ਲਾ ਕੇ ਹੀ ਮਨਾਉਣਾ ਚਾਹੀਦਾ ਹੈ ਕਿਉਂਕਿ ਕਿਸਾਨ ਭਾਈਚਾਰਾ ਮੁਸਕਲਾਂ ਦੇ ਵਿੱਚ ਹੈ ਤਾਂ ਸਾਡਾ ਵੀ ਕੁਝ ਫਰਜ਼ ਬਣਦਾ ਹੈ । ਲੋਹੜੀ ਦਾ ਤਿਉਹਾਰ ਆ ਰਿਹਾ ਹੈ ਇਸ ਲਈ ਕਿਸਾਨਾਂ ਦਾ ਸਾਥ ਦਿਓ ਕਿਉਂਕਿ ਚਾਰ ਮਹੀਨਿਆਂ ਤੋਂ ਕਿਸਾਨੀ ਸੰਘਰਸ਼ ਚੱਲ ਰਿਹਾ ਹੈ । ਪਿਛਲੇ ਡੇਢ ਮਹੀਨੇ ਤੋਂ ਦਿੱਲੀ ਦੇ ਵਿਚ ਧਰਨਾ ਲਾ ਕੇ ਕਿਸਾਨ ਇਕੱਠੇ ਹੋ ਕੇ ਕਾਲੇ ਕਾਨੂੰਨਾਂ ਦਾ ਵਿਰੋਧ ਕਰ ਰਹੇ ਹਨ ਪਰ ਹਾਲੇ ਕੇਂਦਰ ਸਰਕਾਰ ਟੱਸ ਤੋਂ ਮੱਸ ਨਹੀਂ ਹੋ ਰਹੀ । ਏਨੀ ਠੰਢ ਦੇ ਵਿੱਚ ਵਿਚ ਟੈਂਟ ਲਾ ਕੇ ਕਿਸਾਨ ਬੱਚੇ ਬਜ਼ੁਰਗਾਂ ਸਮੇਤ ਉਥੇ ਬੈਠੇ ਹਨ ਪਰ ਮੋਦੀ ਦੇ ਕੰਨਾਂ ਤੇ ਜੂੰ ਨਹੀਂ ਸਰਕ ਰਹੀ , ਤਰੀਕਾਂ ਤੇ ਤਰੀਕਾਂ ਪਾ ਰਿਹਾ ਹੈ । ਅੱਤ ਦੀ ਠੰਢ ਦੇ ਵਿੱਚ ਘਰੋਂ ਬਾਹਰ ਰਹਿਣਾ ਕਿੰਨਾ ਮੁਸ਼ਕਲ ਹੈ ਇਹ ਤਾਂ ਕਿਸਾਨ ਹੀ ਜਾਣਦੇ ਹਨ । ਅੱਜ ਤਾਂ ਘਰਾਂ ਵਿੱਚ ਰਹਿ ਕੇ ਵੀ ਮੰਜਿਆਂ , ਬਿਸਤਰਿਆਂ , ਕੰਬਲਾਂ ਦੇ ਵਿੱਚ ਬਹਿ ਕੇ ਵੀ ਠੰਢ ਲੱਗਦੀ ਹੈ ਪਰ ਕਿਸਾਨ ਤਾਂ ਆਸਮਾਨ ਦੇ ਥੱਲੇ ,ਬੱਚੇ , ਬਜ਼ੁਰਗ ਮਾਈਆਂ ਬੀਬੀਆਂ ਘੁੰਮ ਰਹੇ ਹਨ ਕਿਉਂਕਿ ਸਾਡੇ ਹੱਕ ਸਾਨੂੰ ਚਾਹੀਦੇ ਹਨ ।

?ਪਰ ਇਹ ਸਰਕਾਰਾਂ ਸਭ ਕੁਝ ਕਰ ਸਕਦੀਆਂ ਹਨ ਹਨ ਇਸ ਕਰਕੇ ਇਨ੍ਹਾਂ ਦਾ ਵਿਰੋਧ ਹੋ ਰਿਹਾ ਹੈ ਹੁਣ ਤਾਂ ਇਸ ਸਮੇਂ ਦੇ ਵਿਚ ਇੰਨੇ ਲੋਕ ਮਜਬੂਰ ਹੋ ਗਏ ਹਨ ਕਿ ਅਡਾਨੀ ਅੰਬਾਨੀ ਵਰਗਿਆਂ ਦੇ ਟਾਵਰਾਂ ਤੇ ਅਤੇ ਰਿਲਾਇੰਸ ਜੀਓ ਹੋਰ ਜੋ ਵੀ ਇਨ੍ਹਾਂ ਦੇ ਬਿਜ਼ਨੈੱਸ ਚਲ ਰਹੇ ਹਨ ਨੌਜਵਾਨ ਕਿਸਾਨ ਗੁੱਸੇ ਵਿੱਚ ਆ ਕੇ ਉਨ੍ਹਾਂ ਦੀ ਵੀ ਭੰਨ ਤੋੜ ਕਰ ਰਹੇ ਹਨ ਤੇ ਇਨ੍ਹਾਂ ਦੇ ਬਾਈਕਾਟ ਤੋਂ ਇਲਾਵਾ ਇਨ੍ਹਾਂ ਨੂੰ ਇੱਥੋਂ ਭਜਾ ਰਹੇ ਹਨ , ਰਾਮਦੇਵ ਦੇ ਸਾਮਾਨ ਦਾ ਬਾਈਕਾਟ ਵੀ ਆਪਣੇ ਆਪ ਇਸ ਵਿੱਚ ਇਸ ਦੀ ਇੱਕ ਵੱਡੀ ਉਦਾਹਰਨ ਹੈ ਕਿਉਂਕਿ ਇਹ ਸਭ ਰਲੇ ਮਿਲੇ ਹੋਏ ਹਨ ।

ਲੋਕਾਂ ਦਾ ਮਨ ਇੰਨਾ ਜਜ਼ਬਾਤੀ ਹੋ ਗਿਆ ਹੈ ਕਿ ਹਰ ਕੋਈ ਕਿਸਾਨਾਂ ਦੇ ਹੱਕ ਦੇ ਵਿਚ ਖੜ੍ਹਾ ਹੋ ਰਿਹਾ ਹੈ । ਵਿਆਹ ਦੇ ਵਿੱਚ ਅੱਜਕੱਲ੍ਹ ਮੁੰਡੇ ਕੁੜੀਆਂ ਖਾਸ ਕਰਕੇ ਕਿਸਾਨ ਮਜ਼ਦੂਰ ਏਕਤਾ ਜ਼ਿੰਦਾਬਾਦ ਦੇ ਝੰਡੇ ਲੈ ਕੇ ਜਾ ਰਹੇ ਹਨ ਅਤੇ ਸਾਦੇ ਸਿੰਪਲ ਵਿਆਹ ਕਰ ਰਹੇ ਹਨ ।

ਇਹ ਬਹੁਤ ਲੰਮੇ ਸਮੇਂ ਬਾਅਦ ਨੌਜਵਾਨ ਪੰਜਾਬੀ ਭਾਈਚਾਰੇ ਦੀ ਬਹੁਤ ਵਧੀਆ ਸੋਚ ਹੈ ਇਸ ਤੋਂ ਇਲਾਵਾ ਸਾਰੀ ਦੁਨੀਆਂ ਅਤੇ ਪਾਕਿਸਤਾਨ ਦੇ ਗੀਤਕਾਰ ਵੀ ਗੀਤ ਗਾ ਰਹੇ ਹਨ । ਉਧਰ ਦੂਸਰੇ ਪਾਸੇ ਪਿੰਡਾਂ ਵਿਚ ਵੀ ਕਾਲੇ ਕਾਨੂੰਨਾਂ ਦੀਆਂ ਕਾਪੀਆਂ ਸਾੜੀਆਂ ਜਾ ਰਹੀਆਂ ਹਨ । ਕਿਸਾਨਾਂ ਦਾ ਹਾਲ ਵੇਖ ਕੇ ਹਰ ਇੱਕ ਦੇ ਦਿਲ ਵਿੱਚ ਪੀੜ ਹੋ ਰਹੀ ਹੈ ਉਹ ਉੱਥੇ ਲੱਖਾਂ ਦੀ ਤਾਦਾਦ ਵਿਚ ਪਹੁੰਚ ਕੇ ਇਸ ਰੈਲੀ ਵਿੱਚ ਯੋਗਦਾਨ ਬਣ ਰਹੇ ਹਨ । ਕੇਂਦਰ ਸਰਕਾਰ ਨੂੰ ਕੋਈ ਤਰਸ ਨਹੀਂ ਆ ਰਿਹਾ ਕੇਂਦਰ ਹੋਰ ਕਿੰਨਾ ਕੁ ਨੁਕਸਾਨ ਕਰੇਗੀ , ਕਿੰਨੀਆਂ ਕੁ ਜਾਨਾਂ ਲਵੇਗੀ ਪਰ ਲੋਕ ਆਪਣੇ ਹੱਕ ਲੈ ਕੇ ਵਾਪਸ ਜਾਣਗੇ ਇਹ ਤਾਂ ਪੱਕੀ ਗੱਲ ਹੈ । ਇਸ ਲਈ ਆਓ ਸਾਰੇ ਕਿਸਾਨੀ ਸੰਘਰਸ ਵਿੱਚ ਯੋਗਦਾਨ ਪਾਈਏ ਅਖੌਤੀ ਸਰਕਾਰ ਦਾ ਵਿਰੋਧ ਕਰੀਏ । ਦੇਸ਼ ਵਾਸੀਆਂ ਦੇ ਸਿਰੋਂ ਪਾਣੀ ਲੰਘ ਲੰਘ ਜਾਣ ਕਾਰਨ ਹੁਣ ਲੋਕ ਘਰੋਂ ਬਾਹਰ ਸੜਕਾਂ ਤੇ ਆ ਕੇ ਖਲੋ ਗਏ ਹਨ ਇਸ ਲਈ ਇਹ ਸਰਕਾਰਾਂ ਤੋਂ ਸਾਨੂੰ ਆਪਣੀ ਏਕਤਾ ਕਰਕੇ ਹੀ ਸਾਰੇ ਖਹਿੜੇ ਛੁਡਾਉਣੇ ਪੈਣਗੇ ਅਤੇ ਕਾਨੂੰਨ ਤਾਂ ਹੀ ਵਾਪਸ ਹੋਣਗੇ ਹੀ । ਇਹ ਸਮਾਂ ਇਸ ਸਾਲ ਲੋਹੜੀ ਕਿਸਾਨਾਂ ਦੇ ਨਾਲ ਹੀ ਦਿੱਲੀ ਦੇ ਵਿਚ ਮਨਾਈ ਜਾਵੇ ਤਾਂ ਚੰਗਾ ਹੈ ਪਹਿਲਾਂ ਸਾਡੇ ਹੱਕ ਸਾਨੂੰ ਵਾਪਸ ਮਿਲਣ , ਖ਼ੁਸ਼ੀਆਂ ਬਾਅਦ ਵਿੱਚ ਹੀ ਵੇਖੀਆਂ ਜਾਂਦੀਆਂ ਹਨ । 2020 ਕੋਈ ਖ਼ਾਸ ਚੰਗਾ ਨੀਂ ਰਿਹਾ ਮਾੜਾ ਹੀ ਲੰਘਿਆ ਕਿਉਂਕਿ ਕੋਰੋਨਾ ਨੇ ਸਾਰੀ ਦੁਨੀਆਂ ਸਾਰੇ ਕਾਰੋਬਾਰ ਠੱਪ ਕਰਕੇ ਰੱਖ ਦਿੱਤੇ ਹਨ , ਸਕੂਲ ਕਾਲਜ ਸਭ ਕੁਝ ਹੀ ਬੰਦ ਪਿਆ ਹੈ । ਦਸੰਬਰ ਦੇ ਵਿੱਚ ਸ਼ਹੀਦੀ ਦਿਹਾੜੇ ਵੀ ਮਨਾਏ ਗਏ ਉਥੇ ਵੀ ਸਾਰਿਆਂ ਨੇ ਕਿਸਾਨਾਂ ਦੀਆਂ ਅਰਦਾਸਾਂ ਕੀਤੀਆਂ ਗਈਆਂ । ਅੱਜ ਦੇ ਸਮੇਂ ਅੰਦਰ ਇੱਕ ਵਿਲੱਖਣ ਗੱਲ ਇਹ ਹੈ ਕਿ ਲੀਡਰਾਂ ਦੇ ਪੁਤਲੇ ਫੂਕੇ ਜਾ ਰਹੇ ਹਨ ਲੋਕਾਂ ਦਾ ਸੁਭਾਅ ਬਹੁਤ ਹੀ ਗਰਮ ਹੋ ਚੁੱਕਾ ਹੈ । ਕਾਫੀ ਚਿਰਾਂ ਤੋਂ ਲੋਕ ਇਸ ਲਈ ਇਨ੍ਹਾਂ ਦਾ ਥਾਂ ਥਾਂ ਤੇ ਵਿਰੋਧ ਕਰ ਰਹੇ ਹਨ ਕਿਉਂਕਿ ਇਨ੍ਹਾਂ ਵੱਲੋਂ ਪੰਜਾਬੀਆਂ ਦੇ ਨਾਲ ਗੱਦਾਰੀ ਕੀਤੀ ਗਈ ਹੈ ਅਤੇ ਕਿਸੇ ਵੀ ਤਰ੍ਹਾਂ ਕਿਸਾਨਾਂ ਦੇ ਹੱਕ ਵਿਚ ਨਹੀਂ ਖੜ੍ਹੇ ਇਸ ਲਈ ਇਨ੍ਹਾਂ ਦਾ ਵਿਰੋਧ ਹੋਣਾ ਸੁਭਾਵਿਕ ਹੈ ।

## ਜੇ ਆਪਾਂ ਦੋਵੇਂ ਰੁੱਸ ਬੈਠੇ ਤਾਂ ਮਨਾਊ ਕੌਣ ਵੇ

ਮੋਦੀ ਸਰਕਾਰ ਨੇ ਕਿਸਾਨਾਂ ਦੇ ਹੱਕਾਂ ਨੂੰ ਖੋਹ ਕੇ ਅਮੀਰ ਘਰਾਣਿਆਂ ਨੂੰ ਦਿਵਾਉਣ ਵਾਸਤੇ . ਜੋ ਰਾਤੋ ਰਾਤ ਤਿੰਨ ਕਾਲੇ ਕਨੂੰਨ ਧੱਕੇ ਨਾਲ ਮੜ੍ਹ ਦਿਤੇ ਸਨ .ਉਹਨਾਂ ਨੂੰ ਰੱਦ ਕਰਾਉਂਣ ਵਾਸਤੇ ਕਿਸਾਨ 5ਜੂਨ ਤੋਂ ਹੀ ਇਹ ਕਹਿਣ ਲਗ ਪਏ ਸਨ ਕਿ ਇਹ ਕਨੂੰਨ ਕਿਸਾਨਾਂ ਦੇ ਹੱਕ ਵਿਚ ਨਹੀਂ ਹਨ .ਇਹਨਾਂ ਕਨੂੰਨਾਂ ਦਾ ਵਿਰੋਧ ਹੌਲੀ ਹੌਲੀ ਪਿੰਡਾਂ ਤੋਂ ਸ਼ੁਰੂ ਹੋਇਆ ਜੋ ਅੱਜ ਦੁਨੀਆਂ ਲੈਵਲ ਤਕ ਪਹੁੰਚ ਗਿਆ ਹੈ .ਦੇਸ਼ ਬਿਦੇਸ਼ ਤੋਂ ਇਸ ਅੰਦੋਲਨ ਨੂੰ ਹੁੰਗਾਰਾ ਮਿਲਣ ਲਗ ਪਿਆ .ਸ਼ਾਇਦ ਹੀ ਕੋਈ ਇਹੋ ਜਿਹਾ ਇਨਸਾਨ ਹੋਵੇਗਾ ਜਿਹੜ੍ਹਾ ਇਸ ਅੰਦੋਲਨ ਦਾ ਹਿਸਾ ਨਾ ਬਣਿਆ ਹੋਵੇ .ਨਹੀਂ ਤਾਂ ਸਿੱਧੇ ਜਾਂ ਅਸਿੱਧੇ ਤੌਰ ਹਰੇਕ ਵਰਗ ਇਸ ਅੰਦੋਲਨ ਨਾਲ ਜੁੜ ਚੁਕੇ ਹਨ .ਸਭ ਤੋਂ ਵਧੀਆ ਗੱਲ ਇਹ ਹੋਈ ਹੈ ਕਿ ਕਿਸੇ ਸਿਆਸੀ ਬੰਦੇ ਨੂੰ ਇਸ ਦਾ ਹਿਸਾ ਨਹੀਂ ਬਣਨ ਦਿਤਾ ਗਿਆ .ਸ਼ਾਇਦ ਕੋਈ ਸਿਆਸੀ ਆਗੂ ਆ ਜਾਂਦੇ ਤੇ ਉਹ ਜਾਂ ਸਰਕਾਰ ਅਗੇ ਝੁਕ ਜਾਂਦੇ ਜਾਂ ਫਿਰ ਵਿਕ ਜਾਂਦੇ .ਪਰ ਇਥੇ ਅਜਿਹਾ ਨਹੀਂ ਵੇਖਣ ਨੂੰ ਮਿਲਿਆ .ਪੰਜਾਬ ਦੇ ਪਿੰਡ ਪਿੰਡ ਤੋਂ ਲੋਕ ਕਿਸਾਨ ਜਥੇਬੰਦੀਆਂ ਨਾਲ ਪਹਿਲਾ ਹੀ ਜੁੜੇ ਸਨ .ਜਿਹਨਾਂ ਨੇ ਇਕ ਦਮ ਇਨਾਂ ਵੱਡਾ ਐਕਸ਼ਨ ਲੈ ਲਿਆ ਹੈ .ਸਰਕਾਰ ਦੇ ਮਨ ਦੀ ਖਦਸ਼ਾ ਕੁਝ ਹੋਰ ਸੀ ਕਿ ਇਹ ਦੋ ਚਾਰ ਕਿਸਾਨ ਕੀ ਕਰ ਲੈਣਗੇ .ਪਰ ਉਹ ਸਭ ਕੁਝ ਉਲਟਾ ਹੋ ਗਿਆ ਹੈ .ਹੈਰਾਨੀ ਦੀ ਗੱਲ ਹੈ ਕਿ ਇੱਕਲੇ ਪੰਜਾਬ ਤੋਂ ਨਹੀਂ ਬਲਕਿ ਕਿ ਸਮੁਚੇ ਭਾਰਤ ਦੇ ਕਿਸਾਨ ਇਸ ਅੰਦੋਲਨ ਦਾ ਹਿਸਾ ਬਣੇ ਹਨ .ਇਕ ਸੁਰ ਤੇ ਇਕ ਆਵਾਜ਼ ,ਇੱਕੋ ਅੰਦਾਜ਼ ਇਸ਼ਾਰੇ ਨਾਲ ਗੱਲ ਸਮਝਣ ਵਾਲੇ .40-45 ਕਿਸਾਨ ਲੀਡਰ ਜਦੋ ਟੇਬਲ ਤੇ ਸਰਕਾਰ ਸਾਹਮਣੇ ਬੈਠਦੇ ਹਨ .ਉਸ ਵਕਤ ਸਾਰਿਆਂ ਦਾ ਧਿਆਨ ਇਕ ਹੁੰਦਾ ਹੈ .ਕੀ ਬੋਲਣਾ ਹੈ ਤੇ ਕੀ ਨਹੀਂ ਬੋਲਣਾ .ਮੋਨ ਧਾਰਨਾ ਹੈ ਜਾਂ ਲਿਖ ਕੇ ਸਾਰਿਆ ਨੇ ਹਾਂ ਜਾਂ ਨਾਂਹ ਕਰਨੀ ,ਹੋਰ ਕੋਈ ਗੱਲ ਨਹੀਂ . ਗੱਲ ਕੀ ਕਿ ਸਰਕਾਰ ਇਹੋ ਸੋਚ ਰਹੀ ਹੈ ਇਹ ਇੰਨੇ ਇਕੱਠੇ ਕਿਵੇਂ ਹੋ ਗਏ ਹਨ .ਫਿਰ ਅਲੱਗ ਅਲੱਗ ਜਾਤਾਂ, ਧਰਮਾਂ , ਕੀਤਿਆ ਤੇ ਖ਼ਿਤਿਆ ਦੇ ਲੋਕ ਸੁਰ ਤੇ ਆਵਾਜ਼ ਇਕ .ਜਿਹੜ੍ਹਾ ਸਦੀਆਂ ਤੋਂ ਸਾਡੇ ਧਰਮਾਂ ਤੇ ਮਹਜ਼ਬਾਂ ਨੂੰ ਵੱਖ ਵੱਖ ਕੀਤਾ ਹੋਇਆ ਸੀ .ਉਹ ਅੱਜ ਸੰਸਾਰ ਦੇ ਸਾਹਮਣੇ ਇਕ ਮਿਸਾਲ ਬਣ ਕੇ ਖੜ੍ਹਾ ਹੋ ਗਿਆ ਹੈ .ਪਹਿਲਾਂ ਤਾਂ ਸ਼ਾਇਦ ਨਾਹਰਿਆਂ ਵਿੱਚ ਹੀ ਸੁਣੀਂਦਾ ਸੀ .ਹਿੰਦੂ ,ਮੁਸਲਿਮ ,ਸਿੱਖ ,ਈਸਾਈ ਸਭ ਨੇ ਭਾਈ ਭਾਈ .ਸਭੇ ਜਾਤ ਏਕ ਹੈ ਪਹਿਚਾਨਬੋ .ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ "ਚਹੁ ਵਰਨਾ ਕੋ ਸਾਂਝਾ ਉਪਦੇਸ਼ " .ਕੀਰਤ ਕਰਨੀ ,ਵੰਡ ਕੇ ਛੱਕਣਾ ਤੇ ਨਾਮ ਜਪਣਾ .ਜੋ ਅੱਜ ਸਾਨੂੰ ਸਾਰਿਆ ਨੂੰ ਸਾਹਮਣੇ ਨਜ਼ਰ ਆ ਰਿਹਾ ਹੈ ਪ੍ਰਤੱਖ ਨੂੰ ਪ੍ਰਮਾਣ ਦੀ ਜ਼ਰੂਰਤ ਨਹੀਂ ਹੁੰਦੀ .ਅੱਜ ਦਿੱਲੀ ਦੇ ਚਾਰ ਚੁਫੇਰੇ ਜਾ ਕੇ ਵੇਖੋ ਕਿ ਕੀ ਦ੍ਰਿਸ਼ ਬਣਿਆ ਹੋਇਆ ਹੈ .ਟਰਾਲੀਆਂ ਦਾ ਸ਼ਹਿਰ ਵਸਿਆ ਪਿਆ ਹੈ .ਸੇਵਾ ਕਰਨ ਵਾਲੇ ਦਿਨ ਰਾਤ ਥੱਕਦੇ ਹੀ ਨਹੀਂ .ਰਾਸ਼ਨ ਦੇ ਭੰਡਾਰ ਭਰੇ ਪਏ ਹਨ ਦੁੱਧ ਦੀਆਂ ਨਦੀਆਂ ਵਹਿ ਰਹੀਆਂ ਹਨ .ਭੋਜਨ ਛਤੀਆਂ ਪਦਾਰਥਾਂ ਵਾਲੇ ਬਣ ਰਹੇ ਹਨ .ਪੀਣ ਵਾਲੇ ਪਾਣੀ ਦੀ ਕੋਈ ਘਾਟ ਨਹੀਂ ,ਡਾਕਟਰੀ ਸਹਾਇਤਾ ਸਭ ਚੜ੍ਹਦੀ ਕਲਾ ਹੈ .ਪਰ ਹੁਣ ਗੱਲ ਕਰੀਏ ਕਿ 8 ਵਾਰੀ ਸਰਕਾਰ ਤੇ ਕਿਸਾਨ ਆਪਸ ਵਿੱਚ ਮੀਟਿੰਗਾਂ ਕਰ ਚੁਕੇ ਹਨ .ਸਾਰੀਆਂ ਬੇ-ਸਿੱਟਾ ਹੀ ਰਹੀਆ ਪਤਾ ਨਹੀਂ ਹੋਰ ਕਿੰਨੀਆਂ ਕੁ ਮੀਟਿੰਗਾਂ ਬੇ ਸਿੱਟਾ ਰਹਿਣਗੀਆਂ .ਅਜੇ ਤਕ ਕੋਈ ਵੀ ਕਿਸੇ ਮਾਹਿਰ ਇਸ ਬਾਰੇ ਅੰਦਾਜ਼ਾ ਨਹੀਂ ਲਾ ਸੱਕਿਆ .ਪਰ ਨੁਕਸਾਨ ਤਾਂ ਦੇਸ਼ ਦਾ ਹੋ ਰਿਹਾ ਹੈ ਦੇਸ਼ ਕੋਈ ਮੋਦੀ ਇੱਕਲੇ ਦਾ ਥੋੜ੍ਹਾ ਹੈ .ਅਸੀਂ ਸਾਰੇ ਦੇਸ਼ ਵਾਸੀ ਹਾਂ ਸਾਡਾ ਵੀ ਹੱਕ ਬਣਦਾ ਹੈ.ਹੁਣ ਗੱਲ ਜਿੱਦ ਦੀ ਹੋ ਗਈ ਹੈ ਕਿ ਮੈ ਜਿੱਦ ਨਹੀਂ ਛੱਡਣੀ ਜਿਵੇ ਰਸਾ ਸੜ ਵੀ ਜਾਵੇ ਤਾਂ ਵੱਟ ਨਹੀਂ ਜਾਂਦੇ .ਉਹ ਗੱਲ ਮੋਦੀ ਸਰਕਾਰ ਦੀ ਹੋ ਚੁੱਕੀ ਹੈ .ਇੱਕੋ ਹੀ ਰੱਟ ਲਾ ਕੇ ਬੈਠ ਗਿਆ ਹੈ ਕਿ ਇਹ ਕਨੂੰਨ ਕਿਸਾਨਾਂ ਦੇ ਫਾਇਦੇ ਦੇ ਹਨ .ਜਦੋ ਕਿਸਾਨ ਕਹਿੰਦੇ ਹਨ ਸਾਨੂੰ ਲੋੜ ਨਹੀਂ ਫਾਇਦੇ ਦੀ .ਬਸ ਗੱਲ ਤਾਂ ਇੰਨੀ ਹੈ ਹੋਰ ਤਾਂ ਕੋਈ ਨਹੀਂ .ਜੇ ਕੋਈ ਫਾਇਦਾ ਨਹੀਂ ਲੈਣਾ ਚਾਹੁੰਦਾ ਤਾਂ ਉਸ ਨੂੰਧੱਕੇ ਨਾਲ ਫਾਇਦਾ ਨਾ ਦਿਉ .ਜਦੋ ਉਹਨਾਂ ਨੂੰ ਲੋੜ ਪਈ ਤਾਂ ਫਿਰ ਸਰਕਾਰ ਨੂੰ ਕਹਿ ਵੀ ਦੇਣਗੇ .ਹੁਣ ਰਾਸ਼ਟਰਪਤੀ ਵੀ ਘੂਕ ਸੁੱਤਾ ਪਿਆ ਹੈ .ਉਸ ਨੂੰ ਕੋਈ ਦਸਣ ਵਾਲਾ ਨਹੀਂ ਹੈ ਕਿ ਵੇਖ ਦਿੱਲੀ ਦੇ ਚਾਰ ਚੁਫੇਰੇ ਕੀ ਹੋ ਰਿਹਾ ਹੈ .ਕਹਿਰ ਦੀ ਸਰਦੀ ਹੱਡ ਚੀਰਵੀਂ ਠੰਡ ਤੇ ਵਰਸਦੇ ਮੀਂਹ ਵਿੱਚ ਲੋਕ ਕਿਵੇਂ ਬੈਠੇ ਹੋਏ ਹਨ . ਕੀ ਕਸੂਰ ਹੈ ਬਜ਼ੁਰਗ ਮਾਤਾਵਾਂ ਦਾ ,ਨੌਜਵਾਨ ਭੈਣਾਂ ਦਾ ,ਨੌਜਵਾਨ ਘਬਰੂਆਂ ਦਾ ਤੇ ਬਜ਼ੁਰਗਾਂ ਦਾ .ਕੀ ਉਹ ਕਿਸਾਨ ਕਿਉਂ ਬਣੇ ਕੀ ਕਿਸਾਨ ਬਣਨ ਦੀ ਇੰਨੀ ਵੱਡੀ ਸਜ਼ਾ ਹੈ .ਜੇ ਕਿਸਾਨ ਨਾ ਰਹੇ ਤਾਂ ਇਨਸਾਨ ਕਿਵੇਂ ਰਹਾਂਗੇ ਇਹ ਸੋਚਣ ਦਾ ਵਿਸ਼ਾ ਹੈ .ਕਿਸਾਨ ਤਾਂ ਇੱਕ ਹੀ ਆਵਾਜ਼ ਵਿੱਚ ਇਹੋ ਕਹਿ ਰਹੇ ਹਨ ਕਿ" ਜੇ ਕਨੂੰਨ ਵਾਪਿਸ ਨਹੀਂ ਤੇ ਘਰ ਵਾਪਸ ਨਹੀਂ ."ਜੇ ਸਰਕਾਰ ਤੇ ਕਿਸਾਨ ਦੋਵੇਂ ਧਿਰਾਂ ਜਿੱਦ ਤੇ ਅੜ੍ਹੀਆਂ ਰਹੀਆਂ ਤਾਂ ਹੱਲ ਕਿਵੇਂ ਨਿਕਲੇਗਾ .ਮੈਨੂੰ ਵਾਰ ਵਾਰ ਪੰਜਾਬੀ ਗੀਤ ਦੀਆਂ ਸਤਰਾਂ ਯਾਦ ਆ ਰਹੀਆਂ ਹਨ "ਜੇ ਆਪਾਂ ਦੋਵੇਂ ਰੁੱਸ ਬੈਠੇ ਤਾਂ ਮਨਾਊ ਕੌਣ ਵੇ"

ਸੂਬੇਦਾਰ ਜਸਵਿੰਦਰ ਸਿੰਘ ਭੁਲੇਰੀਆ ਮਮਦੋਟ
[ਫਿਰੋਜ਼ਪੁਰ ]7589155501

## ਕਦ ਮੁੱਕੇਗਾ ਦਿੱਲੀ ਤੋਂ ਪੰਜਾਬ ਨੂੰ ਲਾਸ਼ਾਂ ਦਾ ਸਿਲਸਿਲਾ

ਹਾਲੇ ਨਵੇਂ ਵਰ੍ਹੇ ਨੂੰ ਚੜ੍ਹਿਆ ਕੁਝ ਕੁ ਦਿਨ ਹੀ ਬੀਤੇ ਹਨ।ਆਸ ਤਾਂ ਇਹ ਸੀ ਕਿ ਨਵਾਂ ਵਰ੍ਹੇ ਦਾ ਅਗਾਜ ਹੋਇਆ ਹੈ, ਸ਼ਾਇਦ ਸਰਕਾਰ ਨੇ ਵੀ ਜੁਲਮ ਨਾ ਕਰਨ ਦਾ ਸਕੰਲਪ ਲਿਆ ਹੋਵੇਗਾ।ਸੋਚਿਆ ਤਾਂ ਸੀ ਕਿ ਸ਼ਾਇਦ ਪੁਰਾਣਾ ਵਰ੍ਹਾ ਜਾਂਦਾ ਜਾਂਦਾ ਸਰਕਾਰਾਂ ਦੀਆਂ ਬੇਰੁਖੀਆਂ ਤੇ ਤਸ਼ੱਦਦ ਨੂੰ ਵੀ ਨਾਲ ਲੈ ਜਾਵੇਗਾ ਪਰ ਅਜਿਹਾ ਕੁਝ ਨਹੀਂ ਹੋਇਆ। ਸਰਕਾਰਾਂ ਦਾ ਉਹੀ ਤਾਨਾਸ਼ਾਹੀ ਰਵੱਈਆ ਲੋਕਾਂ ਲਈ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ। ਇਹਨਾਂ ਦਿਨਾਂ ਵਿੱਚ ਉੱਤਰੀ ਭਾਰਤ ਵਿੱਚ ਕੜਾਕੇਦਾਰ ਠੰਡ ਪੈ ਰਹੀ ਹੈ।ਆਦਰਾਂ ਨੂੰ ਚੀਰਵੇਂ ਕੋਰੇ ਤੇ ਧੁੰਦ ਵਿੱਚ ਹਰ ਵਿਅਕਤੀ ਨਾ ਸਰਦੇ ਨੂੰ ਘਰੋਂ ਬਾਹਰ ਪੈਰ ਰੱਖਦਾ ਹੈ।ਹਰੇਕ ਦੀ ਕੋਸਸਿ ਇਹੋ ਹੈ ਕਿ ਜਿੰਨਾ ਹੋ ਸਕੇ ਰਜਾਈਆਂ ਦਾ ਨਿੱਘ ਮਾਣਿਆ ਜਾਵੇ। ਪਰ ਅਜਿਹੇ ਹਾਲਾਤਾਂ ਵਿੱਚ ਸਾਡੇ ਕਿਸਾਨ ਵੀਰ ਬਿਨਾਂ ਕਿਸੇ ਠੰਡ, ਮੀਂਹ ਤੇ ਸਰੀਰਕ ਕਸ਼ਟ ਦੀ ਪਰਵਾਹ ਕੀਤੇ , ਆਪਣੇ ਹੱਕਾਂ ਲਈ ਦਿੱਲੀ ਦੀਆਂ ਸੜਕਾਂ ਤੇ ਡੇਰੇ ਲਾਈ ਬੈਠੇ ਹਨ।ਜਦ ਇਹ ਮੁਹਿੰਮ ਦੀ ਸ਼ੁਰੂਆਤ ਹੋਈ ਸੀ ਤਾਂ ਕਿਸੇ ਨੇ ਨਹੀਂ ਸੀ ਸੋਚਿਆ ਕਿ ਇਹ ਮੁਹਿੰਮ ਇੱਕ ਇਤਹਾਸਿਕ ਅੰਦੋਲਨ ਦਾ ਰੂਪ ਇਖਤਿਆਰ ਕਰ ਲਵੇਗੀ।ਸਰਕਾਰਾਂ ਨੂੰ ਲੱਗਦਾ ਸੀ ਕਿ ਇੱਕ ਦੋ ਦਿਨ ਦੀ ਗੱਲ ਹੈ, ਇਹ ਕਿਹੜਾ ਘਰ ਬਾਰ ਛੱਡ ਪੱਕੇ ਡੇਰੇ ਲਾਉਣ ਲੱਗੇ ਹਨ!ਪਰ ਕਿਸਾਨ ਵੀਰਾਂ ਦੇ ਏਕੇ ਨੇ ਨਾ ਕੇਵਲ ਸਰਕਾਰਾਂ ਦੇ ਭੁਲੇਖੇ ਦੂਰ ਕੀਤੇ ਨਾਲ ਦੀ ਨਾਲ ਇਹ ਵੀ ਅਹਿਸਾਸ ਕਰਵਾ ਦਿੱਤਾ ਕਿ ਇਹ ਪੰਜਾਬੀਆਂ ਦੀ ਕੌਮ ਹੈ, ਮੈਦਾਨ ਫਤਹਿ ਕੀਤੇ ਬਿਨਾ ਮੈਦਾਨ ਛੱਡ ਕੇ ਨਹੀਂ ਭੱਜਦੇ। ਜਦੋਂ ਅਸੀਂ ਸਾਰੇ ਕਿਸਾਨੀ ਅੰਦੋਲਨ ਦੇ ਅਜਿਹੇ ਪੱਖ ਦੇਖਦੇ ਹਾਂ ਕਿ ਸਾਡੇ ਵਿੱਚ ਇਤਫਾਕ ਵਧਿਆ ਹੈ, ਭਰਾ ਭਰਾ ਨਾਲ ਖੜਾ ਹੈ, ਜਾਤਾਂ ਤੇ ਧਰਮਾਂ ਦੇ ਨਾਮ ਉੱਤੇ ਪਿਆ ਪਾੜਾ ਖਤਮ ਹੋਇਆ ਹੈ, ਨੌਜਵਾਨੀ ਆਪਣੇ ਹੱਕਾਂ ਲਈ ਲੜ ਰਹੀ ਹੈ, ਅਣਖ ਤੇ ਗੈਰਤ ਅੱਜ ਵੀ ਸਾਡੇ ਵਿੱਚ ਮੌਜੂਦ ਹੈ, ਤਾਂ ਸਾਡੇ ਮਨਾਂ ਨੂੰ ਖੁਸ਼ੀ ਮਿਲਦੀ ਹੈ। ਪਰ ਜਦ ਇਸਦੇ ਉਲਟ ਦੇਖਦੇ ਹਾਂ ਕਿ ਨਿੱਤ ਦਿਹਾੜੇ ਕੋਈ ਨਵੀਂ ਲਾਸ਼ ਦਿੱਲੀ ਤੋਂ ਪੰਜਾਬ ਵੱਲ ਨੂੰ ਆਉਦੀ ਹੈ ਤਾਂ ਮਨ ਅੰਦਰ ਧੂਹ ਪੈਂਦੀ ਹੈ ਕਿ ਆਖਰ ਕਦੋਂ ਲਾਸ਼ਾ ਦੇ ਦਿੱਲੀ ਤੋਂ ਪੰਜਾਬ ਆਉਣ ਦੇ ਸਿਲਸਿਲੇ ਨੂੰ ਠੱਲ੍ਹ ਪਵੇਗੀ। ਕੀ ਬੀਤਦੀ ਹੋਵੇਗੀ ਉਸ ਪਰਿਵਾਰ ਦੇ ਮੈਬਰਾਂ ਉੱਪਰ ਜਦ ਆਪਣੇ ਪੁੱਤ ਪੋਤਰਿਆਂ ਦੀ ਜਮੀਨ ਖਾਤਰ ਝੋਲਾ ਚੁੱਕ ਗਿਆ ਬਾਪੂ ਆਪ ਤੇ ਵਾਪਿਸ ਪਰਤਦਾ ਨਹੀਂ ਪਰ ਉਸ ਦੀ ਲਾਸ ਜਰੂਰ ਆ ਜਾਂਦੀ! ਲੱਖ ਲਾਹਨਤ ਹੈ ਅਜਿਹੀ ਸਰਕਾਰ ਅਤੇ ਲੋਕਤੰਤਰ ਉੱਤੇ ਜੋ ਇਹ ਕਹਿ ਰਹੀ ਹੈ ਕਿ ਕਿਸਾਨ ਤਾਂ ਇੱਥੇ ਪਿਕਨਿਕ ਮਨਾ ਰਹੇ ਹਨ।ਹੁਣ ਮੈਂ ਆਪਣੀਆਂ ਸਰਕਾਰਾਂ ਨੂੰ ਇੱਕ ਸਵਾਲ ਪੁੱਛਣਾ ਚਾਹੁੰਦੀ ਹਾਂ ਕਿ , ਜਦ ਸਾਡੇ ਪੰਜਾਬ ਵਿੱਚ ਜਹਿਰੀਲੀ ਸ਼ਰਾਬ ਪੀਣ ਨਾਲ ਲਾਹਣੀ ਲੋਕ ਮਰਦੇ ਹਨ ਤਾਂ ਬਹੁਤ ਫਖਰ ਨਾਲ ਉਹਨਾਂ ਨੂੰ ਲੱਖਾਂ ਦੀ ਮਦਦ ਕੀਤੀ ਜਾਂਦੀ ਹੈ, ਪਰ ਜੋ ਕਿਸਾਨ ਵੀਰ ਪੰਜਾਬ ਦੇ ਹੱਕਾਂ ਲਈ ਲੜ ਰਹੇ ਹਨ, ਸ਼ਹੀਦੀਆਂ ਪ੍ਰਾਪਤ ਕਰ ਰਹੇ ਹਨ, ਉਹਨਾਂ ਲਈ ਤੁਸੀਂ ਕੀ ਕਰ ਰਹੇ ਹੋ, ਕੀ ਉਹਨਾਂ ਦੇ ਪਰਿਵਾਰਾਂ ਨੂੰ ਕੋਈ ਸਹੂਲਤ ਦਿੱਤੀ ਜਾ ਰਹੀ ਹੈ ? ਪਰਿਵਾਰ ਦੇ ਇੱਕ ਮੈਂਬਰ ਦੇ ਹੀ ਤੁਰ ਜਾਣ ਨਾਲ ਪੂਰਾ ਘਰ ਮੂਧਾ ਪੈ ਜਾਂਦਾ ਹੈ, ਪਰ ਇਹ ਦਰਦ ਸਾਡੇ ਹਾਕਮਾਂ ਨੂੰ ਕੌਣ ਸਮਝਾਵੇ!ਕੇਂਦਰੀ ਸਰਕਾਰ ਦੀਆਂ ਬੇਰੁਖੀਆਂ ਨੇ ਲੋਕਾਂ ਦਾ ਲੋਕਤੰਤਰ ਤੋਂ ਭਰੋਸਾ ਪੂਰੀ ਤਰ੍ਹਾਂ ਚੁੱਕ ਦਿੱਤਾ ਹੈ।

ਲੋਕ ਅਜਿਹੇ ਲੋਕਤੰਤਰ ਦੀ ਮੰਗ ਨਹੀਂ ਕਰਦੇ , ਜਿੱਥੇ ਜਨਤਾ ਨੂੰ ਆਪਣੇ ਹੀ ਬਣਦੇ ਹੱਕਾਂ ਲਈ ਲਾਠੀਆਂ ਖਾਣੀਆਂ ਪੈਣ, ਪਾਣੀ ਦੀਆਂ ਬੁਛਾੜਾਂ ਸਹਿਣੀਆਂ ਪੈਣ।ਸਰਕਾਰ ਨੂੰ ਚਾਹੀਦਾ ਹੈ ਕਿ ਆਪਣੀਆਂ ਜਿੱਦਾਂ, ਅੜੀਆਂ ਛੱਡ ਆਪਣੇ ਫਰਜ ਨੂੰ ਪਹਿਚਾਣੇ ਅਤੇ ਲੋਕਾਂ ਨੂੰ ਉਹਨਾਂ ਦੇ ਬਣਦੇ ਹੱਕ ਦਿੱਤੇ ਜਾਣ।ਜੇਕਰ ਅਜਿਹਾ ਨਹੀਂ ਹੁੰਦਾ ਤਾਂ ਇਤਹਾਸ ਗਵਾਹ ਹੈ ਕਿ ਪੰਜਾਬੀ ਵੱਡਿਆਂ ਵੱਡਿਆਂ ਦੀਆਂ ਅੜੀਆਂ ਭੰਨਣਾ ਚੰਗੀ ਤਰ੍ਹਾਂ ਜਾਣਦੇ ਹਨ!

ਹਰਕੀਰਤ ਕੌਰ
9779118066



# ਸ਼ਗਨਾਂ ਦਾ ਤਿਉਹਾਰ 'ਲੋਹੜੀ'

ਲੋਹੜੀ ਦਾ ਤਿਉਹਾਰ ਪੰਜਾਬ ਦੇ ਹਰ ਘਰ ਵਿਚ ਮਨਾਇਆ ਜਾਂਦਾ ਹੈ। ਲੋਹੜੀ ਨੂੰ ਪੁਰਾਤਨ ਸਮੇਂ ਤੋਂ ਪੰਜਾਬੀ ਖੁਸ਼ੀਆਂ ਅਤੇ ਖੇੜਿਆਂ ਦਾ ਤਿਉਹਾਰ ਬਣਾ ਕੇ ਮਨਾਉਂਦੇ ਰਹੇ ਹਨ। ਰਿਸ਼ੀਆਂ, ਮੁਨੀਆਂ, ਗੁਰੂਆਂ ਦੀ ਧਰਤੀ ਪੰਜਾਬ 'ਤੇ ਜਿਉਂ- ਜਿਉਂ ਮਨੁੱਖ ਸੱਭਿਅਕ ਹੁੰਦਾ ਗਿਆ ਤਾਂ ਉਸ ਨੇ ਆਪਣੀ ਖੁਸ਼ੀ ਲਈ ਰੁੱਤਾਂ, ਮਹੀਨਿਆਂ ਤੇ ਤਿੱਥਾਂ ਅਨੁਸਾਰ ਤਿਉਹਾਰ ਮਨਾ ਕੇ ਆਪਣਾ ਸ਼ਾਨਦਾਰ ਸੱਭਿਆਚਾਰ ਕਾਇਮ ਕੀਤਾ। ਅੱਜ ਵੀ ਲੋਹੜੀ ਦਾ ਤਿਉਹਾਰ ਮੌਸਮੀ ਉਤਸਵ ਵਜੋਂ ਬੜੀ ਧੂਮ- ਧਾਮ ਨਾਲ ਮਨਾਇਆ ਜਾਂਦਾ ਹੈ। ਲੋਹੜੀ ਦਾ ਤਿਉਹਾਰ ਪੋਹ ਮਹੀਨੇ ਦੇ ਆਖਰੀ ਦਿਨਾਂ ਵਿਚ ਮਨਾਇਆ ਜਾਂਦਾ ਹੈ। ਲੋਹੜੀ ਦਾ ਤਿਉਹਾਰ ਸਰਦੀਆਂ ਦਾ ਤਿਉਹਾਰ ਹੈ। ਲੋਹੜੀ ਹੁਲਾਸ ਦਾ ਤਿਉਹਾਰ ਹੈ। ਲੋਹੜੀ ਸ਼ਗਨਾਂ ਦਾ ਤਿਉਹਾਰ ਹੈ। ਆਮ ਤੌਰ 'ਤੇ ਲੋਹੜੀ ਦੀ ਧੂਣੀ ਉਸ ਘਰ ਵੱਲੋਂ ਬਾਲੀ ਜਾਂਦੀ ਹੈ, ਜਿਨ੍ਹਾਂ ਦੇ ਘਰ ਨਵੇਂ ਬੱਚੇ ਨੇ ਜਨਮ ਲਿਆ ਹੋਵੇ ਜਾਂ ਵਿਆਹ ਦੀ ਸ਼ਹਿਨਾਈ ਵੱਜੀ ਹੋਵੇ। ਪਹਿਲੇ ਸਮਿਆਂ ਵਿਚ ਮੁੰਡੇ ਜੰਮਣ 'ਤੇ ਜਾਂ ਜਿਨ੍ਹੀ ਘਰੀ ਨਵੀਂ ਵਹੁਟੀ ਆਈ ਹੁੰਦੀ, ਉਸ ਘਰ ਹੀ ਲੋਹੜੀ ਮਨਾਈ ਜਾਂਦੀ ਸੀ। ਲੋਹੜੀ ਵੰਡਣ ਲਈ ਲੜਕੇ ਦੀਆਂ ਭੈਣਾਂ, ਭੂਆ, ਚਾਚੀਆਂ, ਤਾਈਆਂ ਸੋਹਣੇ-ਸੋਹਣੇ ਸੂਟ ਪਾ ਕੇ ਤਿਆਰ ਹੋ ਕੇ ਪਿੰਡ ਵਿੱਚ ਹਫਤਾ- ਹਫਤਾ ਪਹਿਲਾ ਹੀ ਗੁੜ ਵੰਡਣਾ ਸ਼ੁਰੂ ਕਰ ਦਿੰਦੀਆਂ ਸਨ। ਲੋਹੜੀ 'ਤੇ ਸਾਰੇ ਰਿਸ਼ਤੇਦਾਰ ਸਾਕ- ਸੰਬੰਧੀ ਆਉਂਦੇ ਸਨ। ਘਰ ਵਾਲੇ, ਸਾਰੇ ਰਿਸ਼ਤੇਦਾਰ, ਆਂਢ-ਗੁਆਂਢ, ਸਕੇ ਬੈਠ ਕੇ ਲੋਹੜੀ ਸੇਕਦੇ ਸਨ। ਲੋਹੜੀ ਮੰਗਣ ਵਾਲਿਆਂ ਨੂੰ ਘਰ ਵਾਲੇ ਗੁੜ, ਰਿਉੜੀਆਂ, ਮੂੰਗਫਲੀ, ਮੱਕੀ ਦੀਆਂ ਖਿੱਲਾਂ ਅਤੇ ਕੁੱਝ ਰੁਪਏ ਦਿੰਦੇ ਸਨ। ਲੋਹੜੀ ਮੰਗਣ ਵਾਲਿਆਂ ਵਿਚ ਕਾਗੀ, ਚਾਚਿਆਂ, ਤਾਇਆਂ ਦੀਆਂ ਕੁਆਰੀਆਂ ਕੁੜੀਆਂ ਤੇ ਹੋਰ ਲੋਕ ਹੁੰਦੇ ਸਨ। ਮੁੰਡਿਆਂ ਦੀਆਂ ਵੱਖਰੀਆਂ ਟੋਲੀਆਂ ਹੁੰਦੀਆਂ ਸਨ ਤੇ ਕੁੜੀਆਂ ਦੀਆਂ ਵੱਖਰੀਆਂ। ਨਿੱਕੀਆਂ ਕੁੜੀਆਂ ਤੇ ਮੁੰਡਿਆਂ ਦੀਆਂ ਵੱਖਰੀਆਂ ਢਾਣੀਆਂ ਹੁੰਦੀਆਂ ਸਨ। ਪਰ ਲੋਹੜੀ ਮੰਗਣ ਵਾਲਿਆਂ ਵਿੱਚ ਜਿਆਦਾ ਟੋਲੀਆਂ ਕੁੜੀਆਂ ਦੀਆਂ ਹੁੰਦੀਆਂ ਸਨ। ਦਸ-ਦਸ ਦਿਨ ਪਹਿਲਾਂ ਹੀ ਲੋਕ ਲੋਹੜੀ ਮੰਗਣੀ ਸ਼ੁਰੂ ਕਰ ਦਿੰਦੇ ਸਨ। ਪਹਿਲਾਂ ਨਿਆਣੇ ਸ਼ੁਰੂ ਕਰਦੇ ਸਨ। ਲੋਹੜੀ ਵਾਲੇ ਦਿਨ ਤਾਂ ਸਵੇਰ ਵੇਲੇ ਤੋਂ ਹੀ ਲੋਹੜੀ ਮੰਗਣ ਦਾ ਕੰਮ ਸ਼ੁਰੂ ਹੋ ਜਾਂਦਾ ਸੀ। ਪਿੰਡ ਦੀਆਂ ਗਲੀਆਂ ਲੋਹੜੀ ਮੰਗਣ ਵਾਲਿਆਂ ਨਾਲ ਭਰੀਆਂ ਹੁੰਦੀਆਂ। ਲੋਹੜੀ ਮੰਗਣ ਵਾਲੇ ਲੋਹੜੀ ਮੰਗਣ ਵੇਲੇ ਇਹ ਗੀਤ ਗਾਉਂਦੇ÷

**ਕੋਠੇ ਉੱਤੇ ਚਾਕੂ,**
**ਗੁੜ ਦਵੇ ਮੁੰਡੇ ਦਾ ਬਾਪੂ।**
**ਕੋਠੇ ਉੱਤੇ ਕਾਂ,**
**ਗੁੜ ਦਵੇ ਮੁੰਡੇ ਦੀ ਮਾਂ।**

ਜੇਕਰ ਕੋਈ ਲੋਹੜੀ ਦੇਣ 'ਚ ਦੇਰੀ ਕਰਦਾ ਸੀ ਤਾਂ ਉਸ ਨੂੰ ਕਿਹਾ ਜਾਂਦਾ ਸੀ÷

**ਤੇਰੇ ਕੋਠੇ ਉੱਤੇ ਮੋਰ,**
**ਸਾਨੂੰ ਛੇਤੀ-ਛੇਤੀ ਤੋਰ।**
**ਅੰਦਰ ਭਾਂਡੇ ਨਾ ਖੜਕਾ,**
**ਲੋਹੜੀ ਸਾਡੇ ਹੱਥ ਫੜਾ।**

ਕੁੜੀਆਂ ਨੂੰ ਅਗਲੇ ਤੇ ਆਪਣੇ ਘਰੀਂ ਜਾਣ ਦੀ ਕਾਹਲ ਹੁੰਦੀ ਸੀ, ਕੁੜੀਆਂ ਗੀਤ ਗਾਉਂਦੀਆਂ ਘਰ ਵਾਲੇ ਨੂੰ ਆਖਦੀਆਂ÷

**ਸਾਡੇ ਪੈਰਾਂ ਹੇਠ ਸਿਲਾਈਆਂ,**
**ਅਸੀਂ ਕਿਹੜੇ ਵੇਲੇ ਦੀਆਂ ਆਈਆਂ।**

ਜਿਨ੍ਹਾਂ ਘਰਾਂ ਵਿਚ ਲੜਕੇ ਪੈਦਾ ਹੁੰਦੇ ਸਨ, ਉਹ ਘਰ ਆਪਣੀ ਪੱਤੀ ਦੀ ਧਰਮਸਾਲਾ, ਦਰਵਾਜੇ 'ਚ ਪਾਥੀਆਂ, ਲੱਕੜਾਂ, ਤਿਲ, ਰਿਉੜੀਆਂ, ਗੁੜ ਦੀ ਭੇਲੀ ਅਤੇ ਮੱਕੀ ਦੀਆਂ ਖਿੱਲਾਂ ਵੀ ਭੇਜਦੇ ਹੁੰਦੇ ਸਨ। ਸਾਰੀ ਪੱਤੀ ਦੇ ਲੋਕ ਕੱਠੇ ਹੋ ਕੇ ਉੱਥੇ ਲੋਹੜੀ ਬਾਲਦੇ ਸਨ। ਉੱਥੇ ਆਏ ਪਿੰਡ ਦੇ ਸਾਰੇ ਬੱਚਿਆਂ, ਬੰਦਿਆਂ ਤੇ ਔਰਤਾਂ ਨੂੰ ਵੀ ਗੁੜ, ਰਿਉੜੀਆਂ ਤੇ ਮੱਕੀ ਦੀਆਂ ਖਿੱਲਾਂ ਵੰਡੀਆਂ ਜਾਂਦੀਆਂ ਸਨ। ਲੋਕ ਅੱਧੀ-ਅੱਧੀ ਰਾਤ ਤੱਕ ਲੋਹੜੀ ਸੇਕਦੇ। ਲੋਹੜੀ ਦੇ ਤਿਉਹਾਰ ਸਬੰਧੀ ਇਕ ਕਥਾ ਵੀ ਪ੍ਰਚਲਿਤ ਹੈ। ਸਾਂਝੇ ਪੰਜਾਬ ਦਾ ਲੋਕ ਨਾਇਕ ਦੁੱਲਾ ਭੱਟੀ ਬਹਾਦਰ ਤੇ ਅਣਖੀਲਾ ਯੋਧਾ ਸੀ। ਗਰੀਬਾਂ ਤੇ ਮਜ਼ਲੂਮਾਂ ਦਾ ਮਿੱਤਰ, ਜਾਲਮ ਹਕੂਮਤ ਤੇ ਲੋਟੂ ਸਾਹੂਕਾਰਾਂ ਦਾ ਵੈਰੀ ਸੀ। ਉਹ ਅਮੀਰਾਂ ਨੂੰ ਲੁੱਟਦਾ ਸੀ ਤੇ ਗਰੀਬਾਂ ਦੀ ਮਦਦ ਕਰਦਾ ਸੀ, ਇਕ ਗਰੀਬ ਬ੍ਰਾਹਮਣ ਦੀਆਂ ਦੋ ਧੀਆਂ ਸਨ-ਸੁੰਦਰੀ ਤੇ ਮੁੰਦਰੀ। ਦੁੱਲੇ ਨੇ ਇਨ੍ਹਾਂ ਦੋਵਾਂ ਲੜਕੀਆਂ ਦੀ ਸ਼ਾਦੀ ਆਪ ਕਰਵਾਈ ਅਤੇ ਉਨ੍ਹਾਂ ਦੋਹਾਂ ਦੀ ਝੋਲੀ ਵਿਚ ਸ਼ੱਕਰ ਪਾਈ। ਇਹ ਸ਼ਾਦੀ ਰਾਤ ਦੇ ਸਮੇਂ ਅਗਨੀ ਦੇ ਦੁਆਲੇ ਕੀਤੀ ਗਈ ਸੀ। ਤਾਹੀਓਂ ਤਾਂ ਇਸ ਦਾ ਜਿਕਰ ਲੋਕ ਗੀਤਾਂ ਵਿਚ ਆਉਂਦਾ ਹੈ÷

ਸੁੰਦਰ ਮੁੰਦਰੀਏ, ਹੋ
ਤੇਰਾ ਕੌਣ ਵਿਚਾਰਾ, ਹੋ
ਦੁੱਲਾ ਭੱਟੀ ਵਾਲਾ, ਹੋ
ਦੁੱਲੇ ਧੀ ਵਿਆਹੀ, ਹੋ
ਸੇਰ ਸੱਕਰ ਪਾਈ, ਹੋ
ਕੁੜੀ ਦੇ ਬੋਝੇ ਪਾਈ, ਹੋ

ਸਿਆਲ ਦੇ ਐਨ ਵਿਚਕਾਰ ਮਨਾਇਆ ਜਾਣ ਵਾਲਾ ਇਹ ਤਿਉਹਾਰ ਅੱਜ ਵੀ ਲੋਕ ਲੋਹੜੀ ਬਾਲ ਕੇ ਮਨਾਉਂਦੇ ਹਨ, ਪਰ ਹੁਣ ਦਰਵਾਜਿਆਂ, ਧਰਮਸਾਲਾਂ ਵਿਚ ਕੋਈ ਵੀ ਲੋਹੜੀ ਨਹੀਂ ਬਾਲਦਾ। ਅੱਜ ਕੋਈ ਵਿਰਲਾ ਵਾਝਾਂ ਹੀ ਪਿੰਡ ਜਾਂ ਸ਼ਹਿਰ ਹੋਵੇਗਾ, ਜਿੱਥੇ ਲੋਕ ਸਾਂਝੀ ਲੋਹੜੀ ਬਾਲਦੇ ਹੋਣ। ਪਰ ਪਹਿਲਾ ਲੋਕ ਕੱਲੇ ਮੁੰਡਿਆਂ ਦੀ ਲੋਹੜੀ ਮਨਾਉਂਦੇ ਸਨ ਤੇ ਹੁਣ ਮੁੰਡਿਆਂ ਦੇ ਨਾਲ-ਨਾਲ ਕੁੜੀਆਂ ਦੀ ਵੀ ਲੋਹੜੀ ਮਨਾਉਣ ਲੱਗ ਪਏ ਹਨ ਤੇ ਲੋਹੜੀ ਵੰਡਣ ਵੀ ਲੱਗ ਪਏ ਹਨ। ਕਿਉਂਕਿ ਹੁਣ ਲੋਕਾਂ 'ਚ ਜਾਗਰੂਕਤਾ ਆ ਰਹੀ ਹੈ। ਅੱਜ ਦੀਆਂ ਕੁੜੀਆਂ, ਮੁੰਡਿਆਂ ਨਾਲੋਂ ਕਿਤੇ ਅੱਗੇ ਹਨ। ਇਹ ਤਿਉਹਾਰ ਆਪਣੀ ਮਾਂ ਬੋਲੀ ਜਿਹਾ ਸਾਂਝਾ ਤਿਉਹਾਰ ਹੈ। ਇਹ ਤਿਉਹਾਰ ਆਪਸੀ ਰਿਸ਼ਤਿਆਂ ਦੀਆਂ ਤੰਦਾਂ ਨੂੰ ਜੂੜ ਕੇ ਰੱਖਦਾ ਹੈ। ਇਹ ਤਿਉਹਾਰ ਸਦਭਾਵਨਾ ਅਤੇ ਕੌਮੀ ਏਕਤਾ ਦਾ ਪ੍ਰਤੀਕ ਹੈ। ਇਹ ਸਾਨੂੰ ਸਭਿਆਚਾਰ ਨਾਲ ਜੋੜਦਾ ਹੀ ਨਹੀਂ, ਸਗੋਂ ਸਮਾਜਿਕ ਕੁਰੀਤੀਆਂ ਪ੍ਰਤੀ ਜਾਗਰੂਕ ਵੀ ਕਰਦਾ ਹੈ। ਸੋ, ਲੋੜ ਹੈ ਸਾਨੂੰ ਆਪਣਾ ਇਹ ਪੁਰਾਤਨ ਅਤੇ ਅਮੀਰ ਵਿਰਸਾ ਸਾਂਭ ਕੇ ਰੱਖਣ ਦੀ। ਇਸ ਵਿਚ ਹੀ ਸਾਡੀ ਸਿਆਣਪ ਹੈ।

**-ਤਸਵਿੰਦਰ ਸਿੰਘ ਬੜੈਚ**
**ਪਿੰਡ ਦੀਵਾਲਾ, ਤਹਿਸੀਲ ਸਮਰਾਲਾ,**
**ਜਿਲ੍ਹਾ ਲੁਧਿਆਣਾ।**



# ਦੁਨੀਆਂ ਦੀ ਸਭ ਤੋਂ ਵੱਡੀ ਤੀਸਰੇ ਸਥਾਨ ਤੇ ਭਾਰਤੀ ਸੈਨਾ

ਭਾਰਤ ਦਾ ਸਭ ਤੋਂ ਲੰਬਾ ਸੈਨਿਕ ਇਤਿਹਾਸ ਹੈ, ਕਈ ਹਜ਼ਾਰ ਸਾਲ ਪਹਿਲਾਂ ਦਾ ਇਤਿਹਾਸ। ਤੀਰਅੰਦਾਜ਼ੀ ਬਾਰੇ ਕਲਾਸੀਕਲ ਤੇ ਆਮ ਤੌਰ ਤੇ ਮਾਰਸ਼ਲ ਆਰਟਸ ਨੂੰ ਧਨੁਰਵੇਦ ਦੇ ਤੌਰ ਤੇ ਜਾਣਿਆ ਜਾਂਦਾ ਹੈ. ਇੰਡੀਅਨ ਆਰਮੀ ਦੀ ਸ਼ੁਰੂਆਤ 1857 ਦੇ ਇੰਡੀਅਨ ਬਗਾਵਤ ਤੋਂ ਬਾਅਦ ਦੇ ਸਾਲਾਂ ਵਿੱਚ ਹੋਈ ਸੀ , ਜਦੋਂ 1858 ਵਿੱਚ ਤਾਜ ਨੇ ਬ੍ਰਿਟਿਸ਼ ਭਾਰਤ ਦਾ ਸਿੱਧਾ ਰਾਜ ਈਸਟ ਇੰਡੀਆ ਕੰਪਨੀ ਤੋਂ ਆਪਣੇ ਹੱਥ ਵਿੱਚ ਲੈ ਲਿਆ ਸੀ। 1858 ਤੋਂ ਪਹਿਲਾਂ, ਭਾਰਤੀ ਸੈਨਾ ਦੇ ਪੂਰਵਜ ਇਕਾਈਆਂ, ਕੰਪਨੀ ਦੁਆਰਾ ਨਿਸ਼ਤਰਿਤ ਇਕਾਈਆਂ ਸਨ, ਜਿਨ੍ਹਾਂ ਨੂੰ ਉਨ੍ਹਾਂ ਦੀਆਂ ਸੇਵਾਵਾਂ ਲਈ ਫੀਸ ਦਿੱਤੀ ਜਾਂਦੀ ਸੀ. ਉਨ੍ਹਾਂ ਨੇ ਬ੍ਰਿਟਿਸ਼ ਆਰਮੀ ਦੀਆਂ ਇਕਾਈਆਂ ਵੀ ਚਲਾਈਆਂ, ਉਨ੍ਹਾਂ ਨੂੰ ਲੰਡਨ ਵਿਚ ਬ੍ਰਿਟਿਸ਼ ਸਰਕਾਰ ਦੁਆਰਾ ਫੰਡ ਵੀ ਦਿੱਤੇ ਗਏ. ਸਭ ਤੋਂ ਪਹਿਲਾਂ ਬੰਗਾਲ ਦੇ ਮੁਸਲਮਾਨ ਮੁੱਖ ਤੌਰ ਤੇ ਈਸਟ ਇੰਡੀਆ ਕੰਪਨੀ ਦੀਆਂ ਫੌਜਾਂ ਵਿਚ ਭਰਤੀ ਕੀਤੇ ਗਏ ਸਨ, ਜਿਸ ਵਿਚ ਬੰਗਾਲ , ਬਿਹਾਰ ਅਤੇ ਉੱਤਰ ਪ੍ਰਦੇਸ਼ ਦੇ ਮੁਸਲਮਾਨ ਅਤੇ ਅਵਧ ਦੇ ਪੇਂਡੂ ਮੈਦਾਨ ਤੋਂ ਉੱਚ ਜਾਤੀ ਦੇ ਹਿੰਦੂ ਸ਼ਾਮਲ ਸਨ। ਇਹਨਾਂ ਵਿੱਚੋਂ ਬਹੁਤ ਸਾਰੀਆਂ ਫੌਜੀ ਪਾਰਟੀਆਂ ਨੇ ਭਾਰਤੀ ਬਗਾਵਤ ਵਿੱਚ ਹਿੱਸਾ ਲਿਆ, ਜਿਸਦਾ ਉਦੇਸ਼ ਮੁਗਲ ਸਮਰਾਟ ਬਹਾਦਰ ਸ਼ਾਹ ਜ਼ਫ਼ਰ ਨੂੰ ਉਸਦੇ ਗੱਦੀ ਤੇ ਮੁੜ ਸਥਾਪਤ ਕਰਨਾ ਸੀ। ਇਹ ਅੰਸ਼ਿਕ ਤੌਰ ਤੇ ਬ੍ਰਿਟਿਸ਼ ਅਧਿਕਾਰੀਆਂ ਦੇ ਸੰਵੇਦਨਸ਼ੀਲ ਵਿਵਹਾਰ ਕਾਰਨ ਹੋਇਆ ਸੀ.ਬਗਾਵਤ ਤੋਂ ਬਾਅਦ, ਸਿਪਾਹੀਆਂ ਦੀ ਭਰਤੀ ਵਿਚ ਤਬਦੀਲੀ ਆਈ , ਖ਼ਾਸਕਰ ਰਾਜਪੂਤਾਂ, ਸਿੱਖ, ਗੋਰਖਿਆਂ, ਪਸ਼ਤੂਨ, ਗੜਵਾਲੀਆਂ , ਅਹੀਰਾਂ, ਮੋਹਿਆਲ, ਡੋਗਰਾਂ, ਜਾਟਾਂ ਅਤੇ ਬਲੋਚੀਆਂ ਤੋਂ। ਅੰਗਰੇਜ਼ਾਂ ਦੁਆਰਾ ਇਨ੍ਹਾਂ ਜਾਤੀਆਂ ਨੂੰ ÷ਲੜਾਕੂ ਜਾਤੀਆਂ÷ ਕਿਹਾ ਜਾਂਦਾ ਸੀ. ÷ਇੰਡੀਅਨ ਆਰਮੀ÷ ਦੇ ਅਰਥ ਸਮੇਂ ਦੇ ਨਾਲ ਬਦਲ ਗਏ: 1858ਤੋਂ 1894 ਤੱਕ ਬੰਗਾਲ ਆਰਮੀ, ਮਦਰਾਸ ਆਰਮੀ ਅਤੇ ਬੰਬੇ ਆਰਮੀ.ਕਿਹਾ ਜਾਂਦਾ ਸੀ । 1895 ਤੋਂ 1902ਤੱਕ ÷ਭਾਰਤ ਸਰਕਾਰ ਦੀ ਫੌਜ÷ ਕਿਹਾ ਜਾਂਦਾ ਸੀ, ਜਿਸ ਵਿੱਚ ਬ੍ਰਿਟਿਸ਼ ਅਤੇ ਭਾਰਤੀ (ਸਿਪਾਹੀ) ਇਕਾਈਆਂ ਨੂੰ ਸ਼ਾਮਲ ਕੀਤਾ ਹੋਇਆ ਸੀ । ? 1903 ਤੋਂ 1947 ਤੱਕ ਭਾਰਤ ਵਿਚ ਬ੍ਰਿਟਿਸ਼ ਆਰਮੀ ਜੋ ਬ੍ਰਿਟਿਸ਼ ਫੌਜੀ ਇਕਾਈਆਂ ਤੋਂ ਬਣੀ ਹੋਈ ਸੀ, ਜਿਸ ਲਈ ਬ੍ਰਿਟਿਸ਼ ਫੌਜੀਆਂ ਨੂੰ ਭਾਰਤ ਵਿਚ ਡਿਊਟੀ ਦੇ ਦੌਰੇ ਲਈ ਨਿਯੁਕਤ ਕੀਤਾ ਗਿਆ ਸੀ, ਜਿਸ ਤੋਂ ਬਾਅਦ ਉਨ੍ਹਾਂ ਨੂੰ ਜਾਂ ਤਾਂ ਸੰਯੁਕਤ ਰਾਸ਼ਟਰ ਜਾਂ ਹੋਰ ਸਾਮਰਾਜ ਵਾਪਸ ਭੇਜ ਦਿੱਤਾ ਗਿਆ ਸੀ।ਭਾਰਤ ਦੀ ਫੌਜ ਜਿਸ ਵਿਚ ਭਾਰਤੀ ਫੌਜ ਅਤੇ ਬ੍ਰਿਟਿਸ਼ ਫੌਜ ਦੋਵੇਂ ਸ਼ਾਮਲ ਸਨ.. 15 ਅਗਸਤ 1947 ਨੂੰ ਆਜ਼ਾਦੀ ਮਿਲਣ ਤੇ ਕੇ.ਐਮ. ਕਰੀਅੱਪਾ ਅਤੇ ਕੇ.ਐੱਸ. ਰਾਜਿੰਦਰ ਸਿੰਘ ਜੀ ਨੂੰ ਬ੍ਰਿਗੇਡੀਅਰ ਤੋਂ ਮੇਜਰ-ਜਨਰਲ ਦੇ ਅਹੁਦੇ ਲਈ ਤਰੱਕੀ ਦਿੱਤੀ ਗਈ; ਉਸ ਸਮੇਂ 12 ਹੋਰ ਭਾਰਤੀ ਅਧਿਕਾਰੀਆਂ ਨੇ ਬ੍ਰਿਗੇਡੀਅਰ ਦਾ ਅਹੁਦਾ ਸੰਭਾਲਿਆ ਸੀ। 1947 ਦੇ ਅੰਤ ਤੱਕ, ਕੁਲ 13 ਭਾਰਤੀ ਮੇਜਰ-ਜਰਨੈਲ ਅਤੇ 30 ਭਾਰਤੀ ਬ੍ਰਿਗੇਡੀਅਰ ਸਨ, ਤਿੰਨੋਂ ਫੌਜ ਦੀਆਂ ਕਮਾਂਡਾਂ ਦੀ ਅਗਵਾਈ ਅਕਤੂਬਰ 1948 ਤੱਕ ਭਾਰਤੀ ਅਧਿਕਾਰੀਆਂ ਦੁਆਰਾ ਕੀਤੀ ਗਈ ਸੀ, ਜਿਸ ਸਮੇਂ ਕੇਵਲ 260 ਬ੍ਰਿਟਿਸ਼ ਅਧਿਕਾਰੀ ਸਲਾਹਕਾਰ ਵਜੋਂ ਨਵੀਂ ਭਾਰਤੀ ਫੌਜ ਵਿੱਚ ਰਹੇ। ਜਾਂ ਕੁਝ ਤਕਨੀਕੀ ਯੋਗਤਾਵਾਂ ਦੀ ਜ਼ਰੂਰੀ ਪੋਸਟਾਂ ਵਿਚ.21] ਅਪ੍ਰੈਲ 1948 ਤੋਂ, ਵਾਈਸਰਾਇ ਦੇ ਸਾਬਕਾ ਕਮਿਸ਼ਨਡ ਅਫਸਰਾਂ (ਵੀ.ਸੀ.ਓ.) ਨੂੰ ਮੁੜ ਜੂਨੀਅਰ ਕਮਿਸ਼ਨਡ ਅਫਸਰ (ਜੇ.ਸੀ.ਓ.) ਨਾਮਜ਼ਦ ਕੀਤਾ ਗਿਆ, ਕਿੰਗਜ਼ ਕਮਿਸ਼ਨਡਡ ਭਾਰਤੀ ਅਧਿਕਾਰੀਆਂ (ਕੇ.ਸੀ.ਆਈ.ਓ.) ਅਤੇ ਭਾਰਤੀ ਕਮਿਸ਼ਨਡ ਅਫਸਰਾਂ (ਆਈ.ਸੀ.ਓ.) ਵਿਚਲੇ ਅੰਤਰ ਨੂੰ ਖ਼ਤਮ ਕਰ ਦਿੱਤਾ ਗਿਆ ਅਤੇ ਭਾਰਤੀ ਹੋਰ ਅਹੁਦਿਆਂ ਨੂੰ ਦੁਬਾਰਾ ਬਣਾਇਆ ਗਿਆ - ਇਸ ਸਮੇਂ ਦੌਰਾਨ, ਭਾਰਤ ਦੀਆਂ ਹਥਿਆਰਬੰਦ ਸੈਨਾਵਾਂ ਕਈ ਮਹੱਤਵਪੂਰਨ ਫੌਜੀ ਕਾਰਵਾਈਆਂ ਵਿੱਚ ਸ਼ਾਮਲ ਸਨ, ਖ਼ਾਸਕਰ 1947 ਦੀ ਹਿੰਦ-ਪਾਕਿ ਜੰਗ ਅਤੇ ਆਪ੍ਰੇਸ਼ਨ ਪੋਲੋ, ਸਤੰਬਰ 1948 ਵਿੱਚ ਇੱਕ ਫੌਜੀ ਕਾਰਵਾਈ ਦਾ ਕੋਡ ਨਾਮ ਸੀ, ਜਿਥੇ ਭਾਰਤੀ ਹਥਿਆਰਬੰਦ ਸੈਨਾਵਾਂ ਨੇ ਰਾਜ ਉੱਤੇ ਹਮਲਾ ਕੀਤਾ ਸੀ। ਹੈਦਰਾਬਾਦ ਅਤੇ ਇਸ ਦੇ ਨਿਜ਼ਾਮ ਦਾ ਤਖਤਾ ਪਲਟਿਆ, ਜਿਸ ਨੂੰ ਰਾਜ ਨੇ ਭਾਰਤੀ ਸੰਘ ਵਿੱਚ ਸ਼ਾਮਲ ਕਰ ਲਿਆ। 15 ਜਨਵਰੀ 1949 ਨੂੰ, ਜਨਰਲ ਕੇ ਐਮ ਕਰੀਅੱਪਾ ਨੂੰ ਭਾਰਤੀ ਸੈਨਾ ਦਾ ਪਹਿਲਾ ਕਮਾਂਡਰ-ਇਨ-ਚੀਫ਼ ਨਿਯੁਕਤ ਕੀਤਾ ਗਿਆ ਸੀ। ਜਿਸ ਕਰਕੇ ਹੁਣ ਹਰ ਸਾਲ 15 ਜਨਵਰੀ ਨੂੰ ਸੈਨਾ ਦਿਵਸ ਦੇ ਤੌਰ ਮਨਾਇਆ ਜਾਂਦਾ ਹੈ।

**ਸੂਬੇਦਾਰ ਜਸਵਿੰਦਰ ਸਿੰਘ ਭੁਲੇਰੀਆ ਮਮਦੋਟ**
**[ਫਿਰੋਜ਼ਪੁਰ ]7589155501**

# "ਤਖਤਿ ਬਹੈ ਤਖਤੈ ਕੀ ਲਾਇਕ"

ਪਾਤਸ਼ਾਹ ਹਜ਼ੂਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਿਧਾਂਤ "ਤਖਤਿ ਬਹੈ ਤਖਤੈ ਕੀ ਲਾਇਕ" ਭਾਵ ਤਖ਼ਤ 'ਤੇ ਉਹ ਹੀ ਬੈਠ ਸਕਦਾ ਜੋ ਉਸ ਤਖ਼ਤ ਦੇ ਲਾਇਕ ਹੋਵੇ ਪਰ ਸਮੇਂ ਦੇ ਹੁਕਮਰਾਨਾਂ ਦੀ ਤਸਵੀਰ ਜੋ ਸਾਹਮਣੇ ਹੈ ਉਸ ਨੂੰ ਦੇਖ ਕੇ ਆਪਣੇ ਆਪ 'ਤੇ ਸ਼ਰਮ ਆਉਂਦੀ ਏ ਕਿ ਅਸੀਂ ਕਿਹੜੇ ਲੋਕਾਂ ਨੂੰ ਤਖ਼ਤ 'ਤੇ ਚੜ੍ਹਾ ਦਿੱਤਾ ਹੈ ਜੋ ਉਸ ਤਖ਼ਤ ਦੇ ਲਾਇਕ ਹੀ ਨਹੀਂ ਸੀ। ਅਸੀਂ ਅੱਜ ਜੋ ਹਾਲਾਤ ਦੇਖ ਰਹੇ ਆ, ਉਸ ਦੇ ਜ਼ਿੰਮੇਵਾਰ ਅਸੀਂ ਕਿਤੇ ਨ ਕਿਤੇ ਖੁਦ ਵੀ ਹਾਂ ਕਿਉਂਕਿ ਅਸੀਂ ਉਨ੍ਹਾਂ ਹੱਥ ਦੇਸ਼ ਦੇ ਦਿੱਤਾ ਜੋ ਕੇਵਲ ਆਪਣਾ ਸੋਚ ਦੇ ਨੇ, ਲੋਕਾਈ ਤੋਂ ਸਿਰਫ਼ ਇਨ੍ਹਾਂ ਨੂੰ ਵੋਟ ਚਾਹੀਦੀ ਹੈ। ਅਜਿਹੇ ਹੁਕਮਰਾਨ ਦੇਸ਼ ਨੂੰ ਇਕ ਨਹੀਂ ਰਹਿਣ ਦੇਂਦੇ ਆਪਣੇ ਹਿੱਤ ਲਈ ਇਹ ਧਰਮ ਦੇ ਨਾਮ ਉੱਤੇ ਵੰਡੀਆਂ ਪਾ ਦਿੰਦੇ ਨੇ, ਲੋਕਾਂ ਵਿਚ ਆਪਸੀ ਦੁਸ਼ਮਣੀ ਪਵਾ ਕੇ ਰਾਜਨੀਤੀ ਦੀਆ ਰੋਟੀਆਂ ਸੇਕਦੇ ਨੇ, ਜੋ ਇਨ੍ਹਾਂ ਬਾਰੇ ਲਿਖਦੇ ਜਾਂ ਗੀਤਾਂ ਰਾਹੀ ਸਮੇਂ ਦੇ ਹਾਲਾਤਾ ਨੂੰ ਬਿਆਨ ਕਰਦੇ ਜਾਂ ਵੰਗਾਰਦੇ ਨੇ ਉਨ੍ਹਾਂ ਨੂੰ ਦੇਸ਼ ਵਿਚ ਅਸ਼ਾਂਤੀ ਫੈਲਾਉਣ ਵਾਲੇ ਦਸਦੇ ਆ, ਜਿਨਾਂ ਭ੍ਰਿਸ਼ਟਾਚਾਰ ਰਾਜਨੀਤੀ ਵਿਚ ਆ ਦੇਸ਼ ਨੂੰ ਬਰਬਾਦ ਕਰਨ ਦਾ ਮੈਨੂੰ ਨਹੀਂ ਲੱਗਦਾ ਕਿਸੇ ਹੋਰ ਖੇਤਰ ਵਿਚ ਹੋਵੇਗਾ। ਸਰਕਾਰ ਆਮ ਵਰਗ ਦੀ ਨਹੀਂ, ਇਹ ਸਮੇਂ ਨੇ ਦੱਸ ਦਿੱਤਾ ਏ, ਪਰ ਹੁਣ ਵਾਰੀ ਸਾਡੀ ਆ ਇਹ ਦੱਸਣ ਦੀ ਕਿ ਜੇ ਸਰਕਾਰ ਕਿਸਾਨੀ ਵਰਗ ਨਾਲ ਨਹੀਂ ਤਦ ਉਹ ਸਰਕਾਰ ਕਹਾਉਣ ਦੇ ਲਾਇਕ ਨਹੀਂ ਉਸ ਲਈ ਫੇਰ ਅਸੀਂ ਗੁਰ ਬੁਝ (ਧੋਖੇਬਾਜ਼) ਲੋਕਾਂ ਦੀ ਪਾਰਟੀ ਕਹਿ ਸਕਦੇ ਆ। 'ਲੋਕਤੰਤਰ' ਸ਼ਬਦ ਦਾ ਗਿਆਨ ਸਾਡੇ ਲੀਡਰਾਂ ਨੂੰ ਹੈ ਨਹੀਂ, ਵੱਡੇ ਅਹੁਦੇ ਉਨ੍ਹਾਂ ਨੂੰ ਦਿੱਤੇ ਗਏ ਜਿਨ੍ਹਾਂ ਨੂੰ ਉਸ ਖੇਤਰ ਦੀ ਸੋਝੀ ਹੀ ਨਹੀਂ, ਉਹ ਕਿਵੇਂ ਇਨਸਾਫ਼ ਕਰੂ ਉਸ ਕਿੱਤੇ ਨਾਲ ਜੁੜੇ ਲੋਕਾਂ ਦਾ ਤੇ ਕਿਵੇਂ ਅਸੀਂ ਅਜਿਹੇ ਲੀਡਰਾਂ ਤੋਂ ਸੱਚ ਦੀ ਉਮੀਦ ਕਰ ਸਕਦੇ ਜੋ ਪਲ-ਪਲ ਝੂਠ 'ਤੇ ਚਲ ਕੇ ਲੋਕਾਂ ਨੂੰ ਗੁਮਰਾਹ ਕਰਦੇ ਨੇ। ਇਸ ਲਈ ਅੱਜ ਦੀ ਮੰਗ ਏ ਹੈ ਕਿ ਅਜਿਹੇ ਕਿਸੇ ਵੀ ਨੇਤਾ ਨੂੰ ਉਹ ਅਹੁਦਾ ਨਾ ਦਿੱਤਾ ਜਾਵੇ ਜਿਸ ਨੂੰ ਉਸ ਦਾ ਗਿਆਨ ਹੀ ਨਹੀਂ ਏ। ਲੋਕਤੰਤਰ ਨੂੰ ਲੋਕਤੰਤਰ ਬਣਾਉਣਾ ਏ ਨਾ ਕਿ ਸ਼ਬਦਾ ਦੇ ਡੱਬੇ ਵਿਚ ਬੰਦ ਕਰ ਕੇ ਰੱਖਣਾ, ਕਿਸਾਨੀ ਸੰਘਰਸ਼ ਕਿਸਾਨਾਂ ਦਾ ਨਾ ਰਹਿ ਕੇ ਉਸ ਹਰ ਇਨਸਾਨ ਦਾ ਏ ਜੋ ਰੋਟੀ ਖਾ ਰਿਹਾ ਨਾ ਕਿ ਰੁਪਏ ਨੂੰ ਵੇਖ ਕੇ ਢਿੱਡ ਭਰ ਰਿਹਾ। ਸਾਨੂੰ ਅਜਿਹੀ ਸਰਕਾਰ ਨੂੰ ਅਗਾਂਹ ਕਦੇ ਨਹੀਂ ਲਿਆਉਣਾ ਚਾਹੀਦਾ ਜੋ ਆਮ ਲੋਕਾਈ ਦੇ ਹਿੱਤਾ ਦੀ ਰੱਖਿਆ ਹੀ ਨ ਕਰ ਸਕੇ। ਅਜਿਹੇ ਲੀਡਰਾਂ ਨੂੰ ਰਾਜਨੀਤੀ ਵਿਚ ਹੀ ਨਹੀਂ ਲਿਆਉਣਾ ਚਾਹੀਦਾ ਜੋ ਆਮ ਵਰਗ ਦੇ ਹਿੱਤ ਵਿਚ ਅਵਾਜ਼ ਹੀ ਨਾ ਚੁੱਕ ਸਕਣ, ਲੋੜ ਏ ਸਾਨੂੰ ਆਪਣੇ ਹਿੱਤਾਂ ਦੀ ਰੱਖਿਆ ਲਈ ਆਪਣੇ ਵਿਚੋਂ ਲੀਡਰ ਚੁਣਣ ਦੀ ਤਾਂ ਹੀ ਅਸੀਂ ਆਪਣੀ ਆਣ ਵਾਲੀ ਪੀੜ੍ਹੀ ਨੂੰ ਅਜਿਹੇ ਮਹੌਲ (ਮੱਕਾਰ) ਲੋਕਾਂ ਤੋਂ ਬਚਾ ਸਕੀਏ ਤਾਂ ਜੋ ਹਾਲਾਤ ਅਸੀਂ ਦੇਖ ਰਹੇ ਹਾਂ ਜਾਂ ਹੰਢਾ ਰਹੇ ਹਾਂ ਉਹ ਸਾਡੀ ਆਉਣ ਵਾਲੀ ਪੀੜ੍ਹੀ ਨੂੰ ਆਪਣੇ 'ਤੇ ਨਾ ਹੰਢਾਉਣੇ ਪੈਣ।

**ਸਰਬਜੀਤ ਕੌਰ 'ਸਰਬ'**

# ਕਹਾਣੀ- ਹੰਝੂਆਂ ਦੇ ਦੀਵੇ

ਦੀਵਾਲੀ ਦੇ ਦਿਨ ਸੀ। ਬਾਜ਼ਾਰਾਂ 'ਚ ਪੂਰੀ ਰੌਣਕ ਸੀ। ਭੀੜ ਨੂੰ ਚੀਰਦੀ ਹੋਈ ਐਂਬੂਲੰਸ ਮੌਤ ਦੀ ਬੁੱਕਲ ਵਿੱਚ ਸਮੋਈ ਮਾਂ ਨੂੰ ਲੈ ਕੇ ਘਰੇ ਪਰਤ ਰਹੀ ਸੀ। ਉਹ ਘਰ ਜਿਸਨੂੰ ਉਸਨੇ ਸਾਰੀ ਉਮਰ ਆਪਣਾ-ਆਪ ਖਪਾ ਕੇ ਖੜਾ ਕੀਤਾ। ਅੱਜ ਉਸਦੇ ਐਸ਼ ਕਰਨ ਦੇ ਦਿਨ ਆਏ ਤਾਂ ...। ਮਨ ਦੇ ਵਲਵਲੇ ਸਾਂਭੇ ਨਹੀਂ ਸੀ ਜਾ ਰਹੇ, ਮਨ ਭਰ ਭਰ ਆ ਰਿਹਾ ਸੀ।

ਅਜੇ ਕੁਝ ਦਿਨ ਪਹਿਲਾਂ ਦੀਆਂ ਗੱਲ ਸੀ ਜਦ ਲੁਧਿਆਣੇ ਦੇ ਵੱਡੇ ਹਸਪਤਾਲ 'ਚ ਪਈ ਮਾਂ ਪੂਰੀ ਸੁਧ-ਬੁੱਧ 'ਚ ਵਧੀਆ ਗੱਲਾਂ ਕਰ ਰਹੀ ਸੀ।' ਪੁੱਤ ਮੈਂ ਠੀਕ ਆ ਹੁਣ, ਮੈਨੂੰ ਘਰੇ ਲੈ ਚੱਲੋਂ। ਇੱਕ ਵਾਰੀ ਐਥੋਂ ਲੈ ਜੋ.. ਮੈਂ ਚਾਹੁਣੀ ਆ ਮੇਰੀ ਜਾਨ ਘਰੇ ਨਿਕਲੇ '।

ਮੈਂ ਭਰੇ ਮਨ ਨਾਲ ਉਸਦਾ ਹੱਥ ਘੁਟਦਿਆਂ ਹੌਸਲਾ ਦਿੰਦਿਆਂ ਕਿਹਾ," ਬੀਬੀ ਤੂੰ ਠੀਕ ਐ, ਦੋ ਚਾਰ ਦਿਨਾਂ ਨੂੰ ਛੁੱਟੀ ਮਿਲਜੂ। ਫ਼ਿਰ ਆਪਾਂ ਘਰੇ ਚਲੇ ਜਾਵਾਂਗੇ"।

ਮੇਰੀ ਮਾਂ ਦਾ ਨਾਂ ਬਿਮਲਾ ਸੀ, ਜੋ ਬਾਣੀਆਂ ਵਾਲਾ ਨਾਓਂ ਸੀ। ਭਾਵੇਂ ਕਿ ਬਾਅਦ ਵਿੱਚ ਉਸਦਾ ਨਾਂ ਰਣਜੀਤ ਕੌਰ ਰੱਖ ਦਿੱਤਾ ਪਰ ਉਸਨੂੰ ਸਾਰੇ ਬਿੰਬੋ ਕਹਿ ਕੇ ਹੀ ਬੁਲਾਉਂਦੇ। ਬਿੰਬੋ ਚਾਰ ਭਾਈਆਂ ਦੀ ਇਕੱਲੀ ਭੈਣ ਸੀ। ਚਾਰੇ ਭਾਈ ਚੰਗਾ ਪੜ੍ਹੇ-ਲਿਖੇ ਤੇ ਵੱਡੇ ਸਰਕਾਰੀ ਆਹੁਦਿਆਂ 'ਤੇ ਅਫ਼ਸਰ। ਬਿੰਬੋ ਆਪ ਕੋਰੀ ਅਨਪੜ ਸੀ ਪਰ ਦਿਮਾਗ ਅਤੇ ਸੋਚ ਪੜ੍ਹਿਆ ਲਿਖਿਆ ਤੋਂ ਕਿਤੇ ਵੱਧ ਸੀ। ਉਹ ਬੜੇ ਮਾਣ ਨਾਲ ਕਹਿੰਦੀ ," ਕੀ ਹੋਇਆ ਮੈਂ ਪੜ੍ਹੀ ਨਹੀਂ ਪਰ ਪੜ੍ਹਿਆ ਲਿਖਿਆ ਭਾਈਆਂ ਦੀ ਭੈਣ ਆ"।

ਉਸਦੇ ਚੰਗੇ ਸੁਭਾਓ ਅਤੇ ਜੁਬਾਨ ਦੀ ਮਿਠਾਸ ਨੇ ਸਮਾਜ ਵਿੱਚ ਚੰਗੀ ਵਡਿਆਈ ਖੱਟੀ। ਕੰਮਕਾਰ ਦੀ ਉਹ ਪਹਿਲੇ ਦਿਨੋਂ ਹੀ ਸਹੁਨੰਗੀ ਸੀ। ਘਰ ਦੀਆਂ ਤੰਗੀਆਂ ਨੇ ਉਸਨੂੰ ਨਿਆਣੀ ਉਮਰੇਂ ਹੀ ਮੇਹਨਤੀ ਅਤੇ ਅਣਥੱਕ ਬਣਾ ਦਿੱਤਾ ਸੀ। ਚੁੱਲ੍ਹੇ-ਚੌਂਕੇ ਦੇ ਨਾਲ ਨਾਲ ਉਸਨੇ ਘਰ ਦੇ ਹਰੇਕ ਕੰਮ ਵਿੱਚ ਮੁਹਾਰਤ ਹਾਸਲ ਕੀਤੀ। ਤਾਣੀ-ਤੰਦ, ਕੱਤਣਾ-ਟੁੰਮਣਾ ਦੇ ਨਾਲ ਨਾਲ ਸਾਂਝੇ ਪਰਿਵਾਰਾਂ ਵਿੱਚ ਨਰਮੇ-ਕਪਾਹਾਂ ਵੀ ਚੁਗੇ। ਸਾਰਾ ਹੀ ਪਰਿਵਾਰ ਬਹੁਤ ਮੇਹਨਤੀ ਸੀ। ਨਾਨਕਿਆਂ ਦਾ ਸਾਂਝਾ ਵੱਡਾ ਪਰਿਵਾਰ ਸੀ। ਹਿੱਸੇ-ਠੇਕੇ 'ਤੇ ਜ਼ਮੀਨ ਵਾਹੁਦੇ ਸੀ। ਇਸੇ ਮੇਹਨਤ ਅਤੇ ਹਾਲਾਤਾਂ ਨੇ ਮਾਮਿਆਂ ਨੂੰ ਚੰਗਾ ਪੜ੍ਹ ਕੇ ਕੁਝ ਬਣਨ ਲਈ ਪ੍ਰੇਰਿਤ ਕੀਤਾ ਸੀ। ਮਾਵਾਂ-ਧੀਆਂ ਸਾਰਾ ਦਿਨ ਊਰੀ ਵਾਂਗੂ ਉਧੜਦੀਆਂ ਭੋਰਾ ਵੀ ਨਾ ਥੱਕਦੀਆਂ।

ਜਦ ਮਾਂ ਵਿਆਹੀ ਆਈ ਸੀ ਤਾਂ ਉਸਨੇ ਸਹੁਰੇ ਪਰਿਵਾਰ ਵਿਚਲੇ ਸਾਂਝੇ ਪਰਿਵਾਰਾਂ ਵਾਲੀ ਪਿਰਤ ਨੂੰ ਕਾਇਮ ਰੱਖਿਆ। ਇੱਕੋ ਚੁੱਲ੍ਹੇ 'ਤੇ ਤਿੰਨ ਪਰਿਵਾਰਾਂ ਦਾ ਰੋਟੀ-ਪਾਣੀ ਤਿਆਰ ਹੁੰਦਾ। ਘਰ ਦੇ ਕੰਮ ਕਾਰ ਵੀ ਰਲ ਮਿਲ ਕੇ ਕਰਦੇ। ਦਾਦੇ ਹੁਰੀਂ ਸਕੇ ਭਾਈ ਸੀ ਤੇ ਦਾਦੀਆਂ ਵੀ ਅੱਗੋਂ ਸਕੀਆਂ ਭੈਣਾਂ। ਭਾਵੇਂ ਮੇਰਾ ਬਾਪੂ, ਮਾਂ ਦਾ ਇਕੱਲਾ ਪੁੱਤ ਸੀ ਪਰ ਸਾਰਿਆਂ ਵਿੱਚ ਸਕਿਆਂ ਨਾਲੋਂ ਵੱਧ ਪਿਆਰ ਸੀ। ਪਿੰਡ ਵਿੱਚ ਤਾਂ ਬਹੁਤਿਆਂ ਨੂੰ ਇਹ ਪਤਾ ਵੀ ਨਹੀ ਸੀ ਕਿ ਇਹ ਮਾਸੀਆਂ ਦੇ ਪੁੱਤ ਹਨ। ਘਰ ਵਿੱਚ ਰੌਣਕ ਲੱਗੀ ਰਹਿੰਦੀ। ਘਰ ਦੇ ਕੰਮ ਨਿਬੇੜ ਕੇ ਆਂਢ-ਗੁਆਂਢ ਦੀਆਂ ਕੁੜੀਆਂ ਆਪਣੇ-ਆਪਣੇ ਚਰਖੇ ਲੈ ਕੇ ਦਰਵਾਜ਼ੇ ਆ ਜਾਂਦੀਆਂ। ਕੋਈ ਆਪਣੇ ਚਾਦਰ 'ਤੇ ਵੇਲ-ਬੂਟੀਆਂ ਪਾਈ ਜਾਂਦੀ, ਕੋਈ ਗਲੋਟੇ ਲਾਹੀਂ ਜਾਂਦੀ। ਇਹ ਰੌਣਕਾਂ ਮੇਰੀ ਮਾਂ ਕਰਕੇ ਹੀ ਲੱਗਣ ਲੱਗੀਆਂ ਸੀ ਕਿਉਂਕਿ ਇਹ ਕੰਮ ਪਹਿਲਾਂ ਤੋਂ ਹੀ ਜਾਣਦੀ ਹੋਣ ਕਰਕੇ ਉਸਨੇ ਮੇਰੇ ਤਾਏ ਦੀਆਂ ਕੁੜੀਆਂ ਨੂੰ ਵੀ ਸਿਖਾਇਆ। ਉਸਨੇ ਤੰਦ-ਤਾਣੀ , ਦਰੀਆਂ ਖੇਸ਼ ਤੇ ਨਾਲੇ ਬੁਣਨ ਦਾ ਕੰਮ ਸਿਖਾਇਆ। ਉਸਦੀਆਂ ਬੁਣੀਆਂ ਚਾਦਰਾਂ 'ਤੇ ਪਾਏ ਨਵੇਂ ਨਵੇਂ ਡਿਜ਼ਾਇਨ ਵੇਖ ਆਸ ਗੁਆਂਢ ਦੀਆਂ ਔਰਤਾਂ ਉਸਦੇ ਸਹੁਨਗੀ ਹੋਣ ਦੀ ਸਿਫ਼ਤ ਕਰਦੀਆਂ। ਮੇਰੀ ਮਾਂ ਦੀ ਸਿਫ਼ਤ ਸੀ ਕਿ ਜੇ ਕਿਸੇ ਦੀ ਚਾਦਰ ਦਾ ਨਵਾਂ ਡਿਜ਼ਾਇਨ ਉਸਨੂੰ ਪਸੰਦ ਆ ਜਾਂਦਾ ਤਾਂ ਉਹ ਧਾਂਗਿਆਂ ਦੇ ਜੋਟਿਆਂ ਦਾ ਹਿਸਾਬ ਲਾ ਕੇ ਦਿਨਾਂ ਵਿੱਚ ਹੀ ਲਾਹ ਲੈਂਦੀ। ਅਨਪੜ੍ਹ ਹੁੰਦਿਆਂ ਹੋਏ ਵੀ ਇਸ ਵਿੱਚ ਉਸਦੀ ਆਪਣੀ ਕਲਾ ਹੁੰਦੀ ਸੀ। ਪਹਿਲਾਂ ਪਿੰਡ ਵਾਲਾ ਘਰ ਕੱਚੀ ਮਿੱਟੀ ਦਾ ਸੀ। ਦੀਵਾਲੀ ਤੋਂ ਪਹਿਲਾਂ ਸਾਰੇ ਘਰ ਨੂੰ ਪਾਂਡੂ ਮਿੱਟੀ ਦੀ ਤਲੀ ਦੇ ਕੇ ਸੰਵਾਰਿਆਂ ਜਾਂਦਾ। ਕੰਧਾਂ-ਕੰਧੋਲੀਆਂ 'ਤੇ ਮਿੱਟੀ ਦੇ ਤੋਤੇ, ਮੋਰ ਬਣਾ ਕੇ ਰੰਗ ਭਰ ਕੇ ਮਨਮੋਹਣੀ ਦਿੱਖ ਦਿੱਤੀ ਜਾਂਦੀ। ਮਾਂ ਆਪ ਬੜੀ ਹਿੰਮਤੀ ਸੀ, ਕੰਮ ਕਰਦੀ ਨਾ ਅੱਕਦੀ ਸੀ-ਨਾ ਥੱਕਦੀ ਸੀ। ਉਸਦੀ ਰੀਸ ਨਾਲ ਘਰ ਦੇ ਬਾਕੀ ਜੀਅ ਵੀ ਕੰਮ ਵਿੱਚ ਲੱਗੇ ਰਹਿੰਦੇ। ਦੀਵਾਲੀ ਵਾਲੇ ਦਿਨ ਗੁੜ ਵਾਲਾ ਆਟਾ ਗੁਣ ਕੇ 'ਮੱਠੀਆਂ' ਸਕਰਪਾਰੇ, ਚੌਲਾਂ ਦੀਆਂ ਪਿੰਨੀਆਂ ਆਦਿ ਬਣਾਉਂਦੀ। ਫਿਰ ਕੁਝ ਸਾਲ ਪਿੰਡ ਰਹਿਣ ਮਗਰੋਂ ਜਦ ਸਾਡਾ ਪਰਿਵਾਰ ਸ਼ਹਿਰ ਆਇਆਂ ਤਾਂ ਉਸਨੇ ਸ਼ਹਿਰੀ ਮਾਹੌਲ ਵਿੱਚ ਵੀ ਪਿੰਡਾਂ ਵਾਲੀ ਭਾਈਚਾਰਕ ਸਾਂਝ ਤੇ ਮਿਲਵਰਤਣ ਰੱਖਿਆ। ਇਹੋ ਕਾਰਣ ਸੀ ਕਿ ਉਸਦੇ ਨਿੱਘੇ ਸੁਭਾਓ ਅਤੇ ਚੰਗੇਪਣ ਦੀਆਂ ਸਿਫ਼ਤਾਂ ਹਰ ਕੋਈ ਕਰਦਾ। ਇਕ ਗਲ ਹੋਰ ਉਸਨੂੰ ਆਪਣੇ ਕਲਚਰ, ਵਿਰਸੇ ਤੇ ਰੀਤੀ ਰਿਵਾਜ਼ਾਂ ਦਾ ਬਹੁਤ ਗਿਆਨ ਸੀ। ਵਿਆਹ ਮੌਕੇ ਸ਼ਗਨਾਂ ਦੇ ਗੀਤ, ਸੁਹਾਗ ਘੋੜੀਆਂ, ਦੋਹੇ ਲਾਉਣੇ, ਸਿੱਠਣੀਆਂ, ਛੰਦ ਉਸਦੇ ਮੂੰਹ ਜੁਬਾਨੀ ਯਾਦ ਸੀ। ਗੁਆਂਢ ਵਿੱਚ ਕਿਸੇ ਦੇ ਵਿਆਹ ਹੋਣਾ ਤਾਂ ਉਹ ਰੌਣਕਾਂ ਲਾ ਦਿੰਦੀ। ਪਹਿਲੇ ਸਮਿਆਂ ਵਿੱਚ ਜੰਝ ਬੰਨਣ ਦਾ ਰਿਵਾਜ਼ ਹੁੰਦਾ ਸੀ ਜੋ ਕਾਵਿ ਰੂਪੀ ਛੰਦਾਂ ਬੰਦੀ ਵਿੱਚ ਬੰਨ੍ਹੀ ਤੇ ਛੁਡਾਈ ਜਾਂਦੀ। ਮਾਂ ਨੂੰ ਇਹ ਚੰਗੀ ਤਰ੍ਹਾਂ ਯਾਦ ਸੀ, ਉਸਨੇ ਇਸ ਖਤਮ ਹੋਈ ਰਸਮ ਬਾਰੇ ਅਖਬਾਰ ਵਿੱਚ ਲੇਖ ਲਿਖਣ ਵਿੱਚ ਵੀ ਮੈਨੂੰ ਵੱਡਮੁੱਲੀ ਜਾਣਕਾਰੀ ਦਿੱਤੀ। ਮੈਨੂੰ ਅਕਸਰ ਹੀ ਲੱਗਦਾ ਹੁੰਦਾ ਕਿ ਕਿ ਜਿਵੇਂ ਆਪਣੇ



ਸੱਭਿਆਚਾਰ, ਵਿਰਸੇ ਬਾਰੇ ਲਿਖਣ ਪਿੱਛੇ ਮੇਰੇ ਮਾਂ ਦਾ ਹੀ ਵੱਡਾ ਹੱਥ ਹੈ।

ਉਸ ਵਿੱਚ ਸੰਜਮ ਅਤੇ ਸਹਿਣ ਸ਼ੀਲਤਾ ਬਹੁਤ ਸੀ। ਉਹ ਦਿਲ ਦੀ ਸਾਫ਼ ਸੀ, ਕੋਈ ਉਸਨੂੰ ਕੁਝ ਕਹਿ ਦਿੰਦਾ ਤਾਂ ਉਹ ਕੌੜਾ ਘੁੱਟ ਭਰ ਕੇ ਚੁੱਪ ਕਰ ਜਾਂਦੀ ਤੇ ਸਮਾਂ ਆਉਣ 'ਤੇ ਉਸਨੂੰ ਅਹਿਸਾਸ ਕਰਵਾਉਂਦੀ।

ਹਸਪਤਾਲ ਦੇ 'ਆਈ ਸੀ ਯੂ ' ਵਾਰਡ ਵਿੱਚ ਪਈ ਮਾਂ ਬਾਰੇ ਸੋਚਿਆ ਨਹੀਂ ਸੀ ਕਿ ਇਹ ਕੁਝ ਦਿਨਾਂ ਦੀ ਮਹਿਮਾਨ ਹੈ। ਬਾਕੀ ਮਰੀਜ਼ਾਂ ਨਾਲੋਂ ਉਸਦੀ ਹਾਲਤ ਬਹੁਤ ਚੰਗੀ ਸੀ। ਮੇਰੇ ਨਾਲ ਗੱਲਾਂ ਕਰਦੀ ਰਹਿੰਦੀ, ਮੈਂ ਉਸਦਾ ਸਿਰ ਕੰਘੀ ਕਰਦਾ,ਉਸਦੀਆਂ ਲੱਤਾਂ, ਢੂਹੀ ਘੁਟਦਾ। ਦੀਵਾਲੀ ਦੇ ਦਿਨ ਸੀ। ਹਸਪਤਾਲ ਬਹੁ-ਮੰਜਲੀ ਇਮਾਰਤ ਦੀ ਖਿੜਕੀ ਤੋਂ ਸ਼ਹਿਰ ਦਾ ਰੰਗੀਨ ਨਜ਼ਾਰਾਂ ਸਾਫ਼ ਨਜ਼ਰ ਆਉਂਦਾ ਸੀ ਮੈਂ ਸੁਭਾਵਕ ਹੀ ਕਿਹਾ, ' ਔਹ ਵੇਖ..ਦੀਵਾਲੀ ਦੀਆਂ ਰੌਣਕਾਂ..ਪਰਸੋਂ ਨੂੰ ਦੀਵਾਲੀ ਆ, ਆਪਾਂ ਪਿੰਡ ਜਾਵਾਂਗੇ। ਪਿੰਡ ਦਾ ਨਾਂ ਸੁਣ ਕੇ ਉਸਦੀਆਂ ਅੱਖਾਂ 'ਚੋਂ ਹੰਝੂ ਭਰ ਆਏ। ਜਦ ਮੈਂ ਕਿਹਾ ਕਿ ਬੀਬੀ ਰੋਂਦੀ ਕਿਉਂ ਏ,, ਤੈਨੂੰ ਕੋਈ ਤਕਲੀਫ਼ ਏ ਤਾਂ ਦੱਸ।

ਉਸਨੇ ਹੁੱਬਕੀ ਲੈਂਦਿਆ ਕਿਹਾ ' ਮੇਰੀ ਮਾਂ ਯਾਦ ਆ ਗਈ ਸੀ .. ਤਾ ਮਨ ਭਰ ਆਇਆ...'। ਇਸ ਤੋਂ ਅੱਗੇ ਉਹ ਕੁਝ ਬੋਲ ਨਾ ਸਕੀ। ਸਵੇਰ ਹੋਈ ਤਾਂ ਬੀਬੀ ਆਪਣੇ ਪਿੰਡ ਜਾ ਚੁੱਕੀ ਸੀ, ਆਪਣੀ ਮਾਂ ਕੋਲ। ਬਸ...ਉਹ ਦਿਨ ਤੇ ਆਹ ਦਿਨ .. ! ਸੱਤ ਸਾਲ ਹੋ ਗਏ ਬੀਬੀ ਨੂੰ ਛੱਡ ਕੇ ਗਿਆ। ਅੱਜ ਵੀ ਇਉਂ ਲੱਗਦਾ ਜਿਵੇਂ ਉਸਦੇ ਜਾਣ ਨਾਲ ਘਰ ਖਾਲੀ-ਖਾਲੀ ਹੋ ਗਿਆ ਹੋਵੇ। ਦੀਵਾਲੀ ਦੇ ਦਿਨਾਂ 'ਚ ਆ ਕੇ ਮਾਂ ਦੀਆਂ ਯਾਦਾਂ ਘੇਰ ਲੈਂਦੀਆਂ ਹਨ। ਦੀਵਾਲੀ ਦਾ ਦਿਨ ਮਨਾਉਂਦੇ ਇਉਂ ਲੱਗਦਾ ਜਿਵੇਂ ਦੀਵਿਆਂ 'ਚ ਤੇਲ ਦੀ ਬਜਾਏ ਯਾਦਾਂ ਦੇ ਹੰਝੂ ਬਾਲ ਰਿਹਾ ਹੋਵਾਂ।

**-ਸੁਰਜੀਤ ਜੱਸਲ**
**9814607737**

# ਕਿਸਾਨ ਵਿਰੋਧੀ ਬਿਲਾਂ ਖਿਲਾਫ ਬਣੀ ਲੋਕ ਲਹਿਰ ਸੁਭ ਸੰਕੇਤ

ਪੰਜਾਬ ਦੇ ਕਿਸਾਨਾਂ, ਪੰਜਾਬ ਦੀਆਂ ਕਿਸਾਨ ਜਥੇਬੰਦੀਆਂ, ਪੰਜਾਬੀ ਗਾਇਕਾਂ, ਕਲਾਕਾਰਾਂ ਦੁਆਰਾ ਇੱਕ ਸੁਰੂ ਕੀਤੀ ਕਿਸਾਨ ਵਿਰੋਧੀ ਮੁਹਿੰਮ ਹੁਣ ਲੋਕ ਲਹਿਰ ਬਣ ਚੁੱਕੀ ਹੈ। ਜਿਸ ਵਿੱਚ ਹੁਣ ਬਹੁਤ ਸਾਰੇ ਲੋਕ ਸਾਮਿਲ ਹੋ ਚੁੱਕੇ ਹਨ ।ਇਸ ਲਹਿਰ ਨੇ ਹੁਣ ਭਵਿੱਖ ਵਿੱਚ ਨਵੀਂ ਦਿਸਾ ਤਹਿ ਕਰਨੀ ਹੈ ।ਇਸ ਲਹਿਰ ਨੇ ਕਿਸੇ ਸਮੇਂ ਪੰਜਾਬ ਤੇ ਹਰਿਆਣਾ ਦਾ ਕੁਝ ਗਿਲਾ ਸਕਿਵਾ ਸੀ ਉਨ੍ਹਾਂ ਗਿਲੇ ਸਕਿਵਿਆਂ ਨੂੰ ਭੁਲਾ ਕੇ ਪੰਜਾਬ ਹਰਿਆਣਾ ਨੂੰ ਇੱਕਠੇ ਕਰ ਦਿੱਤਾ ਹੈ। ਦਿੱਲੀ ਵਿੱਚ ਲੱਗੇ ਧਰਨੇ ਵਿੱਚ ਕਿਸੇ ਤਰ੍ਹਾਂ ਦੀ ਪੰਜਾਬੀਆਂ ਵੱਲੋਂ ਕੋਈ ਗੜਬੜ ਨਾ ਕਰਨਾ ਦਿੱਲੀ ਦੇ ਲੋਕਾਂ ਅੱਗੇ ਪੰਜਾਬੀਆਂ ਦੇ ਉੱਚੇ ਕਿਰਦਾਰ ਨੂੰ ਉਜਾਗਰ ਕਰ ਦਿੱਤਾ ਹੈ ਜਿਸ ਨਾਲ ਦਿੱਲੀ ਦੇ ਲੋਕ ਵੀ ਇਸ ਲਹਿਰ ਵਿੱਚ ਕਿਸਾਨਾਂ ਨਾਲ ਆ ਖੜ੍ਹੇ ਹੋਏ ।ਜੇ ਗੱਲ ਕੀਤੀ ਜਾਵੇ ਕਾਰਪੋਰੇਟ ਘਰਾਣਿਆਂ ਦੀ ਅਡਾਨੀਆਂ ਅਲਬਾਨੀਆ ਦੀ ਜੋ ਬਹੁਤ ਸਾਰੀਆਂ ਪਾਰਟੀਆਂ ਨੂੰ ਫੰਡ ਦੇਕੇ ਕਨੂੰਨ ਆਪਣੇ ਪੱਖ ਵਿੱਚ ਬਣਵਾ ਲੈਂਦੇ ਸਨ। ਬਹੁਤ ਸਾਰੇ ਰਾਜਾਂ ਵਿਚ ਉਨ੍ਹਾਂ ਨੇ ਛੋਟੇ ਵਪਾਰੀਆਂ ਦੀ ਰੋਜੀ ਵਿੱਚ ਲੱਤ ਮਾਰੀ ਸੀ, ਬਹੁਤ ਸਾਰੇ ਕਿਸਾਨਾਂ ਦੀਆਂ ਜਮੀਨਾਂ ਰੋਕਕੇ ਬੇਜਮੀਨੇ ਕਰ ਦਿੱਤਾ ਸੀ। ਉਨ੍ਹਾਂ ਘਰਾਣਿਆਂ ਨੂੰ ਹੁਣ ਅਜਿਹੇ ਗਲਤ ਕਦਮ ਚੁੱਕਣ ਸਮੇਂ ਸੌ ਵਾਰ ਸੋਚਣਾ ਪਵੇਗਾ ।ਇਸ ਵਾਰ ਕਿਸਾਨ ਜਥੇਬੰਦੀਆਂ ਨੇ ਪੰਜਾਬ ਅੰਦਰ ਸੜਕਾਂ ਰੋਕਣ ਦਾ ਰਵਾਇਤੀ ਢੰਗ ਤਿਆਗ ਕੇ ਵੱਡੇ ਕਾਰਪੋਰੇਟ ਘਰਾਣਿਆਂ ਦੇ ਪੈਟਰੋਲ ਪੰਪ,ਟੋਲ ਪਲਾਜੇ ਰੋਕ ਕੇ ਇੱਕ ਨਵੀਂ ਮਿਸਾਲ ਪੈਦਾ ਕੀਤੀ ਹੈ। ਜਿਸ ਨਾਲ ਕਾਰਪੋਰੇਟ ਘਰਾਣਿਆਂ ਨੂੰ ਸਿੱਧਾ ਨੁਕਸਾਨ ਹੋਇਆ ।ਇਸ ਲਹਿਰ ਨੇ ਪੂਰੀ ਦੁਨੀਆ ਨੂੰ ਇਹ ਵੀ ਦਿਖਾ ਦਿੱਤਾ ਕਿ ਨਰਿੰਦਰ ਮੋਦੀ ਤੇ ਪੂਰੀ ਭਾਜਪਾ ਆਮ ਲੋਕਾਂ, ਹਿੰਦੂਆਂ, ਮੁਸਲਮਾਨਾਂ, ਸਿੱਖਾਂ, ਕਿਸਾਨਾਂ, ਮਜਦੂਰਾਂ ਕਿਸੇ ਲਈ ਲਾਭਕਾਰੀ ਨਹੀਂ। ਇਹ ਸਿਰਫ ਤੇ ਸਿਰਫ ਕਾਰਪੋਰੇਟ ਘਰਾਣਿਆਂ ਲਈ ਲਾਭਕਾਰੀ ਹੈ ਉਸਨੇ ਕਾਰਪੋਰੇਟ ਘਰਾਣਿਆਂ ਨੂੰ




ਆਪਣੇ ਹਿੱਤ ਵੇਚ ਦਿੱਤੇ ਹਨ। ਜਿਸ ਕਾਰਕੇ ਯੂ ਐਨ ਓ, ਕਨੇਡਾ ਅਮਰੀਕਾ ਸਮੇਤ ਬਹੁਤ ਸਾਰੇ ਦੇਸਾਂ ਨੇ ਮੋਦੀ ਸਰਕਾਰ ਦੇ ਕਿਸਾਨ ਵਿਰੋਧੀ ਬਿਲਾਂ ਦਾ ਵਿਰੋਧ ਕੀਤਾ ।ਇਸ ਵਾਰ ਨੌਜਵਾਨੀ ਦਾ ਇਸ ਲਹਿਰ ਵਿੱਚ ਵੱਡੇ ਪੱਧਰ ਤੇ ਭਾਗ ਲੈਣਾ ਉਨ੍ਹਾਂ ਲੋਕਾਂ ਦੇ ਕਰਾਰੀ ਚਪੇੜ ਮਾਰ ਗਿਆ ਹੈ ਜੋ ਰਾਜਨੀਤਕ ਲੀਡਰ ਪੰਜਾਬ ਦੇ ਨੌਜਵਾਨਾਂ ਨੂੰ ਸਿਰਫ ਤੇ ਸਿਰਫ ਨਸੇੜੀ ਸਮਝ ਰਹੇ ਸਨ ।ਨੌਜਵਾਨੀ ਦਾ ਵੱਡੇ ਪੱਧਰ ਤੇ ਆਉਣਾ ਸੰਘਰਸ ਨੂੰ ਜਿੱਤ ਵੱਲ ਲਿਜਾਣਾ ਵੀ ਇੱਕ ਕਾਰਨ ਬਣਿਆ ਹੈ ।ਇਸ ਲਹਿਰ ਵਿੱਚ ਪੰਜਾਬੀ ਔਰਤ ਦਾ ਕੁੱਦਣਾ ਵੀ ਸੁਭ ਸੰਕੇਤ ਹੈ ।ਇਸ ਲਹਿਰ ਨੇ ਵੱਖ-ਵੱਖ ਵਿਚਾਰਧਾਰਾਵਾਂ ਦੀਆਂ ਕਿਸਾਨ ਜਥੇਬੰਦੀਆਂ ਅਤੇ ਵੱਖ-ਵੱਖ ਵਿਚਾਰਧਾਰਾਵਾਂ ਦੇ ਬੁਲਾਰਿਆਂ ਲੀਡਰਾਂ ਨੂੰ ਇੱਕ ਮੰਚ ਤੇ ਲੈ ਆਂਦਾ ਹੈ ।ਇਸ ਵਾਰ ਰਾਜਨੀਤਕ ਲੀਡਰਾਂ ਨੂੰ ਕਿਸਾਨ ਧਰਨਿਆਂ ਤੋਂ ਦੂਰ ਰੱਖਣਾ ਵੀ ਇੱਕ ਚੰਗਾ ਸੰਦੇਸ ਹੈ ਜਿਸ ਨਾਲ ਦੋਗਲੇ ਲੀਡਰਾਂ ਨੂੰ ਸਬਕ ਮਿਲੇਗਾ। ਇਸ ਵਾਰ ਗੋਦੀ ਮੀਡੀਆ ਨੂੰ ਵੀ ਲੋਕਾਂ ਨੇ ਚੰਗਾ ਸਬਕ ਦਿੱਤਾ ਹੀ ਨਾਲ ਹੀ ਭਾਜਪਾ ਪੱਖੀ ਐਕਟਰਾਂ ਅਤੇ ਕਲਾਕਾਰਾਂ ਨੂੰ ਹੈਸਟੈਗ ਤੇ ਟਵੀਟਾਂ ਰਾਹੀ ਚੰਗਾ ਜਵਾਬ ਦਿੱਤਾ। ਕਿਸਾਨਾਂ ਨੂੰ ਬਹੁਤ ਸਾਰੇ ਲੋਕਾਂ ਨੇ ਅਨਪੜ ਸਮਝ ਰੱਖਿਆ ਸੀ ਜਿਸਦਾ ਜਵਾਬ ਇਸ ਵਾਰ ਕੁੱਝ ਕਿਸਾਨ ਆਗੂਆਂ ਤੇ ਕਿਸਾਨ ਪੱਖੀ ਕਿਸਾਨ ਸੰਘਰਸ ਵਿੱਚ ਸਾਮਲ ਅਦਾਕਾਰਾ ਕਲਾਕਾਰਾਂ ਨੇ ਅੰਗਰੇਜੀ ਵਿੱਚ ਇੰਟਰਵਿਊ ਤੇ ਵਾਈਟਾਂ ਦੇ ਕੇ ਦਿੱਤਾ ।ਇਸ ਮਹਿੰਮ ਅੰਦਰ ਇੱਕ ਸਾਹਿਤਿਕ ਪਰਚੇ ਟਰਾਲੀ ਟਾਈਮਜ ਦਾ ਅਗਾਜ ਵੀ ਹੋਇਆ ਜੋ ਇਸ ਲਹਿਰ ਵਿੱਚ ਤਾਂ ਭੂਮਿਕਾ ਅਦਾ ਕਰੇਗਾ ਹੀ ਨਾਲ ਹੀ ਆਉਣ ਵਾਲੀਆਂ ਲਹਿਰਾਂ ਵਿਚ ਵੀ ਆਪਣੀ ਚੰਗੀ ਭੂਮਿਕਾ ਨਿਭਾਏਗਾ ।ਅਖੀਰ ਵਿੱਚ ਅਸੀਂ ਇਸ ਲਹਿਰ ਬਾਰੇ ਇਹ ਕਹਿ ਸਕਦੇ ਹਾਂ ਕਿ ਇਹ ਲੋਕ ਲਹਿਰ ਸੱਤਾ ਵੱਲੋਂ ਲਤਾੜੇ ਜਾ ਰਹੇ ਲੋਕਾਂ ਲਈ ਸੁਭ ਸੰਕੇਤ ਬਣੇਗੀ। ਪੰਜਾਬ ਦੀ ਅਗਵਾਈ ਵਾਲੀ ਇਹ ਲਹਿਰ ਭਵਿੱਖ ਵਿੱਚ ਪੂਰੇ ਭਾਰਤ ਵਿਚ ਸਿੱਧੇ ਅਸਿੱਧੇ ਨਵੀਆਂ ਲਹਿਰਾਂ ਨੂੰ ਜਨਮ ਦੇਵੇਗੀ।

**ਗੁਰਦਿੱਤ ਸਿੰਘ ਸੇਖੋਂ**
**ਪਿੰਡ ਤੇ ਡਾਕ ਦਲੇਲ ਸਿੰਘ ਵਾਲਾ**
**ਮੋਬਾਈਲ ਨੰਬਰ 9781172781**

## "ਜਿੰਮੇਵਾਰੀ ਤੇ ਬਬਲੂ ਦੀ ਸੋਚ"

ਘਰੇ ਟਿਊਸ਼ਨ ਪੜ੍ਹਾਉਂਦਿਆਂ ਨੂੰ ਬਹੁਤਾ ਸਮਾਂ ਨਹੀਂ ਸੀ ਹੋਇਆ ।ਇੱਕ ਦੋ ਵਿਦਿਆਰਥੀ ਹੀ ਆਉਂਦੇ ਸੀ ।ਮੇਰੇ ਕੋਲ ਕੁਝ ਸਮਾਂ ਹੁੰਦਾ,, ਸੋਚਿਆ ਕੁਝ ਸਮਾਂ ਇਨ੍ਹਾਂ ਨੂੰ ਦੇ ਦਿਆ ਕਰੀਏ ਤੇ ਨਾਲੇ ਕੁਸ਼ ਖਰਚਾ ਨਿਕਲ ਜਾਇਆ ਕਰੇਗਾ। ਬੱਚੇ ਤਾਂ ਦੋ ਕੁ ਈ ਆਉਂਦੇ ਸੀ। ਇੱਕ ਥੋੜ੍ਹਾ ਕਮਜੋਰ ਸੀ ਤੇ ਇਕ ਹੁਸ਼ਿਆਰ ਸੀ ।ਇਕ ਦਿਨ ਬੈਠਾ ਪੜ੍ਹਾ ਰਿਹਾ ਸਾਂ ਤੇ ਬਬਲੂ ਜਿਹੜਾ ਹੁਸ਼ਿਆਰ ਸੀ ਕਹਿਣ ਲੱਗਾ ਸਰ ਜੀ," ਦੇਖੋ ! ਰੋਜ਼ਾਨਾ ਮੈਡਮ ਲੇਟ ਹੋ ਜਾਂਦੇ ਨੇ ,,,ਅਸੀਂ ਮੈਡਮ ਨਾਲੋਂ ਜਲਦੀ ਪਹੁੰਚ ਜਾਂਦੇ ਆਂ,,,,ਮੈਡਮ ਕਾਰ ਤੇ ਆਉਂਦੇ ਨਾ ਫਿਰ ਵੀ ਲੇਟ ਹੋ ਜਾਂਦੇ ਅਸੀਂ ਰੋਜ਼ਾਨਾ ਪੈਦਲ ਆਉਂਦੇ ਹਾਂ ਫਿਰ ਵੀ ਮੈਡਮ ਤੋਂ ਪਹਿਲਾਂ ਪਹੁੰਚ ਜਾਂਦੇ ਹਾਂ,,,,ਸਰ ਐਵੇਂ ਕਿਉਂ ਕਰਦੇ ਨੇ ਮੈਡਮ ਜੀ ? ਮੇਰਾ ਮਨ,, ਮੈਡਮ ਜਿਆਦਾ ਪਾਬੰਦ ਹਨ ਜਿੰਮੇਵਾਰੀ ਪ੍ਰਤੀ ਜਾਂ ਬਬਲੂ,,,,ਅਜੇ ਵੀ ਸੋਚ ਰਿਹਾ!!!!! ਤੇ ਨਾਲ ਹੀ ਆਪਣੀ ਜਿੰਮੇਵਾਰੀ ਵੀ ਪ੍ਰਤੀ ਵੀ ਸੋਚ ਰਿਹਾ ਹਾਂ,,,,ਬਬਲੂ ਦੀ ਗਲ ਤਾਂ ਭੋਲੀ ਜਿਹੀ ਸੀ,,,ਸੁਚੇਤ ਕਰ ਗਈ।

**ਜਗਜੀਤ ਸਿੰਘ ਦਿਲਾ ਰਾਮ**
**ਫਿਰੋਜ਼ਪੁਰ ਮੋਬਾਈਲ 9914701060**






## ਲੜਕੇ/ਲੜਕੀ ਦੀ ਲੋੜ

ਕੈਨੇਡੀਅਨ ਜੱਟ ਸਿੱਖ ਲੜਕਾ 5'-9" 27 ਵਾਸਤੇ ਲੜਕੀ ਦੀ ਲੋੜ .ਓਹੀ ਸੰਪਰਕ ਕਰਨ ਜਿਹੜੇ ਲੜਕੇ ਦੇ ਭਰਾ 5'-7" 29 ਨੂੰ ਕੈਨੇਡੀਅਨ ਲੜਕੀ ਦਾ ਰਿਸ਼ਤਾ ਕਰਵਾਉਣ .780-807-8861, ਇੰਡੀਆ 98555-97890

**************************

ਜੱਟ ਸਿੱਖ ਧਾਲੀਵਾਲ,ਉਮਰ 25 ਸਾਲ, ਕੱਦ 5'-10" ਲੁਧਿਆਣੇ ਜਿਲੇ ਵਿੱਚ 25 ਏਕੜ ਜਮੀਨ ਵਿਜਟਰ ਵੀਜੇ 'ਤੇ ਕੈਨੇਡਾ ਆਏ ਲੜਕੇ ਲਈ ਕੈਨੇਡੀਅਨ ਪੀ.ਆਰ. ਜਾਂ ਸਿਟੀਜਨ ਲੜਕੀ ਦੀ ਲੋੜ ਹੈ। ਸੰਪਰਕ:780-953-6167

**************************

ਜੱਟ ਸਿੱਖ ਪੂੰਨੀਆ, ਉਮਰ 25 ਸਾਲ,ਕੱਦ 5'-8" MSC-IT ਲਈ ਕੈਨੇਡੀਅਨ ਲੜਕੇ ਦੀ ਲੋੜ ਹੈ। ਸੰਪਰਕ 780-904-5608, 780-710-5571 ਈ-ਮੇਲ:bdhillon@carillion.ca

**************************

ਇੰਗਲੈਂਡ ਤੋਂ ਪੜਿਆ ਉਮਰ 28 ਸਾਲ,ਕੱਦ 6 ਫੁੱਟ,ਵਧੀਆ ਪ੍ਰਾਪਰਟੀ 20 ਏਕੜ ਜਮੀਨ,ਇੰਡੀਆ ਵਿੱਚ ਵਧੀਆ ਨੌਕਰੀ ਕਰਦੇ ਲੜਕੇ ਲਈ ਕੈਨੇਡੀਅਨ ਪੀ.ਆਰ ਜਾਂ ਸਿਟੀਜਨ ਲੜਕੀ ਦੀ ਲੋੜ ਹੈ। ਸੰਪਰਕ 780-716-5859

**************************

ਸਿੱਖ ਬੀ ਟੈੱਕ, ਉਮਰ 30 ਸਾਲ, ਕੱਦ 5'-7: ਬਿਜਨਸ ਕਰਦੇ ਲੜਕੇ ਲਈ ਕੈਨੇਡੀਅਨ ਲੜਕੀ ਦੀ ਲੋੜ ਹੈ। ਸੰਪਰਕ 778-838-5989 ਇੰਡੀਆ-9872719621

**************************

ਜੱਟ ਸਿੱਖ,ਮਕੈਨੀਕਲ ਇੰਜਨੀਅਰ, ਉਮਰ 27 ਸਾਲ,ਕੱਦ 5'-11 ਲੜਕੇ ਲਈ ਕੈਨੇਡੀਅਨ ਲੜਕੀ ਦੀ ਲੋੜ ਹੈ। ਸੰਪਰਕ 514-609-0617

**************************

ਜੱਟ ਸਿੱਖ,ਧਾਲੀਵਾਲ ਉਮਰ 25 ਸਾਲ, ਕੱਦ 5'-10 ਲੁਧਿਆਣੇ ਜਿਲੇ ਵਿੱਚ 25 ਏਕੜ ਜਮੀਨ,ਵਿਜਟਰ ਵੀਜੇ, 'ਤੇ ਕੈਨੇਡਾ ਆਏ ਲੜਕੇ ਲਈ ਕੈਨੇਡੀਅਨ ਪੀ. ਆਰ ਜਾਂ ਸਿਟੀਜਨ ਲੜਕੀ ਦੀ ਲੋੜ ਹੈ।ਸੰਪਰਕ :780-953-6167

**************************

ਜੱਟ ਸਿੱਖ ਲੜਕੀ ਉਮਰ 25 ਸਾਲ ਕੱਦ ਸਾਢੇ 5' ਫੁੱਟ M.A ਲਈ ਜੱਟ Canadian ਜੱਟ ਸਿੱਖ ਲੜਕੇ ਦੀ ਲੋੜ। 780-932-0612, 94172-00545

**************************

ਜੱਟ ਸਿੱਖ ਲੜਕਾ Canada ਵਿੱਚ Student 24 ਸਾਲ, ਕੱਦ 5'-9 ਲਈ Canada P.R ਲੜਕੀ ਦੀ ਲੋੜ ।780-932-0612 94172-00545

**************************

ਜੱਟ ਸਿੱਖ 24 ਸਾਲ ਕੱਦ 6' ਫੁੱਟ ਲੜਕੇ ਲਈ Canada ਦੀ P.R ਲੜਕੀ ਦੀ ਲੋੜ All Family well settled in Canada. 780-913-1179 ਇੰਡੀਆ +91-90200-00019

**************************

ਰਾਮਗੜ੍ਹੀਆ ਸਿੱਖ, ਵਿਜਟਰ ਵੀਜੇ 'ਤੇ ਕੈਨੇਡਾ ਆਏ ਲੜਕੇ ਲਈ ਕੈਨੇਡੀਅਨ ਲੜਕੀ ਦੀ ਲੋੜ ਹੈ, ਉਮਰ 27 ਸਾਲ ਕੱਦ 5'-10 ਸੰਪਰਕ 780-782-3313

**************************

ਕੈਨੇਡੀਅਨ ਇਮੀਗ੍ਰਾਂਟ ਰਾਮਗੜ੍ਹੀਆ ਸਿੱਖ ਲੜਕੀ July 87 Born E'GT(B.Tech), ਮੈਨੇਜਰ ਦੀ ਜੋਬ ਕਰਦੀ ਹੋਈ ਪਰਿਵਾਰਕ ਲੜਕੀ ਲਈ ਕੈਨੇਡਾ ਤੋਂ ਯੋਗ ਵਰ ਦੀ ਲੋੜ ਹੈ ਸਟੂਡੈਂਟ/ਵਰਕ ਪਰਮਿਟ ਉੱਤੇ ਆਏ ਹੋਏ ਲੜਕੇ ਤੇ ਵੀ ਵਿਚਾਰ ਕੀਤਾ ਜਾ ਸਕਦਾ ਹੈ ,ਮਾਲਵੇ ਨੂੰ ਪਹਿਲ ਲੜਕੀ ਦਾ ਸਾਰਾ ਪਰਿਵਾਰ ਐਡਮੰਟਨ ਵਿੱਚ well settled ਹੈ । ਆਪਣਾ Biodata / Picture e-mail :deepedmonton9@gmail.com . (whatsapp) or Call ' 780-628-7089

*************************

ਢੰਡ ਖਤਰੀ ਲੜਕਾ ਉਮਰ 36 ਸਾਲ ਕੱਦ 5'-8'' ਖੁਦ ਦਾ ਕਾਰੋਬਾਰ, ਭੈਣ ਅਮਰੀਕਾ ਵਿਚ Well Seattled ਮੰਡੇ ਦੀ ਫਾਈਲ Already Apply ਕੀਤੀ ਹੋਈ ਹੀ, ਵਾਸਤੇ ਲੜਕੀ ਦੀ ਲੋੜ ਹੈ। ਮੁੰਡੇ ਦੀ ਭੈਣ ਇੰਡੀਆ ਆਈ ਹੋਈ ਹੈ। ਕੋਈ ਜਾਤੀ ਬੰਧਨ ਨਹੀਂ। ਸੰਪਰਕ : 9855813008, +1 646-287-9887

''''''''''''''''''''''''''''''''''

ਇੰਡੀਆਂ ਰਹਿੰਦੇ ਕੱਦ 5 ਫੁੱਟ 7 ਇੰਚ ਉਮਰ 26 ਸਾਲ ਐਮ ਬੀ ਏ ਪਾਸ,ਮਾਰਕਟਿੰਗ ਦੀ ਨੌਕਰੀ ਕਰਦੇ ਲੜਕੇ ਲਈ ਐਨ ਆਰ ਆਈ ਲੜਕੀ ਦੀ ਲੋੜ, ਜਾਤੀ ਬੰਧਨ ਕੋਈ ਨਹੀਂ। ਸੰਪਰਕ-7589137572 7973167967

*************************

ਰਾਮਦਾਸੀਆ ਸਿੱਖ ਜੁਲਾਹਾ, ਉਮਰ 27 ਸਾਲ ਕੱਦ 5 ਫੁੱਟ 9 ਇੰਚ,BSC IT ਲੜਕੇ ਲਈ ਕੈਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੀ ਲੋੜ ਹੈ। ਸੰਪਰਕ:639-470-2491

*************************

ਦੁਬਈ ਟਰੱਕ (ਟਰਾਲੇ) ਡਰਾਈਵਰ, ਦੁਬਈ 7 ਸਾਲ ਪੁਰਾਣਾ ਲਾਇਸੰਸ ਉਮਰ 33 ਸਾਲ,5'9 ਜੱਟ ਸਿੱਖ ਲਈ ਪੜੀ ਲਿਖੀ,ਕੈਨੇਡੀਅਨ ਲੜਕੀ ਦੀ ਜਰੂਰਤ ਹੈ।ਚਾਹਵਾਨ ਸੰਪਰਕ ਕਰ ਸਕਦੇ ਹਨ।

**0097155816294 4 (ਦੁਬਈ)**

**9915587810-9855408663 (ਇੰਡੀਆਂ)**

**************************

Jatt sikh dhanoa 27/



5,7 Dentist girl in India looking for a suitable match doctor/engineer boy India or abroad. Contact 780 236 0671 India 70872 64520

**************************

31 year old Sikh Khatri/ arora boy 5feet6 Canadian university graduate with business degree and working in medical science field looking for a well eduacated girl from Khatri/arora/ ramgharia family. Please contact 780 264 9616 or yoursps@yahoo.com



# ਕਿਹੜੇ ਰਾਹ ਪੈ ਗਿਆ ਪੰਜਾਬੀ ਸੱਭਿਆਚਾਰ

ਹਰ ਖੇਤਰ ਦਾ ਆਪਣਾ ਇਕ ਸੱਭਿਆਚਾਰ ਹੁੰਦਾ ਹੈ ਜੋ ਦਰਿਆਵਾਂ ਵਾਂਗ ਵਿਸ਼ਾਲ ਹੁੰਦਾ ਹੈ। ਇਹ ਸਮਿਆਂ ਤੋਂ ਸਿੱਖਦਾ, ਪੀੜ੍ਹੀ-ਦਰ-ਪੀੜ੍ਹੀ ਚੱਲਦਾ ਰਹਿੰਦਾ ਹੈ। ਤੁਸੀਂ ਅੱਜ ਕਿਵੇਂ ਹੋ ? ਇਸ 'ਚੋਂ ਤੁਹਾਡੇ ਸਮਿਆਂ ਦਾ ਸੱਭਿਆਚਾਰ ਝਲਕੇਗਾ। ਤੁਹਾਡੇ ਪੁਰਖੇ ਕਿਵੇਂ ਦੇ ਹਨ ? ਉਨ੍ਹਾਂ ਦੀ ਸ਼ਖਸੀਅਤ 'ਚੋਂ ਉਨ੍ਹਾਂ ਦੀ ਜ਼ਿੰਦਗੀ 'ਚੋਂ ਉਨ੍ਹਾਂ ਦੇ ਸਮਿਆਂ ਦੇ ਸੱਭਿਆਚਾਰ ਦੀਆਂ ਕਦਰਾਂ-ਕੀਮਤਾਂ ਦੀ ਝਲਕ ਦਿਖਾਈ ਦੇਵੇਗੀ। ਸਮਾਜ ਨੂੰ ਨਿਯਮਾਂ 'ਚ ਬੰਨ੍ਹਣਾ ਸਿਰਫ਼ ਸੱਭਿਆਚਾਰ ਦਾ ਹੀ ਕੰਮ ਹੈ। ਸੱਭਿਆਚਾਰ ਨੇ ਮਨੁੱਖ ਨੂੰ ਜ਼ਿੰਦਗੀ ਜਿਊਣ ਦਾ ਸਲੀਕਾ ਸਿਖਾਇਆ ਹੈ ਤੇ ਇਹ ਇਕ ਰਾਹ-ਦਸੇਰੇ ਵਾਂਗ ਕੰਮ ਕਰਦਾ ਹੈ। ਸੱਭਿਆਚਾਰ ਇਕ ਅਜਿਹੀ ਜਟਿਲ ਇਕਾਈ ਹੈ ਜਿਸ ਵਿਚ ਗਿਆਨ, ਵਿਸ਼ਵਾਸ, ਕਲਾ, ਨੈਤਿਕਤਾ, ਕਾਨੂੰਨ, ਰੀਤੀ-ਰਿਵਾਜ਼ ਅਤੇ ਆਦਤਾਂ ਹਨ ਜੋ ਮਨੁੱਖ ਦੇ ਸਮਾਜ ਦਾ ਮੈਂਬਰ ਹੋਣ ਦੇ ਨਾਤੇ ਗ੍ਰਹਿਣ ਕੀਤੀਆਂ ਹੋਣ।" ਸੱਭਿਆਚਾਰ ਵਿਚ ਤਬਦੀਲੀ ਆਉਣੀ ਬੜੀ ਜ਼ਰੂਰੀ ਹੁੰਦੀ ਹੈ ਜੋ ਇਕ ਗ਼ਤੀਸ਼ੀਲ ਵਰਤਾਰਾ ਹੈ। ਜੇਕਰ ਇਸ ਵਿਚ ਫੇਰਬਦਲ ਨਾ ਹੋਣ ਤਾਂ ਇਹ ਸਮੇਂ ਦੇ ਹਾਣ ਦਾ ਨਹੀਂ ਹੋ ਸਕਦਾ।

ਪੰਜਾਬ ਪੰਜ ਦਰਿਆਵਾਂ ਦੀ ਧਰਤੀ ਹੈ ਅਤੇ ਦਰਿਆਵਾਂ ਨੇ ਇਸਦੀ ਖ਼ੁਸ਼ਹਾਲੀ 'ਚ ਬੜੀ ਮਹੱਤਵਪੂਰਨ ਭੂਮਿਕਾ ਅਦਾ ਕੀਤੀ ਹੈ ਜਿਸ ਕਾਰਨ ਪੰਜਾਬ ਭੂਗੋਲਿਕ ਪੱਖੋਂ ਅਮੀਰ ਰਿਹਾ। ਜੇਕਰ ਇਹ ਭੂਗੋਲਿਕ ਪੱਖੋਂ ਅਮੀਰ ਸੀ ਤਾਂ ਸਿੱਧੀ ਜਿਹੀ ਗੱਲ ਹੋਵੇਗੀ ਕਿ ਪੰਜਾਬੀ ਆਰਥਿਕ ਪੱਖੋਂ ਵੀ ਅਮੀਰ ਹੋਵੇਗਾ। ਪੰਜਾਬ ਦਾ ਸੱਭਿਆਚਾਰ ਇਸਦੇ ਦਰਿਆਵਾਂ ਵਾਂਗ ਹੀ ਪੁਰਾਣਾ ਹੈ। ਇਸਨੂੰ ਨੱਚਦਾ-ਗਾਉਂਦਾ ਸੱਭਿਆਚਾਰ ਵੀ ਕਿਹਾ ਜਾਂਦਾ ਹੈ। ਪੰਜਾਬ ਸ਼ੁਰੂ ਤੋਂ ਹੀ ਵੱਖ-ਵੱਖ ਹਾਕਮਾਂ ਦੇ ਅਧੀਨ ਰਿਹਾ ਹੈ। ਵਿਦੇਸ਼ੀ ਹਮਲਾਵਰ ਜਦੋਂ ਭਾਰਤ ਆਉਂਦੇ ਤਾਂ ਉਹ ਆਪਣੇ ਨਾਲ ਆਪਣੀ ਸੱਭਿਅਤਾ, ਆਪਣੀ ਬੋਲੀ ਅਤੇ ਆਪਣੀ ਜੀਵਨ ਸ਼ੈਲੀ ਦੀਆਂ ਵੰਨਗੀਆਂ ਨਾਲ ਲੈ ਕੇ ਆਉਂਦੇ ਰਹੇ। ਉਨ੍ਹਾਂ ਪੰਜਾਬੀਆਂ ਦੀ ਜੀਵਨ ਸ਼ੈਲੀ ਨੂੰ ਪ੍ਰਭਾਵਿਤ ਕੀਤਾ। ਪੰਜਾਬੀਆਂ ਨੂੰ ਜੋ ਵੀ ਚੰਗਾ ਲੱਗਾ ਉਹ ਉਨ੍ਹਾਂ ਅਪਣਾ ਲਿਆ ਜੋ ਅੱਜ ਸਾਡੇ ਸੱਭਿਆਚਾਰ ਦਾ ਹਿੱਸਾ ਹੈ।

ਸਾਡੇ ਪੁਰਾਣੇ ਸੱਭਿਆਚਾਰ ਦੇ ਲੋਕਾਂ ਦੀ ਜੀਵਨ-ਸ਼ੈਲੀ ਅਤੇ ਅੱਜ ਦੇ ਸੱਭਿਆਚਾਰ ਦੇ ਲੋਕਾਂ ਦੀ ਜੀਵਨ-ਸ਼ੈਲੀ ਵਿਚ ਬੜਾ ਵੱਖਰੇਵਾਂ ਹੈ। ਜੇਕਰ ਅਜੋਕੇ ਸੱਭਿਆਚਾਰ ਦੀ ਗੱਲ ਕਰੀਏ ਤਾਂ ਅਸੀਂ ਪੁਰਾਣੇ ਸੱਭਿਆਚਾਰ ਤੋਂ ਬੜੇ ਫ਼ਾਸਲੇ ਨਾਲ ਖੜੇ ਹਾਂ। ਪੁਰਾਣਾ ਸੱਭਿਆਚਾਰ ਆਪਣੇ ਇਤਿਹਾਸ ਦੇ ਪੰਨਿਆਂ ਤੇ ਬੜੀ ਸੋਹਣੀ ਤੇ ਸਾਂਝ ਭਰੀ ਜ਼ਿੰਦਗੀ ਨੂੰ ਪੇਸ਼ ਕਰਦਾ ਹੈ। ਜਦੋਂ ਵੀ ਸੱਭਿਆਚਾਰ ਦੇ ਉਨ੍ਹਾਂ ਪੰਨਿਆਂ ਤੇ ਝਾਤੀ ਮਾਰਾਂਗੇ ਤਦ ਸਾਡੇ ਸਾਹਮਣੇ ਪੇਂਡੂ ਸੱਭਿਆਚਾਰ ਦਾ ਅਕਸ ਆ ਖੜੇਗਾ ਜੋ ਅੱਜ ਨਾਲੋਂ ਬਿਲਕੁਲ ਵੱਖਰਾ ਸੀ। ਪੰਜਾਬ ਗੁਰੂਆਂ-ਪੀਰਾਂ, ਫ਼ੱਕਰਾਂ-ਫ਼ਕੀਰਾਂ ਤੇ ਪੈਗ਼ੰਬਰਾਂ ਦੀ ਧਰਤੀ ਹੈ। ਪੁਰਾਣੇ ਸੱਭਿਆਚਾਰ ਦੀ ਗੱਲ ਕਰੀਏ ਤਾਂ ਧਰਮ ਨੂੰ ਇਕ ਵਿਸ਼ਵਾਸ ਵਜੋਂ ਲਿਆ ਜਾਂਦਾ ਸੀ। ਲੋਕਾਂ ਨੂੰ ਵਿਗਿਆਨ ਦਾ ਗਿਆਨ ਨਹੀ ਸੀ ਪਰ ਧਰਮ ਦਾ ਗਿਆਨ ਸੀ। ਉਨ੍ਹਾਂ ਦੀ ਰਹਿਣੀਬਹਿਣੀ ਬੜੀ ਸਾਦਗੀ ਸੀ। ਆਪਸ ਵਿਚ ਮਿਲਵਰਤਣ ਸੀ, ਸਨੇਹ ਸੀ। ਜੇਕਰ ਪਿੰਡ ਵਿਚ ਕਿਸੇ ਇਕ ਵਿਅਕਤੀ ਦੀ ਧੀ ਦਾ ਵਿਆਹ ਹੁੰਦਾ ਤਾਂ ਉਸਨੂੰ ਸਾਰੇ ਪਿੰਡ ਦੀ ਧੀ ਦਾ ਵਿਆਹ ਸਮਝਿਆ ਜਾਂਦਾ ਸੀ। ਸਾਰਾ ਪਿੰਡ ਆਪਣਾ ਫਰਜ਼ ਸਮਝ ਕੇ ਵਿਚ ਸ਼ਾਮਿਲ ਹੁੰਦਾ ਸੀ। ਇਕ ਘਰ ਦੀ ਇੱਜ਼ਤ ਸਾਰੇ ਪਿੰਡ ਦੀ ਇੱਜ਼ਤ ਹੁੰਦੀ ਸੀ ਤੇ ਇਕ ਘਰ ਦਾ ਜਵਾਈ ਸਾਰੇ ਪਿੰਡ ਦਾ ਜਵਾਈ ਸਮਝਿਆ ਜਾਂਦਾ ਸੀ। ਸਾਰੇ ਪਿੰਡ ਦੇ ਲੋਕ ਉਸਦਾ ਦਿਲੋਂ ਮਾਣ-ਸਤਿਕਾਰ ਕਰਦੇ ਸਨ। ਪਿੰਡਾਂ ਵਿਚ ਸਾਂਝੇ ਪਰਿਵਾਰ ਸਨ। ਲੋਕਾਂ 'ਚ ਨਫ਼ਰਤਾਂ ਘੱਟ ਤੇ ਪਿਆਰ ਵਧੇਰੇ ਸੀ। ਮੇਲੇ ਅਤੇ ਤਿਉਹਾਰ ਬੜੇ ਚਾਵਾਂ ਨਾਲ ਮਨਾਏ ਜਾਂਦੇ ਸਨ। ਸਾਂਝੇ ਪਰਿਵਾਰਾਂ ਦਾ ਰਿਵਾਜ ਘੱਟ ਗਿਆ। ਹੁਣ ਕਿਸੇ ਕੋਲ ਕਿਸੇ ਨਾਲ ਗੱਲ ਕਰਨ ਦਾ ਸਮਾਂ ਨਹੀਂ। ਤਕਨੀਕ ਨੇ ਸੰਚਾਰ ਦੇ ਸਾਧਨ ਮੋਬਾਈਲ ਫੋਨ, ਇੰਟਰਨੈੱਟ, ਕੰਪਿਊਟਰ ਆਦਿ ਲਿਆਂਦੇ ਜਿਨ੍ਹਾਂ ਨੇ ਪੂਰੇ ਸੰਸਾਰ ਨੂੰ ਇਕਜੁੱਟ ਕਰਨ ਵਿਚ ਮਦਦ ਕੀਤੀ, ਪਰ ਬੰਦਾ ਇਨ੍ਹਾਂ ਦੀ ਵਰਤੋਂ ਕਰਦਾ ਕਰਦਾ ਰਿਸ਼ਤਿਆਂ 'ਚ ਦਰਾਰਾਂ ਪੁਆ ਬੈਠਾ। ਇਕ ਅਜਿਹਾ ਫ਼ਾਸਲਾ ਬਣਾ ਬੈਠਾ ਜਿਸ ਵਿਚ ਸਾਰੇ ਲੋਕ ਕੋਲ ਹੁੰਦਿਆਂ ਵੀ ਦੂਰ ਹਨ। ਅਸੀਂ ਮਸ਼ੀਨਾਂ ਤੇ ਆਪਣੇ ਨਾਲੋਂ ਵੀ ਵੱਧ ਵਿਸ਼ਵਾਸ ਕਰਨ ਲੱਗ ਪਏ। ਇਹ ਸੋਚਦੇ ਹਾਂ ਕਿ ਅਸੀਂ ਤਕਨੀਕ ਨੂੰ ਚਲਾ ਰਹੇ ਹਾਂ ਪਰ ਇਹ ਚੰਦਰੀ ਸਾਨੂੰ ਹੀ ਚਲਾ ਰਹੀ ਹੈ। ਜੇ ਨਵੀਂ ਤਕਨੀਕ ਵਿਕਾਸ ਦੀ ਦੇਣ ਹੁੰਦੀ ਤਾਂ ਅਸੀਂ ਇਸ ਨੂੰ ਬੜੇ ਸੁਚੱਜੇ ਢੰਗ ਨਾਲ ਵਰਤਦੇ ਪਰ ਇਹ ਤਕਨੀਕ ਬਾਹਰੋਂ ਆਈ ਸੀ ਤੇ ਅਸੀਂ ਇਸਦੀ ਲੋੜ ਨੂੰ ਸਹੀ ਢੰਗ ਨਾਲ ਨਹੀਂ ਸਮਝ ਸਕੇ। ਇਸੇ ਤਕਨੀਕ ਦੀ ਬੇਮੁਹਾਰੀ ਵਰਤੋਂ ਨੇ ਸਾਡੇ ਆਮ ਜੀਵਨ ਵਿਚ ਕਾਫ਼ੀ ਵਿਗਾੜ ਲਿਆਂਦਾ। ਅਜੋਕਾ ਸਮਾਜ ਅਖੌਤੀ ਤਰੱਕੀ ਹੇਠ ਆ ਕੇ ਪੁਰਾਣੀਆਂ ਕਦਰਾਂ-ਕੀਮਤਾਂ ਦੇ ਨਾਲ-ਨਾਲ ਮਾਂ ਬੋਲੀ ਪੰਜਾਬੀ ਤੋਂ ਵੀ ਮੂੰਹ ਮੋੜਦਾ ਜਾ ਰਿਹਾ ਹੈ। ਪੰਜਾਬੀ ਸੱਭਿਆਚਾਰ ਦੀ ਜਿੰਦਜਾਨ ਵਿਆਹ ਦੇ ਗੀਤ-ਘੋੜੀਆਂ, ਸੁਹਾਗ, ਸਿੱਠਣੀਆਂ ਅਤੇ ਵਿਆਹ ਦੀਆਂ ਰਸਮਾਂ ਮੌਕੇ ਗਾਏ ਜਾਣ ਵਾਲੇ ਗੀਤ ਪੈਲੇਸ ਸੱਭਿਆਚਾਰ ਦੇ ਆਉਣ ਨਾਲ ਮਨਫ਼ੀ ਹੋ ਚੁੱਕੇ ਹਨ। ਪੈਲੇਸਾਂ ਵਿਚ ਹੁੰਦੇ ਵਿਆਹਾਂ 'ਚ ਹੁਣ ਭੰਗੜਾ ਸੱਭਿਆਚਾਰਕ ਗਰੁੱਪ ਭਾਰੂ ਹਨ। ਸੱਭਿਆਚਾਰਕ ਕਦਰਾਂ-ਕੀਮਤਾਂ ਬਦਲ ਗਈਆਂ ਹਨ ਤੇ ਵਿਆਹ ਦੀਆਂ ਰਸਮਾਂ 'ਚ ਵੀ ਭਾਰੀ ਤਬਦੀਲੀ ਆ ਚੁੱਕੀ ਹੈ। ਸਮੇਂ ਨਾਲ ਬਦਲਣਾ ਇਕ ਕੌਮ, ਇਕ ਸਭਿਅਤਾ ਅਤੇ ਇਕ ਮੁਲਕ ਦੀ ਖ਼ੁਸ਼ਹਾਲੀ ਦੀ ਨਿਸ਼ਾਨੀ ਹੁੰਦੀ ਹੈ ਪਰ ਆਪਣੇ ਪੁਰਾਣੇ ਸੱਭਿਆਚਾਰ ਨੂੰ ਭੁੱਲ ਜਾਣਾ ਆਪਣੀ ਪਛਾਣ ਭੁੱਲ ਜਾਣ ਵਾਂਗ ਹੁੰਦਾ ਹੈ। ਇਸ ਲਈ ਸਾਨੂੰ ਪੁਰਾਣੀਆਂ ਰਵਾਇਤਾਂ ਦੇ ਨਾਲ ਨਵੀਆਂ ਰਵਾਇਤਾਂ ਨੂੰ ਜੋੜਨਾ ਪਵੇਗਾ। ਵਿਰਾਸਤੀ ਸਮੱਗਰੀ ਨੂੰ ਮੁੜ ਵਿਚਾਰ ਕੇ ਨਵੀਂ ਜ਼ਿੰਦਗੀ ਦਾ ਹਿੱਸਾ ਬਣਾਉਣਾ ਪਵੇਗਾ। ਸਾਨੂੰ ਆਪਣੇ ਸੱਭਿਆਚਾਰ ਦੀ ਸ਼ਾਨ ਨੂੰ ਬਰਕਰਾਰ ਰੱਖਣ ਲਈ ਇਸ ਦੀਆਂ ਕਦਰਾਂ-ਕੀਮਤਾਂ ਦੀ ਕਦਰ ਕਰਨੀ ਪਵੇਗੀ ਤਾਂ ਜੋ ਅਸੀਂ ਆਉਣ ਵਾਲੀਆਂ ਪੀੜ੍ਹੀਆਂ ਦੇ ਸਾਹਮਣੇ ਵਿਲੱਖਣਤਾ ਦਾ ਸਬੂਤ ਦੇ ਸਕੀਏ। ਇਹ ਨਾ ਹੋਵੇ ਕਿ ਸਾਨੂੰ ਉਨ੍ਹਾਂ ਦੇ ਸਾਹਮਣੇ ਸ਼ਰਮਿੰਦਾ ਹੋਣਾ ਪਵੇ।

**• ਦਿਲਵਿੰਦਰ ਸਿੰਘ ਗਿੱਲ**

# ਸਿੱਖਾਂ ਵੱਲੋਂ ਦਿੱਲੀ ਦੀ ਜਿੱਤ , ਸਤਾਰਾਂ ਸੌ ਤਰਾਸੀ



**ਬਲਰਾਜ ਸਿੰਘ ਸਿੱਧੂ ਐਸ.ਪੀ.**
**ਪੰਡੋਰੀ ਸਿੱਧਵਾਂ 9501100062**

17 ਅਕਤੂਬਰ 1762 ਈਸਵੀ ਨੂੰ ਦੀਵਾਲੀ ਵਾਲੇ ਦਿਨ ਅਫਗਾਨਿਸਤਾਨ ਦੇ ਬਾਦਸ਼ਾਹ ਅਹਿਮਦ ਸ਼ਾਹ ਅਬਦਾਲੀ ਦਾ ਵੱਡੇ ਘੱਲੂਘਾਰੇ ਤੋਂ ਸਿਰਫ ੮ ਮਹੀਨੇ ( ਫਰਵਰੀ 1762) ਮਹੀਨੇ ਬਾਅਦ ਸਿੱਖਾਂ ਨਾਲ ਅੰਮ੍ਰਿਤਸਰ ਸਾਹਿਬ ਵਿਖੇ ਪਿਪਲੀ ਸਾਹਿਬ (ਪੁਤਲੀਘਰ ਦੇ ਨਜ਼ਦੀਕ) ਦੇ ਸਥਾਨ ‘ਤੇ ਭਿਆਨਕ ਯੁੱਧ ਹੋਇਆ। ਬਿਨਾਂ ਵਕਤ ਗਵਾਏ ਤੜ੍ਹਕੇ ਹੀ ਦਲ ਖਾਲਸਾ ਮੌਤ ਬਣ ਕੇ ਅਬਦਾਲੀ ਦੀ ਫੌਜ ‘ਤੇ ਟੁੱਟ ਪਿਆ। ਸਿੱਖ ਫੌਜ ਦੀ ਕਮਾਂਡ ਸ. ਜੱਸਾ ਸਿੰਘ ਆਹਲੂਵਾਲੀਆ ਦੇ ਹੱਥ ਸੀ। ਤਕਰੀਬਨ ਸਾਰੀਆਂ ਮਿਸਲਾਂ ਨੇ ਇਸ ਜੰਗ ਵਿੱਚ ਹਿੱਸਾ ਲਿਆ ਤੇ ਸਾਰਾ ਦਿਨ ਘੋਰ ਯੁੱਧ ਚੱਲਦਾ ਰਿਹਾ। ਅੰਨ੍ਹੇ ਜੋਸ਼ ਨਾਲ ਲੜ ਰਹੀ ਸਿੱਖ ਫੌਜ ਦਾ ਪੱਲੜਾ ਸ਼ੁਰੂ ਤੋਂ ਹੀ ਭਾਰੀ ਹੋ ਗਿਆ। ਪਾਣੀਪੱਤ ਅਤੇ ਮੱਧ ਏਸ਼ੀਆ ਦਾ ਗਾਜ਼ੀ ਅਹਿਮਦ ਸ਼ਾਹ ਅਬਦਾਲੀ ਸ਼ਾਮ ਤੱਕ ਬੁਰੀ ਤਰਾਂ ਨਾਲ ਹਾਰ ਕੇ ਲਾਹੌਰ ਨੂੰ ਦੌੜ ਗਿਆ। ਜੇ ਉਸ ਦੇ ਅੰਗ ਰੱਖਿਅਕ ਉਸ ਨੂੰ ਰਣ ਤੱਤੇ ਵਿੱਚੋਂ ਧੂਹ ਕੇ ਨਾ ਲੈ ਜਾਂਦੇ ਤਾਂ ਸ਼ਾਇਦ ਉਹ ਇਥੇ ਹੀ ਮਾਰਿਆ ਜਾਂਦਾ। ਇਸ ਜੰਗ ਤੋਂ ਬਾਅਦ ਫਿਰ ਅਬਦਾਲੀ ਦੇ ਭਾਰਤ ਵਿੱਚ ਪੈਰ ਨਾ ਲੱਗੇ। ਨਵੰਬਰ ਵਿੱਚ ਕਸ਼ਮੀਰ ਤੋਂ ਵਾਪਸ ਆਈ ਫੌਜ ਨੂੰ ਲੈ ਕੇ ਉਹ ਦੁਬਾਰਾ ਸਿੱਖਾਂ ਦੇ ਮਗਰ ਚੜ੍ਹਿਆ, ਪਰ ਸਿੱਖਾਂ ਨੇ ਛਾਪਾਮਾਰ ਯੁੱਧ ਨਾਲ ਅਬਦਾਲੀ ਦੀ ਜਾਨ ਤੰਗ ਕਰ ਦਿੱਤੀ। ਇੱਕ ਦਿਨ ਇੱਕ ਇਕੱਲਾ ਸਿੱਖ ਹੀ ਘੋੜਾ ਦੌੜਾ ਕੇ ਅਬਦਾਲੀ ਨੂੰ ਜਾ ਪਿਆ। ਉਹ ਤਾਂ ਉਸ ਦੇ ਅੰਗ ਰੱਖਿਅਕਾਂ ਹੱਥੋਂ ਮਾਰਿਆ ਗਿਆ, ਪਰ ਇਸ ਗੱਲ ਨੇ ਅਬਦਾਲੀ ਦੇ ਦਿਲ ‘ਤੇ ਬਹੁਤ ਗਹਿਰਾ ਅਸਰ ਕੀਤਾ। ਉਹ ਮੁਹਿੰਮ ਵਿੱਚੇ ਛੱਡ ਕੇ ਵਾਪਸ ਲਾਹੌਰ ਆ ਬੈਠਾ। ਇਲਾਕੇ ਦਾ ਪ੍ਰਬੰਧ ਕਰ ਕੇ ੧੨ ਦਸੰਬਰ ੧੭੬੨ ਈਸਵੀ ਨੂੰ ਲਾਹੌਰ ਤੋਂ ਕਾਬਲ ਲਈ ਤੁਰ ਪਿਆ। ਉਸ ਦੇ ਰਾਵੀ ਪਾਰ ਕਰਦੇ ਹੀ ਸਿੱਖਾਂ ਨੇ ਉਸ ਦੀ ਫੌਜ ‘ਤੇ ਹਮਲਾ ਕਰ ਦਿੱਤਾ। ਮੱਧ ਏਸ਼ੀਆ ਦਾ ਸਭ ਤੋਂ ਵੱਡਾ ਜਰਨੈਲ ਆਪਣੇ ਸਾਹਮਣੇ ਦੂਸਰੇ ਕਿਨਾਰੇ ‘ਤੇ ਤਬਾਹ ਹੁੰਦੀ ਫੌਜ ਨੂੰ ਬਚਾਉਣ ਲਈ ਕੁਝ ਨਾ ਕਰ ਸਕਿਆ ਤੇ ਕੰਨ ਵਲੇਟ ਕੇ ਕਾਬਲ ਵੱਲ ਤੁਰ ਗਿਆ।

ਅਬਦਾਲੀ ਦੇ ਛੇਵੇਂ ਹਮਲੇ ਦੌਰਾਨ ਹੋਈ ਇਸ ਜੰਗ ਨੇ ਪੰਜਾਬ ਦੇ ਇਤਿਹਾਸ ਦਾ ਰੁਖ ਹੀ ਮੋੜ ਦਿੱਤਾ। ਇਸ ਤੋਂ ਬਾਅਦ ਅਬਦਾਲੀ ਨੇ ਭਾਰਤ ਉੱਪਰ ਪੰਜ ਹਮਲੇ ਹੋਰ ਕੀਤੇ ਪਰ ਉਸ ਨੂੰ ਪਹਿਲਾਂ ਵਾਲੀ ਸਫਲਤਾ ਹਾਸਲ ਨਾ ਹੋ ਸਕੀ ਤੇ ਉਹ ਮੁੜ ਕਦੇ ਵੀ ਦਿੱਲੀ ਤੱਕ ਨਾ ਪਹੁੰਚ ਸਕਿਆ। ਸਿੱਖਾਂ ਨੇ ਉਸ ਨੂੰ ਤੰਗ ਕਰ ਕੇ ਕਦੇ ਅੰਬਾਲੇ ਤੇ ਕਦੇ ਲਾਹੌਰ ਤੋਂ ਵਾਪਸ ਮੁੜਨ ਲਈ ਮਜ਼ਬੂਰ ਕਰ ਦਿਤਾ। ਦਸਵੇਂ ਅਤੇ ਗਿਆਰਵੇਂ ਹਮਲੇ ਵੇਲੇ ਤਾਂ ਦਲ ਖਾਲਸਾ ਨੇ ਉਸ ਨੂੰ ਝਨ੍ਹਾਂ ਦਰਿਆ ਨਾ ਟੱਪਣ ਦਿੱਤਾ। ੧੪ ਮਾਰਚ ੧੭੭੦ ਨੂੰ ਉਸ ਦੇ ਸਾਰੀ ਜ਼ਿੰਦਗੀ ਅੰਗ ਸੰਗ ਰਿਹਾ ਵਫਾਦਾਰ ਜਰਨੈਲ ਜਹਾਨ ਖਾਨ ਮਰ ਗਿਆ ਤੇ ਆਖਰ ਟੁੱਟੇ ਦਿਲ ਨਾਲ ਅਬਦਾਲੀ ਵੀ ੧੪ ਅਪਰੈਲ ੧੭੭੨ ਨੂੰ ਜ਼ਿੰਦਗੀ ਦੀ ਜੰਗ ਹਾਰ ਗਿਆ। ਉਸ ਦੀ ਪਿੰਡ ਮਾਰੂਫ (ਕੰਧਾਰ) ਵਿਖੇ ੫੦ ਸਾਲ ਦੀ ਉਮਰ ਵਿੱਚ ਮੌਤ ਹੋ ਗਈ। ਉਸ ਦਾ ਮਕਬਰਾ ਕੰਧਾਰ ਵਿੱਚ ਬਣਿਆ ਹੋਇਆ ਹੈ। ਅਬਦਾਲੀ ਦੇ ਜਿਊਂਦੇ ਜੀਅ ਹੀ ਸਿੱਖ ਮਿਸਲਾਂ ਸਾਰੇ ਪੰਜਾਬ ਵਿੱਚ ਖਿਲਰ ਗਈਆਂ ਸਨ ਤੇ ਉਸ ਦੇ ਮਰਦੇ ਸਾਰ ਮਿਸਲਾਂ ਨੇ ਜੰਮੂ ਤੋਂ ਲੈ ਕੇ ਮੁਲਤਾਨ ਅਤੇ ਜਮਨਾਂ ਦਰਿਆ ਤੋਂ ਲੈ ਕੇ ਜਮਰੌਦ ਤੱਕ ਦੇ ਇਲਾਕਿਆਂ ‘ਤੇ ਆਪਣਾ ਕਬਜ਼ਾ ਜਮਾ ਲਿਆ।

ਵੱਡੇ ਘੱਲੂਘਾਰੇ ਤੋਂ ਦਸ ਸਾਲ ਬਾਅਦ ਦਲ ਖਾਲਸਾ ਨੇ ਸਤੰਬਰ ੧੭੭੨ ਨੂੰ ਪਹਿਲੀ ਵਾਰ ਪੰਜਾਬ ਤੋਂ ਉੱਤਰ ਵੱਲ ਚੜ੍ਹਾਈ ਕੀਤੀ। ਤਰਨਾ ਦਲ ਅਤੇ ਬੁੱਢਾ ਦਲ ਨੇ ਰਲ ਕੇ ਸਹਾਰਨਪੁਰ ਅਤੇ ਰੁਹੇਲਖੰਡ ਦੇ ਚੌਧਰੀਆਂ ਤੋਂ ਨਜ਼ਰਾਨੇ ਵਸੂਲ ਕੀਤੇ। ਇਸ ਤੋਂ ਬਾਅਦ ੧੭੭੮ ਨੂੰ ਭਰਤਪੁਰ ਦੇ ਰਾਜੇ ਸੂਰਜ ਮੱਲ ਨੇ ਮਰਾਠਿਆਂ ਦੇ ਖਿਲਾਫ ਮਦਦ ਮੰਗੀ ਤਾਂ ਦਲ ਖਾਲਸਾ ਤੇ ਭਰਤਪੁਰ ਦੀਆਂ ਫੌਜਾਂ ਨੇ ਧੌਲਪੁਰ ਦਾ ਇਲਾਕਾ ਲੁੱਟ ਰਹੇ ਮਰਾਠਾ ਜਨਰਲ ਮਲਹਾਰ ਰਾਉ ਨੂੰ ਜਾ ਘੇਰਿਆ। ਮਰਾਠੇ ਹਾਰ ਕੇ ਦੌੜ ਗਏ ਤੇ ਮਰਾਠਾ ਸਰਦਾਰ ਸੁਲਤਾਨ ਜੀ ਜ਼ਖਮੀ ਹਾਲਤ ਵਿੱਚ ਗ੍ਰਿਫਤਾਰ ਕਰ ਲਿਆ ਗਿਆ। ਦਲ ਖਾਲਸਾ ਦੀਆਂ ਵੱਖ ਵੱਖ ਮਿਸਲਾਂ ਨੇ ਮੌਜੂਦਾ ਹਰਿਆਣਾ, ਯੂ.ਪੀ. ਅਤੇ ਰਾਜਸਥਾਨ ਦੇ ਵੱਖ ਰਾਜਿਆਂ ਅਤੇ ਨਵਾਬਾਂ ਜਿਵੇਂ ਰੁਹੇਲਖੰਡ ਦੇ ਨਜੀਬਉਦੌਲਾ, ਨਵਾਬ ਪਟੌਦੀ, ਰਿਵਾੜੀ, ਕੁਟਾਨਾ, ਝੰਝਾਨਾ, ਬੁਢਾਨਾ, ਅੰਬੇਟਾ, ਨਨੌਟਾ, ਮੇਰਠ ਅਤੇ ਜੈਪੁਰ ਦੇ ਰਾਜੇ ਮਾਧੋ ਸਿੰਘ ਆਦਿ ਦੇ ਇਲਾਕਿਆਂ ‘ਤੇ ਛਾਪੇ ਮਾਰਨੇ ਸ਼ੁਰੂ ਕਰ ਦਿੱਤੇ ਤੇ ਸਿੱਖ ਗੰਗਾ ਨਦੀ ਤੱਕ ਛਾ ਗਏ। ਜਮਨਾ ਅਤੇ ਗੰਗਾ ਦੇ ਵਿਚਕਾਰਲੇ ਇਲਾਕੇ ਦੇ ਚੌਧਰੀਆਂ ਨੇ ਰੋਜ਼ ਦੀ ਲੁੱਟ ਮਾਰ ਤੋਂ ਤੰਗ ਆ ਕੇ ਦਲ ਖਾਲਸਾ ਦੀ ਅਧੀਨਗੀ ਮੰਨ ਲਈ ਤੇ ਰਾਖੀ ਟੈਕਸ ਦੇਣ ਲੱਗ ਪਏ। ਮਿਸਲਦਾਰਾਂ ਦੇ ਥੋੜ੍ਹੇ ਜਿਹੇ ਸਿਪਾਹੀ ਛੇ ਮਹੀਨੇ ਬਾਅਦ ਜਾ ਕੇ ਰਾਖੀ ਉਗਰਾਹ ਕੇ ਲੈ ਆਉਂਦੇ। ਸਿੱਖਾਂ ਦੇ ਦਿਲ ਵਿੱਚ ਦਿੱਲੀ ਫਤਿਹ ਕਰਨ ਦੀ ਬਹੁਤ ਰੀਝ ਸੀ। ਉਸ ਵੇਲੇ ਦਿੱਲੀ ਦਾ ਬਾਦਸ਼ਾਹ ਸ਼ਾਹ ਆਲਮ ਦੂਸਰਾ ਸੀ ਜੋ ਬਹੁਤ ਹੀ ਕਮਜ਼ੋਰ ਕਿਸਮ ਦਾ ਸਖਸ਼ ਸੀ। ਉਸ ਦਾ ਰਾਜ ਸਿਰਫ ਦਿੱਲੀ ਅਤੇ ਆਸ ਪਾਸ ਦੇ ਕੁਝ ਇਲਾਕਿਆਂ ਤੱਕ ਹੀ ਸੀਮਤ ਰਹਿ ਗਿਆ ਸੀ। ਉਸ ਨੂੰ ਮਰਾਠਿਆਂ ਦੁਆਰਾ ਥਾਪਿਆ ਗਿਆ ਸੀ ਤੇ ਦਿੱਲੀ ਦਾ ਅਸਲ ਮਾਲਕ ਗਵਾਲੀਅਰ ਦਾ ਮਰਾਠਾ ਸਰਦਾਰ ਮਹਾਦਾ ਜੀ ਸਿੰਧੀਆ ਸੀ। ਪਰ ਪਾਣੀਪੱਤ ਦੀ ਤੀਸਰੀ ਜੰਗ (੧੪ ਜਨਵਰੀ ੧੭੬੧) ਵਿੱਚ ਸਖਤ ਹਾਰ ‘ਤੇ ਭਾਰੀ ਨੁਕਸਾਨ ਉਠਾਉਣ ਤੋਂ ਬਾਅਦ ਮਰਾਠਿਆਂ ਨੇ ਨਵੀਂ ਉੱਭਰਦੀ ਸ਼ਕਤੀ ਸਿੱਖਾਂ ਦੇ ਮਾਮਲਿਆਂ ਵਿੱਚ ਦਖਲ ਦੇਣਾ ਬੰਦ ਕਰ ਦਿੱਤਾ ਸੀ। ਉਸ ਸਮੇਂ ਤੱਕ ਅੰਗਰੇਜ਼ ਵੀ ਭਾਰਤ ਵਿੱਚ ਆਪਣੇ ਪੈਰ ਜਮਾ ਚੁੱਕੇ ਸਨ ਤੇ ਬੰਗਾਲ, ਬਿਹਾਰ ਅਤੇ ਉੜੀਸਾ ‘ਤੇ ਕਬਜ਼ਾ ਕਰਨ ਤੋਂ ਬਾਅਦ ਇਲਾਹਾਬਾਦ ਤੱਕ ਪਹੁੰਚ ਚੁੱਕੇ ਸਨ। ਹੁਣ ਉਨ੍ਹਾਂ ਦੀ ਅੱਖ ਭਾਰਤ ਦੀ ਰਾਜਧਾਨੀ ਦਿੱਲੀ ‘ਤੇ ਲੱਗੀ ਹੋਈ ਸੀ।

ਦਲ ਖਾਲਸਾ ਦੀ ਦਿੱਲੀ ਜਿੱਤ ਦਾ ਸੂਤਰਧਾਰ ਸਰਦਾਰ ਬਘੇਲ ਸਿੰਘ ਕਰੋੜਸਿੰਘੀਆ ਸੀ। ਉਸ ਦੀ ਮਿਸਲ ਦੇ ਕਬਜ਼ੇ ਹੇਠ ਮੌਜੂਦਾ ਹਰਿਆਣੇ ਅਤੇ ਯੂ.ਪੀ. ਵਿੱਚ ਅੰਬਾਲਾ, ਕਰਨਾਲ, ਥਾਨੇਸਰ, ਹਿਸਾਰ, ਮੇਰਠ, ਸਹਾਰਨਪੁਰ ਅਤੇ ਅਵਧ ਦੇ ਕੁਝ ਇਲਾਕੇ ਸਨ। ਦਿੱਲੀ ਦੇ ਨਜ਼ਦੀਕ ਹੋਣ ਕਾਰਨ ਉਹ ਮੁਗਲ ਦਰਬਾਰ ਦੀ ਅੰਦਰੂਨੀ ਰਾਜਨੀਤੀ ਅਤੇ ਕਮਜ਼ੋਰੀਆਂ ਤੋਂ ਭਲੀ ਭਾਂਤ ਵਾਕਿਫ ਸੀ। ਉਸ ਨੇ ਦਲ ਖਾਲਸਾ ਦੇ ਪ੍ਰਧਾਨ ਸੈਨਾਪਤੀ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੂੰ ਦਿੱਲੀ ‘ਤੇ ਕਬਜ਼ੇ ਲਈ ਪ੍ਰੇਰਿਤ ਕੀਤਾ। ਦਿੱਲੀ ‘ਤੇ ਕਬਜ਼ਾ ਕਰਨ ਲਈ ੬੦੦੦੦ ਦੀ ਫੌਜ ਲੈ ਕੇ ਦਲ ਖਾਲਸਾ ਨੇ ੪ ਫਰਵਰੀ ੧੭੮੩ ਨੂੰ ਸਰਹੰਦ ਤੋਂ ਕੂਚ ਕੀਤਾ। ਦਲ ਖਾਲਸਾ ਦੀ ਕਮਾਂਡ ਸ. ਜੱਸਾ ਸਿੰਘ ਆਹਲੂਵਾਲੀਆ ਅਤੇ ਸ. ਬਘੇਲ ਸਿੰਘ ਦੇ ਹੱਥ ਸੀ। ੯ ਮਾਰਚ ਨੂੰ ਸਿੱਖ ਫੌਜ ਦਿੱਲੀ ਪਹੁੰਚ ਗਈ ਤੇ ੧੧ ਮਾਰਚ ਨੂੰ ਸਿੱਖਾਂ ਤੇ ਮੁਗਲਾਂ ਵਿਚਕਾਰ ਮੌਜੂਦਾ ਨਵੀਂ ਦਿੱਲੀ ਦੇ ਸਥਾਨ ‘ਤੇ ਭਾਰੀ ਲੜਾਈ ਹੋਈ। ਭਾਵੇਂ ਬਾਦਸ਼ਾਹ ਸ਼ਾਹ ਆਲਮ ਮਹਾਦਾ ਜੀ ਸਿੰਧੀਆ ਦੀ ਸੁਰੱਖਿਆ ਹੇਠ ਸੀ, ਪਰ ਕਈ ਵਾਰ ਸਿੱਖਾਂ ਨਾਲ ਦੋ ਦੋ ਹੱਥ ਕਰ ਚੁੱਕੇ ਮਰਾਠੇ ਇਸ ਜੰਗ ਤੋਂ ਬਾਹਰ ਰਹੇ। ੧੨ ਮਾਰਚ ਨੂੰ ਸਿੱਖ ਫੌਜ ਨੇ ਲਾਲ ਕਿਲ੍ਹੇ ਨੂੰ ਘੇਰਾ ਪਾ ਲਿਆ ਤੇ ਮੁਖਬਰਾਂ ਦੀ ਦਿੱਤੀ ਸੂਹ ਮੁਤਾਬਕ ਇੱਕ ਕਮਜ਼ੋਰ ਥਾਂ ਤੋਂ ਦੀਵਾਰ ਤੋੜ ਕੇ ਅੰਦਰ ਜਾ ਵੜੇ। ਬਾਦਸ਼ਾਹ ਸ਼ਾਹ ਆਲਮ ਅਤੇ ਉਸ ਦੇ ਜਰਨੈਲ ਮਹਿਲਾਂ ਅੰਦਰ ਛਿਪ ਗਏ।

ਲਾਲ ਕਿਲ੍ਹੇ ਤੋਂ ਮੁਗਲਾਂ ਦਾ ਝੰਡਾ ਉਤਾਰ ਕੇ ਕੇਸਰੀ ਨਿਸ਼ਾਨ ਸਾਹਿਬ ਲਹਿਰਾਇਆ ਗਿਆ। ਸ. ਜੱਸਾ ਸਿੰਘ ਆਹਲੂਵਾਲੀਆ ਨੂੰ ਦੀਵਾਨੇ ਆਮ ਦੇ ਤਖਤ ‘ਤੇ ਬਿਠਾ ਕੇ ਸੁਲਤਾਨ ਉਲ ਕੌਮ ਦੀ ਉਪਾਧੀ ਦਿੱਤੀ ਗਈ। ਨਵਾਬ ਕਪੂਰ ਸਿੰਘ ਦੇ ਕੀਤੇ ਬਚਨ ਪੂਰੇ ਹੋਏ ਕਿ ਸਿੱਖ ਗੁਰੂ ਸਾਹਿਬ ਦੀਆਂ ਲਾਡਲੀਆਂ ਫੌਜਾਂ ਹਨ। ਇਨ੍ਹਾਂ ਨੇ ਮੈਨੂੰ ਨਵਾਬੀ ਲੈ ਕੇ ਦਿੱਤੀ ਸੀ, ਤੈਨੂੰ ਬਾਦਸ਼ਾਹੀ ਲੈ ਕੇ ਦੇਣਗੇ। ਸ. ਜੱਸਾ ਸਿੰਘ ਰਾਮਗੜ੍ਹੀਆ ਵੱਲੋਂ ਇਤਰਾਜ਼ ਕਰਨ ‘ਤੇ ਅਤੇ ਸਿੱਖਾਂ ਨੂੰ ਭਰਾ ਮਾਰੂ ਜੰਗ ਤੋਂ ਬਚਾਉਣ ਲਈ ਸ. ਜੱਸਾ ਸਿੰਘ ਆਹਲੂਵਾਲੀਆ ਤਖਤ ਤੋਂ ਉੱਤਰ ਆਇਆ। ਸ਼ਾਹ ਆਲਮ ਨੇ ਮਹਾਦਾ ਜੀ ਸਿੰਧੀਆ ਅਤੇ ਬੇਗਮ ਸਮਰੂ ਨੂੰ ਵਿੱਚ ਪਾ ਕੇ ਸਿੱਖਾਂ ਨਾਲ ਸੰਧੀ ਕਰ ਲਈ। ਸੰਧੀ ਦੇ ਮੁਤਾਬਕ ਤਿੰਨ ਲੱਖ ਨਜ਼ਰਾਨਾ ਅਤੇ ਦਿੱਲੀ ਦੀ ੧੩% ਚੁੰਗੀ ਅਤੇ ਕੋਤਵਾਲੀ ਇਲਾਕੇ ‘ਤੇ ਸਿੱਖਾਂ ਦਾ ਹੱਕ ਮੰਨ ਲਿਆ ਗਿਆ। ਸਭ ਤੋਂ ਮਹੱਤਵਪੂਰਨ ਫੈਸਲਾ ਇਹ ਹੋਇਆ ਕਿ ਸਿੱਖਾਂ ਨੂੰ ਦਿੱਲੀ ਵਿੱਚ ਗੁਰੂ ਸਾਹਿਬਾਨ ਨਾਲ ਸਬੰਧਿਤ ਗੁਰਦਵਾਰੇ ਉਸਾਰਨ ਦਾ ਹੱਕ ਪ੍ਰਾਪਤ ਹੋ ਗਿਆ। ਗੁਰਦਵਾਰੇ ਉਸਾਰਨ ਤੱਕ ਸ. ਬਘੇਲ ਸਿੰਘ ਨੇ ੪੦੦੦ ਸੈਨਿਕਾਂ ਸਮੇਤ ਦਿੱਲੀ ਵਿੱਚ ਸਬਜ਼ੀ ਮੰਡੀ ਵਾਲੇ ਇਲਾਕੇ ਵਿੱਚ ਛਾਉਣੀ ਪਾ ਕੇ ਰਹਿਣਾ ਸੀ। ਚੁੰਗੀ ਉਗਰਾਹੁਣ ਦਾ ਹੱਕ ਬਘੇਲ ਸਿੰਘ ਨੂੰ ਦੇ ਕੇ ਸਿੱਖ ਫੌਜ ਪੰਜਾਬ ਨੂੰ ਪਰਤ ਆਈ। ਬਘੇਲ ਸਿੰਘ ਨੇ ਨਿਸ਼ਾਨਦੇਹੀ ਕਰਵਾ ਕੇ ਗੁਰਦਵਾਰਾ ਮਾਤਾ ਸੁੰਦਰੀ, ਗੁਰਦਵਾਰਾ ਬੰਗਲਾ ਸਾਹਿਬ, ਗੁਰਦਵਾਰਾ ਰਕਾਬ ਗੰਜ, ਗੁਰਦਵਾਰਾ ਸੀਸ ਗੰਜ ਅਤੇ ਗੁਰਦਵਾਰਾ ਮਜਨੂੰ ਕਾ ਟਿੱਲਾ ਦੀ ਉਸਾਰੀ ਕਾਰਵਾਈ। ਜਿਸ ਥਾਂ ‘ਤੇ ਸ. ਬਘੇਲ ਸਿੰਘ ਨੇ ਜੰਗ ਵੇਲੇ ੩੦੦੦੦ ਸੈਨਿਕਾਂ ਨਾਲ ਪੜਾਉ ਕੀਤਾ ਸੀ, ਉਥੇ ਹੁਣ ਦਿੱਲੀ ਦੀ ਹਾਈ ਕੋਰਟ, ਤੀਸ ਹਜ਼ਾਰੀ ਅਦਾਲਤਾਂ ਬਣੀਆਂ ਹੋਈਆਂ ਹਨ।

# ਰਿਸ਼ਤਿਆਂ ਦੇ ਬਾਜਾਰ ਵਿੱਚ ਲੱਭਦਾ ਸੀ ਸੱਚੀ ਦੋਸਤੀ



ਮੈਂ ਇੱਕ ਬਾਜਾਰ ਵਿੱਚ ਪਹੁੰਚਿਆਂ , ਜਿੱਥੇ ਰਿਸ਼ਤੇ ਖੁੱਲੇ ਆਮ ਵਿਕ ਰਹੇ ਸੀ ।ਮੈਂ ਇੱਕ ਦੁਕਾਨਦਾਰ ਨੂੰ ਪੁੱਛਿਆ ਕੀ ਕੀਮਤ ਹੈ, ਦੁਕਾਨਦਾਰ ਨੇ ਕਿਹਾ ਹਰ ਰਿਸ਼ਤੇ ਦੀ ਆਪੋ ਆਪਣੀ ਕੀਮਤ ਹੈ, ਪਰ ਤੁਹਾਨੂੰ ਕਿਸ ਰਿਸ਼ਤੇ ਦੀ ਲੋੜ ਹੈ ਮੈਂ ਕਿਹਾ ਭਾਈ ਸਾਹਿਬ ਸੱਚੀ ਦੋਸਤੀ ਦੇ ਰਿਸ਼ਤੇ ਦੀ ਲੋੜ ਹੈ, ਇਸ ਦੀ ਕੀ ਕੀਮਤ ਹੈ ਦੁਕਾਨਦਾਰ ਨੇ ਦੁਕਾਨ ਵਿੱਚ ਪਏ ਰਿਸ਼ਤਿਆਂ ਵਿੱਚੋਂ ਸੱਚੀ ਦੋਸਤੀ ਦੇ ਰਿਸ਼ਤੇ ਦੀ ਭਾਲ ਕੀਤੀ, ਫਿਰ ਆ ਕੇ ਕਹਿੰਦਾ ਮੁਆਫ ਕਰੋ ਮੇਰੇ ਕੋਲ ਇਹ ਰਿਸ਼ਤਾ ਨਹੀ ਹੈ ।ਮੈ ਰਿਸ਼ਤਿਆ ਦੇ ਬਜਾਰ ਵਿੱਚ ਹਰ ਦੁਕਾਨ ਤੇ ਸੱਚੀ ਦੋਸਤੀ ਦਾ ਰਿਸ਼ਤਾ ਲੱਭਿਆ ਪਰ ਮੈਨੂੰ ਇਹ ਰਿਸ਼ਤਾ ਵਿਕਾਊ ਨਹੀ ਮਿਲਿਆ ।ਮੈਂ ਥੱਕ ਹਾਰ ਕੇ ਇੱਕ ਦਰਖੱਤ ਹੇਠਾਂ ਆ ਬੈਠ ਗਿਆ, ਇੱਕ ਬੁੱਢਾ ਬਜੁਰਗ ਮੇਰੇ ਕੋਲ ਆਇਆ ਤੇ ਕਹਿੰਦਾ ਪੁੱਤਰ ਕੀ ਹੋਇਆ ਬੜਾ ਥੱਕਿਆ ਟੁੱਟਿਆਂ ਹੋਇਆ ਲੱਗਦਾ ਏਂ। ਮੈ ਕਿਹਾ ਬਾਬਾ ਜੀ ਰਿਸ਼ਤਿਆਂ ਦੇ ਬਜਾਰ ਵਿੱਚੋ ਆਇਆਂ ਤਾਂ ਥੱਕ ਗਿਆ, ਬੁੱਢੇ ਬਾਬੇ ਨੇ ਕਿਹਾ ਪੁੱਤਰ ਕਿਹੜਾ ਰਿਸ਼ਤਾ ਖਰੀਦਿਆ ਮੈਨੂੰ ਤਾਂ ਤੇਰੇ ਨਾਲ ਕੋਈ ਰਿਸ਼ਤਾ ਨਜਰ ਨਹੀਂ ਆਉਦਾਂ।ਮੈ ਕਿਹਾ ਬਾਬਾ ਜੋ ਰਿਸ਼ਤਾ ਭਾਲਦਾ ਸੀ ਉਹ ਰਿਸ਼ਤਾ ਮਿਲਿਆ ਹੀ ਨਹੀ, ਬੁੱਢੇ ਬੁਜਰਗ ਨੇ ਕਿਹਾ ਪੁੱਤਰ ਕਿਹੜਾ ਰਿਸ਼ਤਾ ਚਾਹੀਦਾ ਤੈਨੂੰ, ਮੈ ਕਿਹਾ ਬਾਬਾ ਸੁੱਚੀ ਦੋਸਤੀ ਦਾ, ਬੁੱਢਾ ਬਾਬਾ ਹੱਸ ਕੇ ਕਹਿਣ ਲੱਗਾ ਪੁੱਤਰਾ ਇਹ ਰਿਸ਼ਤਾ ਵਿਕਾਊ ਨਹੀ ਹੈ।ਮੈ ਹੈਰਾਨ ਹੋ ਕੇ ਪੁੱਛਿਆ ਕਿਉ ? ਬਾਬਾ ਕਹਿੰਦਾ ਸੁਣ ਪੁੱਤਰਾ ਸੁੱਚੀ ਦੋਸਤੀ ਦੀ ਤਲਾਸ ਕਰਨ ਤੋਂ ਪਹਿਲਾਂ ਇਹ ਨਾ ਭੁੱਲ ਜਾਣਾ ਪਹਿਲਾਂ ਆਪ ਇੱਕ ਚੰਗਾ ਤੇ ਸੱਚਾ ਇਨਸਾਨ ਬਣ, ਫਿਰ ਸੁੱਚੀ ਦੋਸਤੀ ਮਿਲੂ ਪੁੱਤਰਾ ਤੈਨੂੰ।ਬਾਬਾ ਨੇ ਕਿਹਾ ਪੁੱਤਰ ਅੱਜ ਕੁਝ ਗੱਲਾ ਦੱਸਦਾ ਹਾਂ ਪੱਲੇ ਬੰਨ ਲਈ, ਮੈਂ ਕਿਹਾ ਬਾਬਾ ਜਰੂਰ ਸੱਚੀ ਦੋਸਤੀ ਦੀ ਲਈ ਦੱਸੋ ਕੀ ਕਰਨਾ ਪਊ ਮੈਨੂੰ, ਫਿਰ ਬਾਬੇ ਨੇ ਆਪਣੇ ਅਨੁਭਵ ਦੀਆਂ ਗੱਲਾਂ ਦੱਸੀਆਂ, ਬਾਬਾ ਨੇ ਕਿਹਾ ਪੁੱਤਰ, ਮੇਰਾ ਅਨੁਭਵ ਕਹਿੰਦਾਂ ਹੈ ਕਿ ਇਨਸਾਨ ਜਾਂ ਦੋਸਤ ਮੁਕੰਮਲ ਨਹੀ ਹੁੰਦਾ।ਹਰ ਇਨਸਾਨ ਵਿੱਚ ਕੁਝ ਚੰਗੇ ਗੁਣਾਂ ਦੇ ਨਾਲ ਨਾਲ ਮਾੜੀਆਂ ਆਦਤਾਂ ਵੀ ਹੁੰਦੀਆਂ ਹਨ।ਅਸੀਂ ਉਸ ਵਿੱਚ ਵਿਚਲੀਆਂ ਚੰਗਿਆਈਆ ਨੂੰ ਤਾਂ ਚਾਹੁੰਦੇ ਹਾਂ ਪਰ ਉਸਦੀਆਂ ਬੁਰਿਆਈਆਂ ਨੂੰ ਨਹੀਂ ਅਪਨਾਉਣਾ ਚਾਹੁੰਦੇ।ਫਰਕ ਸਿਰਫ ਇੰਨਾ ਹੁੰਦਾ ਹੈ ਕਿ ਕਿਸੇ ਵਿੱਚ ਚੰਗੇ ਗੁਣ ਵੱਧ ਹੁੰਦੇ ਹਨ ਤੇ ਕਿਸੇ ਵਿੱਚ ਘੱਟ ,ਪੁੱਤਰਾ ਸਾਨੂੰ ਚਾਹੀਦਾ ਹੈ ਕਿ ਅਸੀ ਕਿਸੇ ਵਿਅਕਤੀ ਨੂੰ ਚੰਗਾ ਬਣਾਉਣ ਤੋਂ ਪਹਿਲਾਂ ਆਪ ਚੰਗੇ ਇਨਸਾਨ ਬਣੀਏ, ਪੁੱਤਰਾਂ ਫਿਰ ਹੀ ਅਸੀ ਕਿਸੇ ਨੂੰ ਸੱਚਾ ਦੋਸਤ ਬਣਾ ਸਕਦੇ ਹਾਂ।ਪੁੱਤਰਾਂ ਮੇਰੇ ਖਿਆਲ ਨਾਲ ਦੋਸਤੀ ਇੱਕ ਪਵਿਤੱਰ ਰਿਸ਼ਤਾ ਹੈ, ਦੋਸਤੀ ਲਈ ਤਿਆਗ ਕਰਨਾ ਪੈਦਾਂ ਹੈ, ਦੋਸਤੀ ਲਈ ਕੁਰਬਾਨੀ, ਵਫਾਦਾਰੀ ਤੇ ਸੱਚੀ ਦੋਸਤੀ ਵਿੱਚ ਦੋਸਤ ਦੀ ਗਲਤੀ ਨੂੰ ਗਲਤ ਦੱਸਣਾ ਪੈਂਦਾ ਹੈ ਉਸ ਨੂੰ ਮਾੜੇ ਕੰਮ ਤੋਂ ਰੋਕਣਾ ਪੈਂਦਾ ਹੈ।ਪੱਤਰਾ ਇੱਕ ਗੱਲ ਹੋਰ ਕੁਝ ਵਿਅਕਤੀ ਇਹੋ ਜਿਹੇ ਹਨ ਜਿਹਨਾਂ ਨੂੰ ਦੋਸਤ ਤੇ ਦੋਸਤੀ ਦੀ ਸਹੀ ਪਹਿਚਾਣ ਨਹੀਂ ਹੁੰਦੀ।ਉਹ ਵਿਅਕਤੀ ਦੇ ਕੁਝ ਗੁਣਾਂ ਵਲ ਹੀ ਆਕ੍ਰਸ਼ਿਤ ਹੋਕੇ ਉਹਨਾਂ ਵੱਲ ਖਿੱਚੇ ਜਾਂਦੇ ਹਨ ਪਰ ਜਲਦੀ ਹੀ ਜਦੋਂ ਉਸ ਦੋਸਤ ਦੀਆਂ ਕਾ ਕਮੀਆਂ ਬਾਰੇ ਪਤਾ ਲੱਗਦਾ ਹੈ ਤਾਂ ਉਸ ਤੋਂ ਪੱਲਾ ਛੁਡਾਕੇ ਨਵੇਂ ਦੋਸਤ ਬਣਾਉਣ ਦੀ ਕੋਸ਼ਿਸ਼ ਕਰਦੇ ਹਨ।ਉਸਨੂੰ ਫਰਕ ਨਹੀ ਪੈਂਦਾ ਪਰ ਜਿਹੜਾ ਪੁਰਾਣਾ ਦੋਸਤ ਉਸ ਨੂੰ ਸੱਚੇ ਦਿਲੋਂ ਆਪਣਾ ਦੋਸਤ ਮੰਨਦਾ ਹੋਇਆਂ ਉਸ ਲਈ ਆਪਣੀ ਹਰ ਕੁਰਬਾਨੀ ਦੇਣ ਲਈ ਤਿਆਰ ਰਹਿੰਦਾ ਹੈ ਉਸ ਨੂੰ ਬਹੁਤ ਜਿਆਦਾ ਤਕਲੀਫ ਹੁੰਦੀ ਹੈ।ਪੁੱਤਰਾ ਇੱਕ ਸੱਚੇ ਦੋਸਤ ਦੀ ਹਰ ਵਿਅਕਤੀ ਅੰਦਰ ਕਿਤੇ ਨਾ ਕਿਤੇ ਇੱਛਾ ਜਰੂਰ ਹੁੰਦੀ ਹੈ।ਇੱਕ ਇਹੋ ਜਿਹਾ ਦੋਸਤ ਜਿਸਨੂੰ ਉਹ ਆਪਣੇ ਮਨ ਦੀ ਹਰ ਗੱਲ ਦੱਸ ਸਕੇ। ਵਿਅਕਤੀ ਹਰ ਕਿਸੇ ਕੋਲ ਮਨ ਦੀ ਗੱਲ ਨਹੀਂ ਕਰਦਾ ਪਰ ਦੋਸਤ ਨਾਲ ਬੇਝਿਜਕ ਹੋਕੇ ਆਪਣੇ ਦਿਲ ਦੀ ਹਰ ਗੱਲ ਕਰ ਸਕਦਾ ਹੈ। ਵਿਅਕਤੀ ਆਪਣੇ ਦੋਸਤ ਸਾਹਮਣੇ ਆਪਣਾ ਜੀਵਨ ਇੱਕ ਖੁੱਲੀ ਕਿਤਾਬ ਵਾਗ ਰੱਖਣਾ ਚਾਹੁੰਦਾ ਹੈ ਤਾਂ ਜੋ ਇੱਕ ਸੱਚਾ ਦੋਸਤ ਤੁਹਾਡੀਆਂ ਖਾਮੀਆਂ ਨੂੰ ਦੂਰ ਕਰਨ ਦਾ ਯਤਨ ਕਰ ਸਕੇ ਪੁੱਤਰਾ ਇੱਕ ਸੱਚੇ ਦੋਸਤ ਦੀ ਦੋਸਤੀ ਜਿਸ ਵਿਅਕਤੀ ਨੂੰ ਮਿਲ ਜਾਵੇ ਉਸਤੋਂ ਖੁਸ਼ਨਸੀਬ ਤੇ ਅਮੀਰ ਵਿਅਕਤੀ ਹੋਰ ਕੋਈ ਨਹੀਂ ਹੋ ਸਕਦਾ।ਪੁੱਤਰਾ ਮੇਰੀ ਪ੍ਰਮਾਰਤਾ ਅੱਗੇ ਅਰਦਾਸ ਹੈ ਤੈਨੂੰ ਸੱਚੇ ਦੋਸਤ ਦੀ ਦੋਸਤੀ ਮਿਲੇ ਪਰ ਪਹਿਲਾਂ ਤੂੰ ਖੁਦ ਚੰਗਾ ਇਨਸਾਨ ਬਣਨ ਦੀ ਕੋਸ਼ਿਸ਼ ਕਰ, ਬਾਬਾ ਇਹ ਕਹਿ ਕੇ ਆਪਣੇ ਰਾਹ ਪੈ ਗਿਆ ਤੇ ਮੈ ਬਾਬੇ ਦੀਆਂ ਗੱਲਾ ਵਿੱਚ ਖੋਇਆ ਅੱਖਾਂ ਵਿੱਚ ਹੰਝੂ ਲੈ ਜਾਦੇ ਬਾਬੇ ਵੱਲ ਦੇਖਦਾ ਰਿਹਾ।

**ਰਵਨਜੋਤ ਕੌਰ ਸਿੱਧੂ ਰਾਵੀ**
**ਜੱਬੋਵਾਲ, ਸ਼ਹੀਦ ਭਗਤ ਸਿੰਘ ਨਗਰ**



# ਪੁੱਤਾਂ ਦੀ ਘੋੜੀ ਗਾਉਣ ਲਈ ਧੀਆਂ ਦੀ ਲੋਹੜੀ ਮਨਾਉਣਾ ਜਰੂਰੀ



**ਸੰਦੀਪ ਕੰਬੋਜ ਗੋਲੂ ਕਾ ਮੋੜ**
**ਤਹਿਸੀਲ ਗੁਰੂਹਰਸਹਾਏ**
**ਜਿਲ੍ਹਾ ਫਿਰੋਜ਼ਪੁਰ**
**ਸੰਪਰਕ ਨੰਬਰ- 98594-00002**

ਭਾਰਤ ਵਿੱਚ ਕਈ ਤਿਉਹਾਰ ਮਨਾਏ ਜਾਂਦੇ ਹਨ। ਲੋਹੜੀ ਪੰਜਾਬੀਆਂ ਦਾ ਮੁੱਖ ਤਿਉਹਾਰ ਹੈ। ਇਹ ਪੰਜਾਬ ਦੀ ਖੁਸੀਆਂ ਭਰਿਆ-ਤਿਉਹਾਰ ਹੈ। ਇਹ ਜਨਵਰੀ ਦੇ ਮਹੀਨੇ ਮਾਘੀ ਤੋਂ ਇੱਕ ਦਿਨ ਪਹਿਲਾਂ ਮਨਾਇਆ ਜਾਂਦਾ ਹੈ । ਇਸ ਤਿਉਹਾਰ ਦੀ ਪਰੰਪਰਾ ਬਹੁਤ ਪੁਰਾਣੀ ਹੈ ਇਸ ਤਿਉਹਾਰ ਨਾਲ ਕਈ ਕਥਾਵਾਂ ਜੜੀਆਂ ਹੋਈਆਂ ਹਨ ਇਸ ਤਿਉਹਾਰ ਨਾਲ ਇੱਕ ਲੋਕ-ਕਥਾ ਸੰਬੰਧਿਤ ਹੈਇਸ ਦਿਲ ਡਾਕੂ ਦੁੱਲੇ ਭੱਟੀ ਨੇ ਇੱਕ ਗਰੀਬ ਬ੍ਰਾਹਮਣ ਦੀਆਂ ਧੀਆਂ ਸੁੰਦਰੀ ਤੇ ਮੰਦਰੀ ਦਾ ਵਿਆਹ ਆਪਣੇ ਹੱਥੀ ਕਰਵਾ ਕੇ ਉਹਨਾਂ ਨੂੰ ਦੁਸਟ ਹਾਕਮ ਦੇ ਚੰਗੁਲ ਤੋਂ ਬਚਾਇਆ ਸੀ। ਇਸ ਘਟਨਾ ਦੀ ਯਾਦ ਵਿੱਚ ਇਹ ਤਿਉਹਾਰ ਅੱਗ ਬਾਲ ਮਨਾਇਆ ਜਾਣ ਲੱਗਾ। ਅੱਜ ਵੀ ਬੱਚੇ ਲੋਹੜੀ ਮੰਗਦੇ ਹੋਏ ਇਹ ਗੀਤ ਗਾਉਂਦੇ ਹਨ- "ਸੁੰਦਰ ਮੁੰਦਰੀਏ, ਤੇਰਾ ਕੌਣ ਵਿਚਾਰਾ, ਦੁੱਲਾ ਭੱਟੀ ਵਾਲਾ . ਇਸ ਤਿਉਹਾਰ ਦਾ ਸੰਬੰਧ ਪੌਰਾਣਿਕ ਕਥਾ 'ਸਤੀ-ਦਹਿਨ ਨਾਲ ਵੀ ਜੋੜਿਆ ਜਾਂਦਾ ਹੈ। ਇੱਕ ਕਥਾ ਇਹ ਵੀ ਹੈ ਕਿ ਇਸ ਦਿਨ ਲੋਹੜੀ ਦੇਵੀ ਨੇ ਅਤਿਆਚਾਰੀ ਰਾਕਸ ਨੂੰ ਮਾਰਿਆ ਸੀ। ਲੋਹੜੀ ਸਬਦ ਦਾ ਮੂਲ 'ਤਿਲ+ਰੋੜੀ ਹੈ। ਜੋ ਸਮਾਂ ਪਾ ਕੇ ਤਿਲੋੜੀ ਤੇ ਫੇਰ ਲੋਹੜੀ ਬਣਿਆ। ਇਸ ਤਿਉਹਾਰ ਦਾ ਸੰਬੰਧ ਸਰਦੀ ਰੁੱਤ ਨਾਲ ਵੀ ਹੈ। ਸਰਦੀ ਦੀ ਰੁੱਤ ਪੂਰੇ ਜੋਰਾਂ ਤੇ ਹੁੰਦੀ ਹੈ। ਕਹਿੰਦੇ ਹਨ ਕਿ ਇਸ ਸਮੇਂ ਧੂਣੀਆਂ ਬਾਲ ਕੇ ਪਾਲੇ ਨੂੰ ਸਾੜਿਆ ਜਾਂਦਾ ਹੈ। ਸੱਚਮੁੱਚ ਹੀ ਇਸ ਤੋਂ ਬਾਅਦ . ਪਾਲਾ ਘਟਣਾ ਸੂਰੂ ਹੋ ਜਾਂਦਾ ਹੈ। ਲੋਹੜੀ ਦਾ ਦਿਨ ਆਉਣ ਤੋਂ ਕੁਝ ਦਿਨ ਪਹਿਲਾਂ ਹੀ ਗਲੀਆਂ ਵਿੱਚ ਮੁੰਡਿਆਂ-ਕੁੜੀਆਂ ਦੀਆਂ ਢਾਣੀਆਂ ਗੀਤ ਗਾਉਂਦੀਆਂ। ਹੋਈਆਂ ਲੋਹੜੀ ਮੰਗਦੀਆਂ ਫਿਰਦੀਆਂ ਹਨ। ਕੋਈ ਉਨ੍ਹਾਂ ਨੂੰ ਦਾਣੇ ਦਿੰਦਾ ਹੈ, ਕੋਈ ਗੁੜ, ਕੋਈ ਪਾਥੀਆਂ ਅਤੇ ਕੋਈ ਪੈਸੇ। ਲੋਹੜੀ ਮੰਗਣ ਵਾਲੀਆਂ ਟੋਲੀਆਂ ਦੇ ਗਲੀਆਂ ਵਿੱਚ ਗੀਤ ਗੂੰਜਦੇ ਹਨ-

ਸੁੰਦਰ ਮੁੰਦਰੀਏ ਹੋ !
ਤੇਰਾ ਕੌਣ ਵਿਚਾਰਾ ਹੋ !
ਦੁੱਲਾ ਭੱਟੀ ਵਾਲਾ ਹੋ !
ਦੁੱਲ੍ਹੇ ਦੀ ਧੀ ਵਿਆਹੀ ਹੋ !
ਸੇਰ ਸ਼ਕਰ ਪਾਈ ਹੋ !
ਕੁੜੀ ਦਾ ਲਾਲ ਪਟਾਕਾ ਹੋ !
ਕੁੜੀ ਦਾ ਸਾਲੂ ਪਾਟਾ ਹੋ !
ਸਾਲੂ ਕੌਣ ਸਮੇਟੇ !
ਚਾਚੇ ਚੂਰੀ ਕੁਟੀ !
ਜਮੀਦਾਰਾਂ ਲੁਟੀ !
ਜ਼ਮੀਦਾਰ ਛੁਡਾਏ !
ਬੜੇ ਭੋਲੇ ਆਏ !
ਇਕ ਭੋਲਾ ਰਹਿ ਗਿਆ !
ਸਿਪਾਹੀ ਫੜ ਕੇ ਲੈ ਗਿਆ !
ਸਿਪਾਹੀ ਨੇ ਮਾਰੀ ਇੱਟ !
ਸਾਨੂੰ ਦੇ ਦੇ ਲੋਹੜੀ ਤੇਰੀ ਜੀਵੇ ਜੋੜੀ !
ਭਾਵੇਂ ਰੋ ਤੇ ਭਾਵੇਂ ਪਿਟ !

**ਕੁੜੀਆਂ ਵਲੋਂ ਗਾਏ ਜਾਣ ਵਾਲੇ ਗੀਤ**

ਲੋਹੜੀਏ ਨੀ!
ਗਿੱਗੇ ਮੌਲ਼ੀਏ ਨੀ।
ਗਿੱਗਾ ਜੰਮਿਆ ਨੀ,
ਗੁੜ ਵੰਡਿਆ ਨੀ।
ਗੁੜ ਦੀਆਂ ਰੋੜੀਆਂ ਨੀ,
ਭੰਨ ਮਰੋੜੀਆਂ ਨੀ।
ਭਰਾਮਾਂ ਜੋੜੀਆਂ ਨੀ,
ਨੀ ਤੇਰਾ ਗਿੱਗੜਾ।
ਜੀਵੇ ਟੋਪੀ ਵਾਲੜਾ,
ਜੀਵੇ ਭੈਣ-ਭਤੀਜੜਾ।
ਇਹ ਮੇਰੀ ਲੋਹੜੀ ਸੁਲੱਖਣੀ,
ਲੋਹੜੀ ਨੂੰ ਗੁੜ ਦੀ ਰੋੜੀ ਪਾਇਓ ਜੀ।

ਇਸ ਦਿਨ ਭਰਾ ਭੈਣਾਂ ਲਈ ਲੋਹੜੀ ਲੈ ਕੇ ਜਾਂਦੇ ਹਨ। ਉਹ ਪਿੰਨੀਆਂ ਤੇ ਖਾਣ-ਪੀਣ ਦੇ ਹੋਰ ਸਾਮਾਨ ਸਹਿਤ ਕੋਈ ਹੋਈ ਸੁਗਾਤ ਵੀ ਭੈਣ ਦੇ ਘਰ ਪਹੁੰਚਾਉਂਦੇ ਹਨ।

ਜਿਸ ਘਰ ਵਿੱਚ ਬੀਤੇ ਸਾਲ ਵਿੱਚ ਮੁੰਡੇ ਨੇ ਜਨਮ ਲਿਆ ਹੁੰਦਾ ਹੈ ਉਸ ਘਰ ਵਿੱਚ ਵਿਸੇਸ ਰੌਣਕਾਂ ਹੁੰਦੀਆਂ ਹਨ। ਇਸ ਘਰ ਦੀਆਂ ਇਸਤਰੀਆਂ ਸਾਰੇ ਮੁਹੱਲੇ ਵਿੱਚ ਮੁੰਡੇ ਦੀ ਲੋਹੜੀ ਵੰਡਦੀਆਂ ਹਨ, ਜਿਸ ਵਿੱਚ ਗੁੜ, ਮੂੰਗਫਲੀ ਤੇ ਰਿਉੜੀਆਂ ਆਦਿ ਸਾਮਿਲ ਹੁੰਦੀਆਂ ਹਨ। ਸਾਰਾ ਦਿਨ ਉਸ ਘਰ ਵਿੱਚ ਲੋਹੜੀ ਮੰਗਣ ਵਾਲੇ ਮੁੰਡਿਆਂ-ਕੁੜੀਆਂ ਦੇ ਗੀਤਾਂ ਦੀਆਂ ਰੌਣਕਾਂ ਲੱਗੀਆਂ ਰਹਿੰਦੀਆਂ ਹਨ। ਰਾਤ ਵੇਲੇ ਵੱਡੇ ਵੀ ਇਨ੍ਹਾਂ ਰੌਣਕਾਂ ਵਿੱਚ ਸਾਮਿਲ ਹੋ ਜਾਂਦੇ ਹਨ। ਖੁਲ੍ਹੇ ਵਿਹੜੇ ਵਿੱਚ ਲੱਕੜਾਂ ਤੇ ਪਾਥੀਆਂ ਇਕੱਠੀਆਂ ਕਰਕੇ ਵੱਡੀ ਧੂਣੀ ਲਾਈ ਜਾਂਦੀ ਹੈ। ਕਈ ਇਸਤਰੀਆਂ ਘਰ ਵਿੱਚ ਮੁੰਡਾ ਹੋਣ ਦੀ ਖੁਸੀ ਵਿੱਚ ਚਰਖਾ ਜਾਂ ਮੰਜਾ ਹੀ ਬਾਲ ਦਿੰਦੀਆਂ ਹਨ। ਇਸਤਰੀਆਂ ਤੇ ਮਰਦ ਰਾਤ ਦੇਰ ਤੱਕ ਧੂਣੀ ਸੇਕਦੇ ਹੋਏ ਰਿਉੜੀਆਂ, ਮੂੰਗਫਲੀ, ਭੁੱਗਾ ਆਦਿ ਖਾਂਦੇ ਹਨ ਤੇ ਧੂਣੀ ਵਿੱਚ ਤਿਲਚੌਲੀ ਆਦਿ ਸੁੱਟਦੇ ਹਨ। ਅੱਧੀ ਰਾਤ ਤੋਂ ਪਿੱਛੋਂ ਧੂਣੀ ਦੀ ਅੱਗ ਦੇ ਠੰਢੀ ਪੈਣ ਤੱਕ ਇਹ ਮਹਿਫਲ ਲੱਗੀ ਰਹਿੰਦੀ ਹੈ।

ਪਰ ਅੱਜ ਕਲ ਜਮਾਨਾ ਬਦਲ ਗਿਆ ਹੈ। ਜਿਸ ਹਿਸਾਬ ਨਾਲ ਮੁੰਡਿਆਂ ਅਤੇ ਕੁੜੀਆਂ ਦੀ ਅਨੁਪਾਤ ਵਿਚ ਅੰਤਰ ਆ ਰਿਹਾ ਹੈ, ਉਸ ਹਿਸਾਬ ਨਾਲ ਪਿਛਲੇ ਕੁਝ ਕੁ ਸਾਲਾਂ ਤੋਂ ਲੋਕਾਂ ਦਾ ਧਿਆਨ ਕੁੜੀਆਂ ਦੀ ਲੋਹੜੀ ਮਨਾਉਣ ਵੱਲ ਵੀ ਹੋਇਆ ਹੈ। ਕੁੱਝ ਕੁ ਥਾਵਾਂ ਤੇ ਧੀਆਂ ਦੀ ਲੋਹੜੀ ਮਨਾਉਣ ਦੀਆਂ ਖ਼ਬਰਾਂ ਵੀ ਪਿਛਲੇ ਸਾਲਾਂ ਦੌਰਾਣ ਆਈਆਂ ਹਨ, ਜੋ ਕਿ ਇਕ ਚੰਗੀ ਤੇ ਸ਼ਲਾਘਾਯੋਗ ਗੱਲ ਹੈ। ਧੀ ਨਾਲ ਹੀ ਜੀਵਨ ਹੈ। ਜੇਕਰ ਅਸੀਂ ਧੀਆਂ ਦੀ ਲੋਹੜੀ ਮਨਾਵਾਂਗੇ ਤਾਹੀਓਂ ਤਾਂ ਪੁੱਤਾਂ ਨੂੰ ਘੋੜੀ ਗਾ ਕੇ ਸ਼ਗਨ ਮਨਾਵਾਂਗੇ। ਜਿਹੜੇ ਲੋਕ ਹਾਲੇ ਇਹ ਲੋਹੜੀ ਮਨਾਉਣ ਨਹੀਂ ਲੱਗੇ, ਉਨਾਂ ਨੂੰ ਹੋਰਾਂ ਦੇ ਸੰਗ ਰੱਲ ਕੇ ਇਹ ਕਸਮ ਖਾਣੀ ਚਾਹੀਦੀ ਹੈ ਕਿ ਅਸੀਂ ਵੀ ਕੁੜੀਆਂ ਦੀ ਲੋਹੜੀ ਮੁੰਡਿਆਂ ਵਾਂਗ ਹੀ ਮਨਾਇਆ ਕਰਾਂਗੇ।

ਰਲ਼ ਤੀਜ ਤੇ ਤਿਉਹਾਰ ਮਨਾਇਆ ਕਰਾਂਗੇ।
ਨਾਲ਼ੇ ਹੱਸਾਂਗੇ ਤੇ ਖ਼ੁਸ਼ੀ ਵੀ ਮਨਾਇਆ ਕਰਾਂਗੇ।
ਮੁੰਡਿਆਂ ਦੀ ਲੋਹੜੀ ਤਾਂ ਮਨਾਉਂਦੇ ਆਂ ਅਸੀਂ,
ਹੁਣ ਕੁੜੀਆਂ ਦੀ ਲੋਹੜੀ ਵੀ ਮਨਾਇਆ ਕਰਾਂਗੇ।

**ਬੁੱਧ ਬੋਲ/ ਬੁੱਧ ਸਿੰਘ ਨੀਲੋਂ**

## ਬਾਪੂ ਦਾ ਖੂੰਡਾ..ਕੱਢ ਦੂ.ਤੇਰੀਆਂ ...!

ਇਸ ਵਕਤ ਕਿਸਾਨ ਮਜ਼ਦੂਰ ਕੇਂਦਰ ਸਰਕਾਰ ਦੇ ਨਾਲ ਆਰ-ਪਾਰ ਦੀ ਲੜ੍ਹਾਈ ਲੜ ? ਰਹੇ ਹਨ। ਤਿੰਨ ਮਹੀਨੇ ਤੋਂ ਸ਼ਾਂਤਮਈ ਸੰਘਰਸ਼ ਕਰਦੇ ਕਿਸਾਨਾਂ ਦੇ ਬੋਲ ਸੁਣ ਕੇ ਵੀ ਕੇਂਦਰ ਸਰਕਾਰ ਦੇ ਕੰਨਾਂ @ ਤੇ ਜੂੰ ਨਹੀਂ ਸਰਕੀ। . ਸੱਤ ਮੀਟਿੰਗ ਸਰਕਾਰ ਦੇ ਨਾਲ ਹੋਈਆਂ ਪਰ ਪਰਨਾਲ ਉਥੇ ਦਾ ਉਥੇ ਹੀ ਹੈ। ਪੰਜਾਬ ਦੇ ਵਿੱਚੋਂ ਉਠਿਆ ਇਹ ਕਿਸਾਨ ਮਜ਼ਦੂਰ ਅੰਦੋਲਨ ਦੇਸ਼ ਤੇ ਵਿਦੇਸ਼ ਤੱਕ ਫੈਲ ਗਿਆ। ਲੋਕ ਵਹੀਰਾਂ ਘੱਤੀ ਦਿੱਲੀ ਵੱਲ ਆ ਰਹੇ ਹਨ। ਦਿੱਲੀ ਦੇ ਵੱਖ-ਵੱਖ ਬਾਡਰਾਂ ਤੇ ਪਲ ਪਲ ਨਵੇਂ ਇਤਿਹਾਸ ਲਿਖੇ ਜਾ ਰਹੇ ਹਨ। ਹੁਣ ਤੱਕ ਸਰਕਾਰ ਨੇ ਹਰ ਹਰਬਾ ਵਰਤ ਲਿਆ। ਪਰ ਕਿਸਾਨਾਂ ਦੇ ਏਕੇ ਦੇ ਵਿੱਚ ਸਰਕਾਰ ਦੀ ਸੂਈ ਤੱਕ ਨੀ ਜਾ ਸਕੀ!

ਸਬਰ, ਸੰਤੋਖ ਤੇ ਤਮੱਹਲ ਦੇ ਨਾਲ ਗੁਰੂ ਦਾ ਜਸ ਗਾਉਦੇ ਕਿਸਾਨ ਇਨਸਾਨ ਬਣ ਗਏ ਹਨ। ਗੁਰੂ ਦੇ ਲੰਗਰ ਦੇ ਵਿੱਚ ਕਿਸੇ ਕਿਸਮ ਦੀ ਕੋਈ ਘਾਟ ਨਹੀਂ। ਹਰ ਪਾਸੇ ਤੇਰਾ ਤੇਰਾ ਹੀ ਹੋ ਰਹੀ ਹੈ। ਗੋਦੀ ਮੀਡੀਆ ਵੀ ਹਰ ਰੋਜ਼ ਟਰਾਲੀਆਂ ਨੂੰ ਕੁੱਤੇ ਵਾਂਗ ਸੁੰਘਦਾ ਫਿਰਦਾ ਹੈ।ਉਨ੍ਹਾਂ ਨੂੰ ਅਜੇ ਤੱਕ ਕੋਈ ਵੀ ਇਸ ਧਰਨੇ ਦੇ ਵਿੱਚੋਂ ਕੁੱਝ ਨਹੀ ਮਿਲਿਆ। ਉਸ ਦੀ ਹਾਲਤ ਜਖ਼ਮੀ ਸੱਪ ਵਰਗੀ ਹੈ। ਹੁਣ ਕਿਸਾਨ ਵੀ ਗੋਦੀ ਮੀਡੀਆ ਨੂੰ ਹਰ ਪੱਧਰ ਤੇ ਘੇਰ ਰਹੇ ਹਨ। ਕੇਂਦਰ ਸਰਕਾਰ ਦੇ ਆਈ ਟੀ ਸੈਲ ਦੀਆਂ ਨੌਜਵਾਨਾਂ ਨੇ ਛਾਲਾਂ ਚੁਕਾ ਦਿੱਤੀਆਂ ਹਨ। ਗੋਦੀ ਮੀਡੀਆ ਤੇ ਸਰਕਾਰ ਹੁਣ ਸ਼ਰਾਬੀ ਵਾਂਗ ਕੰਧਾਂ ਕੌਲਿਆਂ ਵਿੱਚ ਵੱਜਦੇ ਹਨ। ਕੱਲ੍ਹ ਜਿਹੜੀ ਸੱਤਵੇਂ ਗੇੜ ਦੀ ਗੱਲ ਹੋਈ ਹੈ. ਉਹ ਵੀ ਬੇਨਤੀਜਾ ਹੀ ਰਹੀ ਹੈ। ਨਾ ਸਰਕਾਰ ਪਿੱਛੇ ਹਟਦੀ ਹੈ ਤੇ ਕਿਸਾਨ .। ਹੁਣ ਹਾਲਤ ÷ਕਰੋ ਜਾਂ ਮਰੋ ÷ ਦੀ ਬਣ ਗਈ ਹੈ। ਕਿਸਾਨ ਆਗੂਆਂ ਨੇ ਸਰਕਾਰ ਦੀ ਬਿਉਰੋ ਕਰੈਸੀ ਨੂੰ ਪੜ੍ਹਨੇ ਪਾ ਦਿੱਤਾ ਹੈ। ਕਿਸਾਨ ਆਗੂ ਰੁਲਦੂ ਸਿੰਘ ਦਾ ਜਿੱਥੇ ਖੂੰਡਾ ਤੇ ਬੋਲ ਗੜਕਦੇ ਹਨ ਉਥੇ ਬਲਬੀਰ ਸਿੰਘ ਰਾਜੇਵਾਲ ਦੇ ਤਿੱਖੇ ਤੇਵਰ ਸਰਕਾਰ ਦੇ ਮੰਤਰੀਆਂ ਤੇ ਅਫਸਰਾਂ ਨੂੰ ਤਰੇਲੀਆਂ ਲਿਆ ਰਹੇ ਹਨ। ਕਿਸਾਨ ਆਗੂਆਂ ਨੇ 26 ਜਨਵਰੀ ਤੱਕ ਦਾ ਪ੍ਰੋਗਰਾਮ ਐਲਾਨ ਦਿੱਤਾ ਹੈ। ਕੱਲ੍ਹ 5 ਜਨਵਰੀ ਨੂੰ ਟਰੈਕਟਰ ਮਾਰਚ ਹੋਵੇਗਾ। ਸਰਕਾਰ ਨੇ ਦਿੱਲੀ ਵੱਲ਼ ਆ ਰਹੇ ਕਿਸਾਨਾਂ ਦੇ ਉਪਰ ਜੁਲਮ ਕਰਣੇ ਵਧਾ ਦਿੱਤੇ ਹਨ। ਕਿਸਾਨਾਂ ਦੀ ਹਾਲਤ ਪਹਿਲਾਂ ਨਾਲੋਂ ਮਜ਼ਬੂਤ ਹੋ ਰਹੀ ਹੈ। ਇਕ ਪਾਸੇ ਤਨਖਾਹਦਾਰ ਫੌਜਾਂ ਹਨ ਤੇ ਦੂਜੇ ਪਾਸੇ ਸੀਸ ਤਲੀ ਤੇ ਰੱਖ ਕੇ ਲੜ੍ਹਾਈ ਕਰਨ ਵਾਲੇ ਯੋਧੇ ਹਨ। ਰੁਲ਼ਦੂ ਸਿੰਘ ਦੇ ਬੋਲ ਗਰਜਦੇ ਹਨ ÷ ਅਸੀਂ ਜਿੱਤ ਕੇ ਜਾਵਾਂ ਗੇ..ਜਾਂ ਸ਼ਹੀਦ ਹੋ ਕੇ ਲਾਸ਼ਾਂ ÷। ਪਰ ਸਰਕਾਰ ਪਤਾ ਨੀ ਕੀ ਖਾ ਕੇ ਸੁੱਤੀ ਹੈ ਕਿ ਉਹ ਅਜੇ ਤੱਕ ਨੀ ਜਾਗੀ ਹੁਣ ਤੱਕ ਸੱਤਰ ਕਿਸਾਨ ਸ਼ਹੀਦ ਹੋ ਗਏ ਹਨ। ਕੱਲ੍ਹ ਸ਼ਹੀਦਾਂ ਨੂੰ ਸਰਕਾਰ ਨੇ ਮਜ਼ਬੂਰ ਹੋ ਕੇ ਸਰਧਾਂਜ਼ਲੀ ਦਿੱਤੀ। ਕਾਤਲ ਵਲੋਂ ਸ਼ਹੀਦ ਨੂੰ ਇਹ ਸਰਧਾਂਜ਼ਲੀ ਸਾਡੇ ਸਮਿਆਂ ਵਿੱਚ ਪਹਿਲੀ ਵਾਰ ਹੋਈ ਹੈ; ਪਰ ਕਿਸਾਨ ਆਗੂਆਂ ਦੇ ਬੋਲ ਤੇ ਬਾਬੇ ਰੁਲਦੂ ਖੂੰਡਾ ਕੀ ਰੰਗ ਲਿਆਉਦਾ ਹੈ ਇਹ ਤੱਕ ਕੰਧ ਤੇ ਲਿਖਿਆ ਗਿਆ ਹੈ ਕਿ ਕਿਸਾਨ ਜੰਗ ਤੇ ਜਿੱਤ ਚੁਕੇ ਹਨ ਬਸ ਰਸਮੀ ਐਲਾਨ ਹੋਣਾ ਹੈ। ਇਸ ਜਿੱਤ ਵੱਲ ਵੱਧ ਦੇ ਕਦਮਾਂ ਦੀ ਗੂੰਜ਼ ਦੁਨੀਆ ਭਰ ਵਿੱਚ ਪੈ ਰਹੀ ਹੈ। ਤੇ ਬੋਲ ਗੂੰਜ਼ਦੇ ਹਨ...ਬਾਪੂ ਦਾ ਖੂੰਡਾ ਕੱਢ ਦੂ ਤੇਰੀਆਂ ਰੜਕਾਂ.....। ਸੱਚ ਹੈ ਲੋਕ ਸਾਰੀਆ ਕਸਰਾਂ ਕੱਢ ਕੇ ਪਰਤਣਗੇ।

**ਬੁੱਧ ਸਿੰਘ ਨੀਲੋਂ**
**94643 70823**

# ਸੁਪਨਿਆਂ ਦੇ ਖ਼ਤ ...

ਪਾਲਾ ਬਠਿੰਡੇ ਦੇ ਨਾਲ ਲੱਗਦੇ ਇੱਕ ਛੋਟੇ ਜਿਹੇ ਪਿੰਡ ਦਾ ਰਹਿਣ ਵਾਲਾ ਸੀ। ਪਿਤਾ ਦੀ ਮੌਤ ਬਚਪਨ ਵਿੱਚ ਵੀ ਹੋ ਜਾਣ ਕਾਰਨ ਉਸ ਦੀ ਦੇਖ ਭਾਲ ਉਸ ਦੀ ਮਾਂ ਨੇ ਹੀ ਕੀਤੀ ਸੀ । ਜਿਸ ਕਾਰਨ ਉਹ ਆਪਣੀ ਮਾਂ ਨੂੰ ਹੀ ਆਪਣਾ ਰੱਬ ਮਨਦਾ ਸੀ । ਪਾਲੇ ਨੇ ਪੜ੍ਹਾਈ ਤੋਂ ਬਾਅਦ ਪਿੰਡ ਦੇ ਹੀ ਹਸਪਤਾਲ ਵਿਚ ਇਕ ਛੋਟੀ ਜਿਹੀ ਨੌਕਰੀ ਕਰਨੀ ਸ਼ੁਰੂ ਕਰ ਦਿੱਤੀ ਸੀ । ਜਿਸ ਤੋਂ ਬਾਅਦ ਪਾਲੇ ਦਾ ਵਿਆਹ ਰਾਣੋ ਨਾਮ ਦੀ ਲੜਕੀ ਨਾਲ ਹੋ ਗਿਆ। ਪਾਲਾ ਰਾਣੋ ਨੂੰ ਬਹੁਤ ਪਿਆਰ ਕਰਦਾ ਸੀ ਉਸ ਨੂੰ ਫੁੱਲਾਂ ਵਾਂਗੂੰ ਰੱਖਦਾ ਸੀ । ਘਰ ਵਿੱਚ ਨੂੰਹ ਸੱਸ ਦੀ ਇੰਜ ਬਣਦੀ ਸੀ ਜਿਵੇਂ ਮਾਵਾਂ ਧੀਆਂ ਹੋਣ । ਵੱਡੀ ਲੜਕੀ ਅਤੇ ਫੇਰ ਦੋ ਲੜਕੇ ਇੱਕ -ਇੱਕ ਕਰਕੇ ਪਾਲੇ ਘਰ ਤਿੱਨ ਔਲੱਦਾ ਹੋਈਆਂ ਸਨ। ਪਿਛਲੇ ਕੁਝ ਦਿਨਾਂ ਤੋਂ ਰਾਣੋ ਦੀ ਤਬੀਅਤ ਠੀਕ ਨਹੀਂ ਸੀ ਪਹਿਲਾਂ ਪਿੰਡ ਦੇ ਹਸਪਤਾਲ ਅਤੇ ਫਿਰ ਸ਼ਹਿਰ ਦੇ ਹਸਪਤਾਲ ਪਾਲੇ ਨੇ ਉਸ ਦਾ ਕਾਫੀ ਇਲਾਜ ਕਰਵਾਇਆ । ਪਰ ਰੱਬ ਨੂੰ ਸ਼ਾਇਦ ਕੁਝ ਹੋਰ ਹੀ ਮਨਜ਼ੂਰ ਸੀ। ਦੌਰਾਨੇ ਇਲਾਜ ਰਾਣੋ ਦੀ ਮੌਤ ਹੋ ਗਈ। ਰੋਂਦੇ ਕੁਰਲਾਂਦੇ ਤਿੰਨ ਬੱਚੇ ਪਤੀ ਅਤੇ ਸੱਸ ਨੂੰ ਛੱਡ ਕੇ ਰਾਣੋ ਇਸ ਦੁਨੀਆਂ ਤੋਂ ਰੁਖ਼ਸਤ ਹੋ ਗਈ। ਪਾਲੇ ਨੂੰ ਹੁਣ ਅੱਗੇ ਦਾ ਫਿਕਰ ਪੈ ਗਿਆ ਸੀ । ਪਿੰਡ ਦੇ ਕਈ ਲੋਕ ਉਸ ਨੂੰ ਫਿਰ ਤੋਂ ਵਿਆਹ ਕਰਾਉਣ ਲਈ ਕਹਿੰਦੇ ਸਨ ਪਰ ਉਸ ਨੂੰ ਪਤਾ ਸੀ ਕੀ ਜੋ ਪਿਆਰ ਉਸ ਦੇ ਬੱਚਿਆਂ ਨੂੰ ਰਾਣੋ ਦੇ ਗਈ ਸੀ ਉਹ ਹੋਰ ਕੋਈ ਨਹੀਂ ਦੇ ਸਕੇਗਾ। ਉਸ ਨੂੰ ਦੂਸਰਾ ਵਿਆਹ ਕਰਾਉਣ ਬਾਰੇ ਸੋਚਣਾ ਵੀ ਪਾਪ ਜਿਹਾ ਲੱਗਦਾ ਸੀ । ਪਾਲੇ ਦੇ ਬੱਚਿਆਂ ਨੂੰ ਉਸ ਦੀ ਮਾਂ, ਬੱਚਿਆਂ ਦੀ ਦਾਦੀ ਸੰਭਾਲਦੀ ਸੀ । ਪਾਲੇ ਦੀ ਮਾਂ ਪਹਿਲਾਂ ਨਾਲੋਂ ਕਾਫ਼ੀ ਬਜ਼ੁਰਗ ਹੋ ਚੁੱਕੀ ਸੀ ਪਰ ਬੱਚਿਆਂ ਦੀ ਦੇਖ ਭਾਲ ਵਿੱਚ ਉਸ ਨੇ ਕਦੇ ਵੀ ਕੋਈ ਕਮੀ ਨਹੀਂ ਆਉਣ ਦਿੱਤੀ ਸੀ ।

ਹੌਲੀ ਹੌਲੀ ਜ਼ਿੰਦਗੀ ਪਟੜੀ ਤੇ ਵਾਪਸ ਆ ਰਹੀ ਸੀ । ਪਾਲਾ ਹੁਣ ਸ਼ਹਿਰ ਦੇ ਇਕ ਹਸਪਤਾਲ ਵਿਚ ਛੋਟੀ ਜਿਹੀ ਨੌਕਰੀ ਕਰਨ ਲੱਗ ਪਿਆ ਸੀ । ਤਿੰਨੋਂ ਬੱਚਿਆਂ ਦਾ ਪਾਲਣ ਪੋਸ਼ਣ , ਉਨ੍ਹਾਂ ਦੀ ਪੜ੍ਹਾਈ-ਲਿਖਾਈ, ਮਾਂ ਦਾ ਇਲਾਜ ਇਸ ਸਭ ਲਈ ਪਾਲੇ ਨੂੰ ਕਾਫੀ ਮਿਹਨਤ ਕਰਨੀ ਪੈਂਦੀ ਸੀ। ਵੱਡੀ ਕੁੜੀ ਹੁਣ ਵਿਆਹੁਣ ਜੋਗੀ ਹੋ ਗਈ ਸੀ। ਪਾਲਾ ਉਸ ਲਈ ਚੰਗਾ ਜਿਹਾ ਵਰ ਲੱਭ ਰਿਹਾ ਸੀ । ਪਾਲੀ ਦੀ ਮਾਂ ਵੀ ਹੁਣ ਪਹਿਲਾਂ ਨਾਲੋਂ ਕਾਫੀ ਬਜ਼ੁਰਗ ਹੋ ਚੁੱਕੀ ਸੀ ਪਰ ਫਿਰ ਵੀ ਉਸ ਦੇ ਹੁੰਦਿਆਂ ਪਾਲੇ ਨੂੰ ਘਰ ਦੀ ਕੋਈ ਫ਼ਿਕਰ ਨਹੀਂ ਸੀ । ਪਾਲੇ ਨੇ ਸ਼ਹਿਰ ਵਿੱਚ ਇੱਕ ਚੰਗਾ ਜਿਹਾ ਰਿਸ਼ਤਾ ਲੱਭ ਕੇ ਆਪਣੀ ਕੁੜੀ ਦਾ ਵਿਆਹ ਉੱਥੇ ਕਰ ਦਿੱਤਾ । ਜਿਸ ਦਿਨ ਪਾਲੇ ਦੀ ਕੁੜੀ ਦਾ ਵਿਆਹ ਹੋਇਆ ਸਭ ਤੋਂ ਵੱਧ ਖੁਸ਼ ਪਾਲੇ ਦੀ ਮਾਂ ਸੀ ਉਸ ਨੂੰ ਲੱਗ ਰਿਹਾ ਸੀ ਕਿ ਉਸ ਨੇ ਇੱਕ ਬਹੁਤ ਵੱਡੀ ਜ਼ਿੰਮੇਵਾਰੀ ਅੱਜ ਨਿਭਾ ਕੇ ਪੂਰੀ ਕਰ ਦਿੱਤੀ ਹੈ। ਪਾਲੇ ਦੀ ਕੁੜੀ ਦੇ ਵਿਆਹ ਤੋਂ ਕੁਝ ਦਿਨ ਬਾਅਦ ਹੀ ਪਾਲੇ ਦੀ ਮਾਂ ਅਚਾਨਕ ਬਿਮਾਰ ਹੋ ਗਈ , ਪਾਲਾ ਸਭ ਕੰਮ ਛੱਡ ਕੇ ਆਪਣੀ ਮਾਂ ਦੀ ਸੇਵਾ ਵਿੱਚ ਲੱਗ ਗਿਆ । ਪਲ ਦੀ ਮਾਂ ਉਸ ਨੂੰ ਕਹਿਣ ਲੱਗੀ ÷ ਮੈਂ ਆਪਣੀ ਧੀ ਵਿਆਹ ਕੇ ਆਪਣੀ ਸਭ ਤੋਂ ਵੱਡੀ ਜ਼ਿੰਮੇਵਾਰੀ ਨਿਭਾ ਦਿੱਤੀ ਹੈ ਹੁਣ ਮੈਨੂੰ ਇਜਾਜ਼ਤ ਦੇ ਮੇਰੇ ਪੁੱਤਰ ÷ ਇਹ ਸੁਣ ਕੇ ਪਾਲਾ ਰੋਣ ਲੱਗ ਪਿਆ ਅਤੇ ਆਪਣੀ ਮਾਂ ਦੇ ਗਲ ਲੱਗ ਕੇ ਕਹਿਣ ਲੱਗਾ ÷ਮੈਨੂੰ ਤਾਂ ਹਾਲੇ ਤੇਰੀ ਬਹੁਤ ਜ਼ਰੂਰਤ ਹੈ ਮਾਂ ÷। ਇੱਕ ਦਿਨ ਜਾਣਾ ਤਾਂ ਸਭ ਨੇ ਹੀ ਹੁੰਦਾ ਹੈ ਪਰ ਪਾਲੇ ਦੀ ਮਾਂ ਜਾਂਦੀ ਜਾਂਦੀ ਪਾਲੇ ਨੂੰ ਇਹ ਕਹਿ ਗਈ ਕਿ÷ ਮੈਂ ਜਾਣ ਤੋਂ ਬਾਅਦ ਵੀ ਹਮੇਸ਼ਾ ਹੀ ਤੇਰੇ ਨਾਲ ਰਹਾਂਗੀ ÷ ਪਾਲੇ ਨੂੰ ਇਸ ਗੱਲ ਉੱਤੇ ਇੰਨਾ ਯਕੀਨ ਹੋ ਗਿਆ ਜਿਵੇਂ ਖ਼ੁਦ ਰੱਬ ਨੇ ਹੀ ਉਸ ਨੂੰ ਇਹ ਗੱਲ ਕਹਿ ਦਿੱਤੀ ਹੈ । ਆਪਣੀ ਮਾਂ ਦੇ ਜਾਣ ਤੋਂ ਬਾਅਦ ਪਾਲਾ ਫਿਰ ਤੋਂ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਣ ਲੱਗ ਪਿਆ । ਉਸ ਨੇ ਇੱਕ ਇੱਕ ਕਰਕੇ ਆਪਣੇ ਦੋਨੋਂ ਪੁੱਤਰਾਂ ਦਾ ਵਿਆਹ ਕਰ ਦਿੱਤਾ । ਜਦ ਪਾਲੇ ਨੇ ਮੇਰੀ ਕਹਾਣੀ ÷ਸੁਪਨਿਆਂ ਦੇ ਖ਼ਤ÷ ਅਖ਼ਬਾਰ ਵਿੱਚ ਪੜ੍ਹੀ ਤਾਂ ਇਹ ਕਹਾਣੀ ਉਸ ਨੂੰ ਆਪਣੀ ਜ਼ਿੰਦਗੀ ਨਾਲ ਢੁਕਵੀਂ ਲੱਗਦੀ ਹੋਣ ਕਾਰਨ ਉਸ ਨੇ ਮੇਰੇ ਸੰਪਰਕ ਨੰਬਰ ਤੇ ਫੋਨ ਕੀਤਾ। ਪਾਲਾ ਮੈਨੂੰ ਕਹਿਣ ਲੱਗਾ ਕਿ ਮੇਰੀ ਉਮਰ 70 ਸਾਲ ਤੋਂ ਵੱਧ ਹੈ ਅਤੇ ਅੱਜ ਵੀ ਮੇਰੀ ਮਾਂ ਮੈਨੂੰ ਸੁਪਨਿਆਂ ਦੇ ਵਿੱਚ ਆ ਕੇ ਮਿਲਦੀ ਹੈ । ਪਾਲੇ ਦੀਆਂ ਗੱਲਾਂ ਸੁਣ ਕੇ ਮੈਂ ਬੈਠਾ ਬੈਠਾ ਸੁੰਨ ਹੋ ਗਿਆ ਸੀ। ਮੈਨੂੰ ਇਸ ਗੱਲ ਦਾ ਯਕੀਨ ਹੋ ਗਿਆ ਸੀ ਕਿ ਮਾਵਾਂ ਭਾਵੇਂ ਇਸ ਦੁਨੀਆਂ ਤੋਂ ਚਲੀਆਂ ਜਾਂਦੀਆਂ ਹਨ ਪਰ ਆਪਣੇ ਬੱਚਿਆ ਦਾ ਸਾਥ ਉਨ੍ਹਾਂ ਦੇ ਆਖ਼ਰੀ ਸਮੇਂ ਤੱਕ ਵੀ ਨਹੀਂ ਛੱਡਦੀਆਂ ਸ਼ਾਇਦ ਉਸ ਤੋਂ ਬਾਅਦ ਵੀ ਨਹੀਂ ।

**ਦੀਪ ਚੌਹਾਨ**
**ਸੰਪਰਕ 94642-12566**

# ਟਰੈਕਟਰ ਮਾਰਚ: ਗੱਭਰੂਆਂ ਦਾ ਅਹਿਮ ਰੋਲ



ਸੰਜੀਵ ਸਿੰਘ ਸੈਣੀ, ਮੋਹਾਲੀ

ਇਸੇ ਸਮੇਂ ਕਿਸਾਨ ਅੰਦੋਲਨ ਪੂਰੇ ਜੋਰਾਂ ਤੇ ਹੈ।ਹਾਲ ਹੀ ਵਿੱਚ ਦਿੱਲੀ ਬਾਰਡਰਾਂ ਤੇ ਕਿਸਾਨਾਂ ਵੱਲੋਂ ਟਰੈਕਟਰ ਮਾਰਚ ਕੱਢਿਆ ਗਿਆ।ਕਿਸਾਨ ਜਥੇਬੰਦੀਆਂ ਦਾ ਕਹਿਣਾ ਹੈ ਕਿ ਇਹ ਟਰੈਕਟਰ ਰੈਲੀ ਇੱਕ ਰਿਹਰਸਲ ਹੈ।ਜੇ ਸਮਾਂ ਰਹਿੰਦਿਆਂ ਖੇਤੀ ਕਾਨੂੰਨ ਰੱਦ ਨਾ ਹੋਏ ਤਾਂ 26 ਜਨਵਰੀ ਨੂੰ ਦਿੱਲੀ ਦੇ ਅੰਦਰ ਵੜ ਕੇ ਇਕ ਹੋਰ ਵੱਡਾ ਟ੍ਰੈਕਟਰ ਮਾਰਚ ਕੱਢਿਆ ਜਾਵੇਗਾ।ਜਿਸ ਵਿੱਚ ਬਹੁਤ ਵੱਡੇ ਪੱਧਰ ਤੇ ਟਰੈਕਟਰਾਂ ਦੀ ਸਮੂਲੀਅਤ ਹੋਵੇਗੀ। ਵੀਰਵਾਰ ਦੀ ਰੈਲੀ ਵਿੱਚ ਕਿਸਾਨਾਂ ਨੇ ਅੱਠ ਹਜਾਰ ਤੋਂ ਵੱਧ ਟਰੈਕਟਰ ਸਾਮਿਲ ਹੋਣ ਦਾ ਦਾਅਵਾ ਕੀਤਾ ਹੈ। ਜਿਸ ਵਿੱਚ ਵੱਡੇ ਪੱਧਰ ਤੇ ਨੌਜਵਾਨਾਂ ਦੀ ਸਮੂਲੀਅਤ ਸੀ। ਨੌਜਵਾਨਾਂ ਨੇ ਟਰੈਕਟਰ ਤੇ ਕੌਮੀ ਤਿਰੰਗੇ ਝੰਡੇ ਤੇ ਕੇਸਰੀ ਝੰਡੇ ਲਗਾਏ ਹੋਏ ਸਨ।ਹਰ ਟਰੈਕਟਰ ਦੇ ਉਪਰ 3 ਤੋਂ 5 ਤੱਕ ਨੌਜਵਾਨ ਬੈਠੇ ਹੋਏ ਸਨ। ਨੌਜਵਾਨਾਂ ਚ ਉਤਸਾਹ ਦੇਖਣ ਵਾਲਾ ਸੀ।ਜਿਹੜੇ ਸਿਆਸੀ ਕਿਸੇ ਸਮੇਂ ਪੰਜਾਬ ਦੀ ਜਵਾਨੀ ਨੂੰ ਨਸੇੜੀ ਕਹਿੰਦੇ ਸਨ ,ਅੱਜ ਉਹ ਟਰੈਕਟਰ ਮਾਰਚ ਵਿੱਚ ਆ ਕੇ ਇਨ੍ਹਾਂ ਨੌਜਵਾਨਾਂ ਦਾ ਜੋਸ ਵੇਖ ਲੈਂਦੇ। ਜਦੋਂ ਨਵੰਬਰ ਮਹੀਨੇ ਵਿੱਚ ਕਿਸਾਨਾਂ ਨੇ ਦਿੱਲੀ ਵੱਲ ਨੂੰ ਜਾਣਾ ਸੀ, ਤਾਂ ਹਰਿਆਣਾ ਬਾਡਰਾਂ ਤੇ ਸਰਕਾਰਾਂ ਵੱਲੋਂ ਕੀਤੀ ਗਈ ਬੈਰੀਕੇਡਿੰਗ ਨੂੰ ਹਟਾਉਣ ਵਿੱਚ ਇਨ੍ਹਾਂ ਨੌਜਵਾਨਾਂ ਦਾ ਵੱਡਾ ਯੋਗਦਾਨ ਸੀ। ਇਨ੍ਹਾਂ ਖੇਤੀ ਬਿੱਲਾਂ ਖਿਲਾਫ ਅੱਜ ਦਾ ਨੌਜਵਾਨ ਜਾਗਰੂਕ ਹੋ ਚੁੱਕਿਆ ਹੈ।ਕਿਉਂਕਿ ਨੌਜਵਾਨਾ ਨੂੰ ਆਪਣਾ ਭਵਿੱਖ ਦਿੱਖ ਰਿਹਾ ਹੈ।ਹੱਡ ਚੀਰਦੀ ਠੰਡ ਵਿਚ ਹਰੇਕ ਤਬਕੇ ਵੱਲੋਂ ਟਰੈਕਟਰ ਮਾਰਚ ਵਿੱਚ ਸਮੂਲੀਅਤ ਕੀਤੀ ਗਈ। ਟਰੈਕਟਰ ਮਾਰਚ ਵਿੱਚ ਹਿੱਸਾ ਪਾਉਣ ਲਈ ਲੋਕਾਂ ਨੇ ਕਾਰਾਂ, ਸਕੂਟਰਾਂ ਦਾ ਵੀ ਸਹਾਰਾ ਲਿਆ।ਗੁਆਂਢੀ ਸੂਬੇ ਹਰਿਆਣਾ ਦੀਆਂ ਔਰਤਾਂ ਦੀ ਇਸ ਟਰੈਕਟਰ ਮਾਰਚ ਵਿਚ ਵੱਡੀ ਸਮੂਲੀਅਤ ਸੀ। ਔਰਤਾਂ ਖੁਦ ਟਰੈਕਟਰ ਚਲਾ ਰਹੀਆਂ ਸਨ। ਭੁੱਖ ਹੜਤਾਲ ਵਿੱਚ ਵੀ ਹਰਿਆਣਾ ਦੀਆਂ ਔਰਤਾਂ ਸਾਮਲ ਹੋ ਰਹੀਆਂ ਹਨ।ਦਿੱਲੀ ਦੀ ਬਰੂਹਾਂ ਤੇ ਬੈਠਿਆਂ ਕਿਸਾਨਾਂ ਨੂੰ ਤਕਰੀਬਨ ਡੇਢ ਮਹੀਨਾ ਹੋ ਚੁੱਕਿਆ ਹੈ। 53 ਤੋਂ ਵੱਧ ਕਿਸਾਨਾਂ ਨੇ ਇਸ ਅੰਦੋਲਨ ਵਿੱਚ ਸਹੀਦੀ ਪ੍ਰਾਪਤ ਕੀਤੀ। ਕਿਸਾਨਾਂ ਦਾ ਦਰਦ ਨਾ ਸਹਿੰਦਿਆਂ ਬਾਬਾ ਰਾਮ ਸਿੰਘ ਜੀ ਨੇ ਕਿਸਾਨ ਅੰਦੋਲਨ ਵਿੱਚ ਖੁਦਕੁਸੀ ਕੀਤੀ ।ਸਰਕਾਰ ਦੇ ਅੜੀਅਲ ਵਤੀਰੇ ਕਾਰਨ ਹੋਰ ਵੀ ਕਈ ਕਿਸਾਨਾਂ ਨੇ ਆਤਮ ਹੱਤਿਆ ਕੀਤੀ ਹੈ। ਜੇ ਕੇਂਦਰ ਸਰਕਾਰ ਨੂੰ ਖੇਤੀ ਕਾਨੂੰਨ ਬਣਾਉਣੇ ਹਨ ,ਤਾਂ ਕਿਸਾਨ ਜਥੇਬੰਦੀਆਂ ਦੇ ਨੁਮਾਇੰਦਿਆਂ ਦੀ ਸਲਾਹ ਮੁਤਾਬਕ ਬਣਾਏ ਜਾਣ।ਸਰਕਾਰਾਂ ਦਾ ਕਹਿਣਾ ਹੈ ਕਿ ਅਸੀਂ ਤਾਂ ਕਿਸਾਨ ਨੂੰ ਆਜਾਦ ਕਰ ਦਿੱਤਾ ਹੈ।70 ਸਾਲਾਂ ਵਿੱਚ ਪਹਿਲੀ ਵਾਰ ਦੇਸ ਦਾ ਅੰਨਦਾਤਾ ਅੱਜ ਆਪਣੇ ਹੱਕਾਂ ਲਈ ਸੜਕਾਂ ਤੇ ਆਇਆ ਹੈ।ਕਿਉਂਕਿ ਕਿਸਾਨ ਨੂੰ ਵਰਤਮਾਨ ਤੇ ਭਵਿੱਖ ਦੀ ਚਿੰਤਾ ਹੈ। ਸਮੇਂ ਦੀ ਨਜਾਕਤ ਨੂੰ ਦੇਖਦੇ ਹੋਏ ਕੇਂਦਰ ਸਰਕਾਰ ਨੂੰ ਇਹ ਮਾਰੂ ਖੇਤੀ ਬਿੱਲ ਰੱਦ ਕਰ ਦੇਣੇ ਚਾਹੀਦੇ ਹਨ ।ਤਾਂ ਜੋ ਕਿਸਾਨ ਖੁਸੀ ਖੁਸੀ ਘਰ ਵਾਪਸ ਆ ਕੇ ਦੇਸ ਦੇ ਅੰਨ ਉਤਪਾਦਨ ਵਿਚ ਆਪਣਾ ਹੋਰ ਯੋਗਦਾਨ ਪਾ ਸਕੇ।

# ਆਪਸੀ ਪਿਆਰ ਭਾਈਚਾਰਕ ਸਾਂਝ ਦਾ ਤਿਉਹਾਰ ਲੋਹੜੀ





ਗੁਰਜੀਤ ਕੌਰ 'ਮੋਗਾ'
Gurjeetkaurwriter@gmail.com

ਲੋਹੜੀ ਸਾਡੇ ਦੇਸ਼ ਦਾ ਪ੍ਰਸਿੱਧ ਤਿਉਹਾਰ ਹੈ। ਇਹ ਹਰ ਸਾਲ ਮਾਘ ਮਹੀਨੇ ਦੀ ਸੰਗਰਾਂਦ ਤੋਂ ਇੱਕ ਦਿਨ ਪਹਿਲਾਂ ਮਨਾਇਆ ਜਾਂਦਾ ਹੈ ।ਇਸ ਦਿਨ ਠੰਢ ਵੀ ਪੂਰੇ ਜੋਸ਼ ਤੇ ਹੁੰਦੀ ਹੈ। ਇਹ ਸਾਰੇ ਧਰਮਾਂ ਦਾ ਸਾਂਝਾ ਤਿਉਹਾਰ ਮੰਨਿਆ ਜਾਂਦਾ ਹੈ ।ਤਿਓਹਾਰ ਸਾਡਾ ਆਪਸੀ ਪਿਆਰ ਭਾਈਚਾਰਕ ਸਾਂਝ ਵਧਾਉਂਦੇ ਹਨ। ਲੋਹੜੀ ਵੀ ਆਪਸੀ ਸਾਂਝ ਪਿਆਰ ਦੀ ਪ੍ਰਤੀਕ ਹੈ ।ਜਿਸ ਨੂੰ ਰਲ ਕੇ ਧੂਣੀ ਦੇ ਰੂਪ ਵਿੱਚ ਬਾਲਦੇ ਹਨ। ਲੋਹੜੀ ਮਨਾਉਣ ਦੀ ਪਰੰਪਰਾ ਇੱਕ ਲੋਕ ਨਾਇਕ ਦੁੱਲਾ ਭੱਟੀ ਦੇ ਨਾਲ ਸਬੰਧਤ ਦੱਸੀ ਜਾਂਦੀ ਹੈ। ਦੁੱਲਾ ਇਕ ਡਾਕੂ ਸੀ ।ਉਹ ਬੜਾ ਸੂਰਬੀਰ ਤੇ ਬਹਾਦਰ ਸੀ। ਉਹ ਸ਼ਾਹੂਕਾਰਾਂ ਕੋਲੋਂ ਗਹਿਣੇ ਪੈਸਾ ਲੁੱਟ ਕੇ ਗ਼ਰੀਬਾਂ ਦੀ ਮਦਦ ਕਰਦਾ ਸੀ। ਉਹ ਗਰੀਬ ਲੋਕਾਂ ਲਈ ਮਸੀਹਾ ਸੀ ।ਕਹਿੰਦੇ ਨੇ ਕਿ ਇੱਕ ਵਾਰ ਉਸ ਨੇ ਗਰੀਬ ਪਰਿਵਾਰ ਨਾਲ ਸਬੰਧਤ ਦੋ ਕੁੜੀਆਂ ਸੁੰਦਰੀ ਤੇ ਮੁੰਦਰੀ ਨੂੰ ਹਾਕਮਾਂ ਦੇ ਚੁੰਗਲ ਚੋਂ ਬਚਾ ਕੇ ਆਪਣੇ ਹੱਥੀਂ ਵਿਆਹ ਕੀਤਾ ਤੇ ਤੋਹਫੇ ਵਜੋਂ ਉਨ੍ਹਾਂ ਦੀ ਝੋਲੀ ਸ਼ੱਕਰ ਪਾਈ। ਲੋਕ ਗੀਤਾਂ ਵਿੱਚ ਵੀ ਉਸ ਦੀ ਇਸ ਬਹਾਦਰੀ ਦੇ ਕਿੱਸੇ ਗਾਏ ਜਾਂਦੇ ਹਨ ।ਲੋਹੜੀ ਸਾਡੇ ਪਿੰਡਾਂ ਸ਼ਹਿਰਾਂ ਵਿੱਚ ਬੜੀ ਧੂਮਧਾਮ ਨਾਲ ਮਨਾਈ ਜਾਂਦੀ ਹੈ ।ਲੋਹੜੀ ਤੋਂ ਕੁਝ ਦਿਨ ਪਹਿਲਾਂ ਬੱਚੇ ਇਕੱਠੇ ਹੋ ਕੇ ਘਰ-ਘਰ ਲੋਹੜੀ ਮੰਗਣ ਜਾਂਦੇ ਹਨ। ਹੱਸਦੇ-ਖੇਡਦੇ ਨੱਚਦੇ-ਟੱਪਦੇ ਮੁੰਡੇ ਕੁੜੀਆਂ ਦੁੱਲੇ ਦੀ ਗਾਥਾ ਬਿਆਨ ਕਰਦੇ ਗਾਉਂਦੇ ਹਨ

**ਸੁੰਦਰ ਮੁੰਦਰੀਏ ਹੋ...**
**ਤੇਰਾ ਕੌਣ ਵਿਚਾਰਾ ਹੋ...**
**ਦੁੱਲਾ ਭੱਟੀ ਵਾਲਾ ਹੋ ...**
**ਦੁੱਲੇ ਨੇ ਧੀ ਵਿਆਹੀ ਹੋ...**
**ਸੇਰ ਸ਼ੱਕਰ ਪਾਏ ਹੋ...**

ਇਸੇ ਤਰ੍ਹਾਂ ਹਰ ਘਰ ਚੋਂ ਉਨ੍ਹਾਂ ਨੂੰ ਗੁੜ, ਮੂੰਗਫਲੀ ,ਲੱਕੜਾਂ ਆਦਿ ਮਿਲ ਜਾਂਦੇ ਹਨ ਤੇ ਗਾਉਂਦੇ ਹਨ ..

**ਸਾਨੂੰ ਦੇ ਲੋਹੜੀ..**
**ਤੇਰੀ ਜੀਵੇ ਜੋੜੀ ..**

ਗਾਉਂਦਿਆਂ ਗਾਉਂਦਿਆਂ ਕਈ ਵਾਰ ਜਿਸ ਘਰੋਂ ਦੇਰ ਤਕ ਕੁਝ ਨਾ ਮਿਲੇ ਤਾਂ ਕੁੜੀਆਂ ਇਕੱਠੀਆਂ ਹੋ ਕੇ ਬੋਲਦੀਆਂ ਹਨ ..

**ਸਾਡੇ ਪੈਰਾਂ ਹੇਠ ਸਲਾਈਆਂ..**
**ਅਸੀਂ ਕਿਹੜੇ ਵੇਲੇ ਦੀਆਂ ਆਈਆਂ..**
**ਸਾਡੇ ਪੈਰਾਂ ਹੇਠਾਂ ਰੋੜ..**
**ਸਾਨੂੰ ਛੇਤੀ ਛੇਤੀ ਤੋਰ..**

ਪੁਰਾਣੇ ਸਮਿਆਂ ਵਿੱਚ ਲੋਹੜੀ ਮੰਗਣ ਦਾ ਰਿਵਾਜ ਸੀ। ਲੋਕ ਵੀ ਲੋਹੜੀ ਮੰਗਣ ਵਾਲਿਆਂ ਨੂੰ ਖਾਲੀ ਨਹੀਂ ਸਨ ਮੋੜਦੇ। ਜੇ ਕਿਤੇ ਘਰ ਦੀਆਂ ਸੁਆਣੀਆਂ ਘਰ ਦੇ ਕੰਮਕਾਰ ਵਿੱਚ ਰੁੱਝੀਆਂ ਲੋਹੜੀ ਨਾਂ ਦੇ ਪਾਉਂਦੀਆਂ ਤਾਂ ਨਿਆਣੇ ਬਾਹਰ ਖੜ੍ਹੇ ਖੜ੍ਹੇ ਥੱਕ ਜਾਂਦੇ ਤੇ ਬੋਲਾਂ ਦੇ ਵਿੱਚ ਗੁੱਸੇ ਦਾ ਪ੍ਰਗਟਾਵਾ ਕਰਦੇ ...

**ਕੋਠੇ ਉੱਤੇ ਹੁੱਕਾ..**
**ਇਹ ਘਰ ਭੁੱਖਾ ..**

ਤੇ ਜਿੱਥੇ ਉਨ੍ਹਾਂ ਨੂੰ ਮਨਪਸੰਦ ਦੀਆਂ ਮੂੰਗਫਲੀਆਂ ਗੁੜ ਰਿਉੜੀਆਂ ਮਿਲ ਜਾਂਦੀਆਂ ਤਾਂ ਖੁਸ਼ੀ ਨਾਲ ਉੱਚੀ ਆਵਾਜ਼ ਵਿੱਚ ਗਾਉਂਦੇ ..

**ਕੋਠੇ ਉੱਤੇ ਕੰਘਾ ..**
**ਇਹ ਘਰ ਚੰਗਾ..**
**ਇਹ ਘਰ ਚੰਗਾ..**

ਜਿਸ ਘਰ ਮੁੰਡਾ ਜੰਮਿਆ ਹੁੰਦਾ ਉਸ ਘਰੋਂ ਵਧਾਈ ਦੇ ਰੂਪ ਵਿੱਚ ਵੱਧ ਗੁੜ ਸ਼ੱਕਰ ਤੇ ਪੈਸਾ ਧੇਲਾ ਵੀ ਮਿਲ ਜਾਂਦਾ। ਉੱਥੇ ਖੁਸ਼ ਹੋ ਕੇ ਨਿਆਣੇ ਦੁਆਵਾਂ ਦਿੰਦੇ..

**ਕੋਠੇ ਉੱਤੇ ਮੋਰ..**
**ਇੱਥੇ ਮੁੰਡਾ ਜੰਮੇ ਹੋਰ..**
**ਵਰ੍ਹੇ ਨੂੰ ਫੇਰ ਆਈਏ..**

ਪਿੰਡਾਂ ਸ਼ਹਿਰਾਂ ਵਿੱਚ ਜਿਸ ਘਰ ਮੁੰਡਾ ਜੰਮਿਆ ਹੁੰਦਾ ਉਸ ਘਰ ਦੀਆਂ ਨੂੰਹਾਂ ਧੀਆਂ ਆਂਢ ਗੁਆਂਢ ਦੀਆਂ ਔਰਤਾਂ ਮਿਲ ਕੇ ਸੱਜ ਧੱਜ ਕੇ ਪਿੱਤਲ ਦੀ ਪਰਾਤ ਵਿੱਚ ਮੂੰਗਫਲੀਆਂ,ਰਿਓੜੀਆਂ ਪਾ ਕੇ ਘਰ ਘਰ ਲੋਹੜੀ ਵੰਡ ਕੇ ਆਉਂਦੀਆਂ ਅਤੇ ਨੇੜਲੇ ਘਰਾਂ ਵਿੱਚ ਲੋਹੜੀ ਵਾਲੀ ਰਾਤ ਨੂੰ ਆਪਣੇ ਘਰ ਆਉਣ ਦਾ ਸੱਦਾ ਵੀ ਦੇ ਕੇ ਆਉਂਦੀਆਂ। ਲੋਹੜੀ ਨੂੰ ਮੁੰਡੇ ਜੰਮੇ ਦੇ ਜਸ਼ਨ ਵਿਚ ਮਨਾਏ ਜਾਂਦੇ ਹਨ ਤੇ ਢੋਲ ਢਮੱਕਾ ਵੀ ਹੁੰਦਾ ।ਬੜੀਆਂ ਖ਼ੁਸ਼ੀਆਂ ਚਾਵਾਂ ਤੇ ਮਲਾਰਾਂ ਨਾਲ ਲੋਹੜੀ ਮਨਾਈ ਜਾਂਦੀ। ਜਿਸ ਘਰ ਲੜਕੇ ਦਾ ਨਵਾਂ ਵਿਆਹ ਹੋਇਆ ਹੋਵੇ ਉਸ ਘਰ ਵੀ ਵਿਆਹ ਦੀ ਲੋਹੜੀ ਬੜੇ ਚਾਵਾਂ ਨਾਲ ਮਨਾਈ ਜਾਂਦੀ।

ਗਲੀਆਂ ਮੁਹੱਲਿਆਂ ਵਿਚ ਸਾਂਝੀਆਂ ਖੁਲ੍ਹੀਆਂ ਥਾਂਵਾਂ ਤੇ ਲੋਹੜੀ ਲਾਈ ਜਾਂਦੀ। ਦੇਰ ਰਾਤ ਤੱਕ ਬੱਚੇ ,ਬੁੱਢੇ ਜਵਾਨ,ਔਰਤਾਂ ਸਭ ਰਲ ਮਿਲ ਕੇ ਲੋਹੜੀ ਸੇਕਦੇ ਹਨ ਤੇ ਵੱਡੀ ਉਮਰ ਦੀਆਂ ਔਰਤਾਂ ਆਪੋ ਆਪਣੇ ਘਰੋਂ ਮੂੰਗਫਲੀ, ਰਿਓੜੀਆਂ ਲਿਆ ਕੇ ਇਕ ਜਗ੍ਹਾ ਇਕੱਠੀਆਂ ਕਰ ਦਿੰਦੀਆਂ ਹਨ ਤੇ ਬੁੱਕ ਭਰ ਭਰ ਕੇ ਸਭ ਨੂੰ ਵਰਤਾਉਂਦੀਆਂ ਹਨ। ਇਸ ਤਰ੍ਹਾਂ ਆਪਸੀ ਸਾਂਝ ਪਿਆਰ ਵਧਾਉਂਦਾ ਇਹ ਤਿਉਹਾਰ ਖੁਸ਼ੀਆਂ ਖੇੜੇ ਵੰਡਦਾ ਹੈ ।ਆਲਸ ਨੂੰ ਤਿਆਗਣ ਦੀ ਕਾਮਨਾ ਕਰਦਾ ਹਰ ਜੀਅ ਤਿਲਾਂ ਨੂੰ ਅੱਗ ਵਿੱਚ ਸੁੱਟਦਾ ਬੋਲਦਾ ਹੈ ...

**ਈਸ਼ਰ ਆ..**
**ਦਲਿੱਦਰ ਜਾਹ..**
**ਦਲਿੱਦਰ ਦੀ ਜੜ੍ਹ ਚੁੱਲ੍ਹੇ ਪਾ..**

ਲੋਹੜੀ ਵਾਲੀ ਰਾਤ ਮੋਠ ਤੇ ਚੌਲਾਂ ਦੀ ਖਿਚੜੀ ਪਕਾਈ ਜਾਂਦੀ ਹੈ
ਜੋ ਅਗਲੀ ਸਵੇਰ ਮਾਘੀ ਵਾਲੇ ਦਿਨ ਖਾਧੀ ਜਾਂਦੀ ਹੈ ਇਸ ਨੂੰ "ਪੋਹ ਰਿੱਧੀ ਮਾਘ ਖਾਧੀ" ਆਖਿਆ ਜਾਂਦਾ ਹੈ। ਅਜੋਕੇ ਸਮੇਂ ਵਿੱਚ ਸਮੇਂ ਦੇ ਬਦਲਾਅ ਨਾਲ ਕਿਤੇ ਕਿਤੇ ਧੀਆਂ ਦੀ ਲੋਹੜੀ ਮਨਾਉਣ ਦਾ ਵੀ ਰਿਵਾਜ ਚੱਲ ਪਿਆ ਹੈ।ਕੁਝ ਕੁ ਉਸਾਰੂ ਸੋਚ ਵਾਲੇ ਲੋਕਾਂ ਨੇ ਇਹ ਕਦਮ ਉਠਾ ਕੇ ਸਮਾਜ ਨੂੰ ਧੀ ,ਪੁੱਤ ਬਰਾਬਰ ਹੋਣ ਦਾ ਸੰਦੇਸ਼ ਦਿੱਤਾ ਹੈ। ਇਹ ਨਿਵੇਕਲਾ ਕਦਮ ਧੀਆਂ ਪ੍ਰਤੀ ਉੱਚੀ ਸੋਚ ਦਾ ਸਬੂਤ ਹੈ।



# ਪ੍ਰੀਤ ਫੁਲਵਾੜੀ

## ਇਤਿਹਾਸਕ ਪਰੇਡ , ਲੋਕ ਤਾਕਤ ਤੇ ਲੌਂਗ ਮਾਰਚ

ਇਹ ਰੰਗਾਂ ਦੀ ਤਾਕਤ ਹੈ
ਇਹ ਸਾਡੇ ਢੰਗਾਂ ਦੀ ਤਾਕਤ ਹੈ
ਲਾਲ ਕੇਸਰੀ ਪੀਲੇ ਹਰੇ
ਰੰਗਾਂ ਦੀ ਤਾਕਤ ਹੈ
ਇਹ ਗੂੜੇ ਰੰਗਾਂ ਦੀ ਤਾਕਤ ਹੈ
ਭਗਵੈਂ ਦੀ ਫਿਕਲੀ ਓਦਾਸ ਤਾਕਤ ਹੈ
ਹੁਣ ਸਰਕਾਰ ਦੀ ਢੈਲੀ ਤਾਕਤ ਹੈ
ਹਜਾਰਾਂ ਸਾਲਾਂ ਦੀ
ਇਹ ਇਕੱਠੀ ਹੋਈ ਤਾਕਤ ਹੈ
ਇਹ ਲੁੱਟਿਆਂ ਹੋਇਆ ਦੀ
ਜੁੜੀ ਹੋਈ ਤਾਕਤ ਹੈ
ਕਿਸੇ ਚਾਰਦਿਵਾਰੀ ਚ' ਨਹੀਂ
ਪੂਰੇ ਭਾਰਤ ਦੀ ਲੰਮੀ
ਜੁੜੀ ਕਤਾਰ ਦੀ ਤਾਕਤ ਹੈ
ਇਹ ਲੌਂਗ ਮਾਰਚ ਦੀ ਤਾਕਤ ਹੈ
ਇਹ ਕਿਸਾਨ ਫੋਰਸ ਦੀ ਪਰੇਡ
ਚ' ਰੰਗੀ ਹੋਈ ਤਾਕਤ ਹੈ
ਇਹ ਲੰਮੇ ਸਫਰ ਦੀ ਤਾਕਤ ਹੈ
ਇਹ ਖੁੱਲੇ ਜੇਰਿਆਂ ਦੀ ਤਾਕਤ ਹੈ
ਇਹ ਪਰੇਡ ਚ' ਕੁੱਲ
ਕਾਇਨਾਤ ਦੇ ਸ਼ਾਮਲ ਲੋਗਾਂ ਦੀ ਤਾਕਤ
ਹੈ
ਏਸ ਪਰੇਡ ਚ' ਸਾਰਾ ਮੁਲਕ ਸ਼ਾਮਿਲ ਹੈ
ਇਹ ਭਾਰਤੀਆਂ ਦੇ ਮਾਰਚ ਦੀ ਤਾਕਤ ਹੈ
ਇਹਦੇ ਵਿੱਚ ਸਰਕਾਰ ਬਿਨਾਂ ਹਰ
ਸਖਸ਼ੀਅਤ ਸ਼ਾਮਿਲ ਹੈ
ਪੰਜਾਬ ਦੇ ਟਰੈਕਟਰ
ਹਰਿਆਣੇ ਦੀਆਂ ਟਰਾਲੀਆਂ
ਰਾਜਸਥਾਨੀ ਜੋਰ
ਓੱਤਰਾਖੰਡ ਦਾ ਜਜਬਾ
ਮਾਲਵੇ ਦੀਆਂ ਕੁਰਬਾਨੀਆਂ
ਮਾਝੇ ਦੇ ਮਝੈਲ
ਦੁਆਬੇ ਦੀ ਸੇਵਾ ਭਾਵਨਾ
ਕੈਨੇਡਾ ਦੀਆਂ ਇਕਾਈਆਂ
ਭਾਰਤ ਦਾ ਤੀਲਾ ਤੀਲਾ
ਤੁਰਿਆ ਆਓਂਦਾ
ਬੇਅੰਤ ਤੁਰਿਆ ਆਓਂਦਾ
ਕਾਫਲਾ ਲੰਮਾ
ਲੌਂਗ ਮਾਰਚ ਭਾਰਤ ਦੀ ਧਰਤੀ ਤੇਂ
ਪਹਿਲੀ ਵਾਰ
ਏਸ ਮਾਰਚ ਦੀ ਤਿਆਰੀ
ਲੋਕ ੧੬ ਦਿਨਾਂ ਚ' ਨਹੀਂ
ਬਲਕਿ ਸਦੀਆਂ ਦਹਾਕਿਆਂ ਮਹੀਨਿਆਂ
ਤੌਂ ਕਰਦੇ ਆ ਰਹੇ ਨੇ ਤੇ
ਅੱਜ ਦਿੱਲੀ ਮੋਰਚੇ
ਵੱਲ ਨੂੰ ਤੁਰ ਪਏ ਨੇ
ਲਗਦੈ !ਅਗਲੀ ਵਾਰ ਕਾਨੂੰਨ ਬਨਾਓਣ ਲੱਗੇ
ਟੇਬਲ ਟਾਕ ਤਾਂ ਜਰੂਰ ਹੋਵੇਗੀ
ਸਲਾਹ ਤਾਂ ਹਰਗਿਜ ਲੈਣਗੇ
ਮਸ਼ਵਰਾ ਕਰਨਗੇ
ਸੱਦਾ ਪੱਤਰ ਭੇਜਣਗੇ
ਗੱਲਬਾਤ ਦਾ ਸਰਕਲ ਚਲਾਓਣਗੇ
ਮਤਲਬ ਗੱਲ ਪੁੱਛਕੇ ਕਰਨਗੇ
ਆਸ ਕਰਦੇ ਹਾਂ
ਬਚੇ ਰਹਿਣਗੇ
ਨਹੀਂ ੧੫ ਅਗਸਤ ਕੋਈ ਦੂਰ ਨਹੀਂ
ਲੌਂਗ ਮਾਰਚ
ਪਰੇਡ ਟਰੈਕਟਰ ਜੋਰ
ਕਾਫਲਾ ਲੋਕ ਲੰਗਰ
ਖਾਲਸਾ ਸੂਹਾ ਹਰਾ ਪੀਲਾ
ਰੰਗ ਚੇਤਿਆਂ ਚ' ਵਸਿਆ
ਮੂਹਰੇ ਆਜੂ।
ਪਾਸ਼

## (ਯਾਰਾਂ ਦੀ ਗੱਲ)

ਆਓ ਕਰੀਏ , ਯਾਰਾਂ ਦੀ ਗੱਲ ,
ਵਿਛੜ ਗਏ ਓਨਾਂ, ਪਿਆਰਾਂ ਦੀ ਗੱਲ ।
ਤੱਕ ਤੱਕ ਜਿਨਾਂ ਨੂੰ , ਜਿਊਦੇ ਸੀ ,
ਓਨਾਂ , ਹੀਰਾਂ ਹਾਰਾਂ ਦੀ ਗੱਲ ।
ਟਪਕਦਾ ਹੈ , ਅੱਖਾਂ ਚੋ ਲਹੂ ,
ਦਿਲ ਤੇ ਪੈਦੀਆਂ , ਮਾਰਾਂ ਦੀ ਗੱਲ ।
ਉਜੜ ਗਏ , ਸਭ ਬਾਗ ਬਗੀਚੇ ,
ਰੁਸ ਗਈਆਂ ਓਨਾਂ , ਬਹਾਰਾਂ ਦੀ ਗੱਲ ।
ਬਿਰਹੋ ਮਾਰੀ , ਪਈ ਕੋਇਲ ਕੂਕੇ ,
ਟੁਟੇ ਦਿਲ ਦੀਆਂ , ਤਾਰਾਂ ਦੀ ਗੱਲ ।
ਪਿਆਰ , ਮੁਹੱਬਤ ਦਾ , ਕੀ ਓਨਾਂ
ਜੋ ਕਰਦੇ ਰਹਿੰਦੇ , ਖਾਰਾਂ ਦੀ ਗੱਲ ।
ਕੀ ਜੋੜਨਗੇ , ਰਿਸ਼ਤਾ ਕਿਸੇ ਨਾਲ ,
ਜੋ ਕਰਦੇ ਨੇ , ਹੰਕਾਰਾਂ ਦੀ ਗੱਲ ।
'ਦਰਦੀ' ਤੇਰੇ,ਦਰਦ ਨੂੰ ,ਕੀ ਸਮਝਣ ,
ਓਨਾਂ ਕੋਲ ਤਾਂ ,ਕੋਠੀਆਂ ਕਾਰਾਂ ਦੀ ਗੱਲ।
ਸ਼ਿਵਨਾਥ ਦਰਦੀ
ਸੰਪਰਕ :- 9855155392

## *ਬਣਦਾ ਹੈ*

ਕਲਮਾਂ ਵਾਲ਼ਾ ਜੋਰ ਚਲਾਓਣਾ ਬਣਦਾ ਹੈ
ਹਾਕਮ ਦੇ ਨਾਲ਼ ਸਿਰ ਟਕਰਾਓਣਾ ਬਣਦਾ ਹੈ।

ਏਹੀ ਵੇਲ਼ਾ ਖ਼ੂਨ ਉਬਾਲ਼ੇ ਰਾਹਾਂ ਲਈ
ਦੋ ਪਾਸੜ ਚੋਂ ਇੱਕ ਅਪਣਾਓਣਾ ਬਣਦਾ ਹੈ।

ਗੁਰੂਆਂ ਤੋਂ ਲੈ ਥਾਪੜ ਜੰਗ ਮੈਦਾਨਾ ਲਈ
ਇੱਟ ਨਾਲ਼ ਇੱਟ ਖੜਕਾਓਣਾ ਬਣਦਾ ਹੈ।

ਮੇਰਾ-ਤੇਰਾ ਇੱਕੋ ਦੁਸ਼ਮਣ ਬੋਲ ਰਿਹਾ
ਬੋਲਾਂ ਵਿੱਚੋਂ ਚੀਕ ਕਢਾਓਣਾ ਬਣਦਾ ਹੈ।

ਕਲਮਾਂ ਵਾਲ਼ਾ ਜੋਰ ਦਿਖਾਓਣਾ ਬਣਦਾ ਹੈ
ਹਾਕਮ ਦੇ ਨਾਲ਼ ਸਿਰ ਟਕਰਾਓਣਾ ਬਣਦਾ ਹੈ।
**#ਬਲਕਾਰ ਬਮਾਨੀ**
**97793-68823**

## .ਗ਼ਜ਼ਲ-ਦੁਨੀਆਦਾਰੀ

ਲਾਚਾਰੀ , ਦੁਸ਼ਵਾਰੀ ਏ,
ਐਸੀ ਦੁਨੀਆਦਾਰੀ ਏ।
ਝੱਟ ਫਸ ਜਾਈਏ ਲਾਲਚ ਵਿਚ,
ਕਿਸ ਕੰਮ ਦੀ ਖ਼ੁੱਦਾਰੀ ਏ।
ਸਾਡੀ ਨੀਅਤ ਨੂੰ ਪਰਖ ਰਿਹਾ,
ਖ਼ੁਦ ਸ਼ਾਹ ਦੀ ਨੀਅਤ ਮਾੜੀ ਏ।
ਦਿਲ ਤਾਂ ਆਖ਼ਰ ਦਿਲ ਹੈ ਯਾਰ,
ਨਾ ਕਿ ਵਸਤ ਬਜ਼ਾਰੀ ਏ।
ਹਾਕਮ, ਖੱਚਰਾ ਜਿਹਾ ਮੁਸਕਾਉਂਦਾ ਹੈ,
ਲਗਦੈ ਕੋਈ ਖ਼ੂਬ ਤਿਆਰੀ ਏ।
ਤੇਰੇ ਫਰਮਾਨ ਕੋਈ ਮਲੂਮ ਨਹੀਂ,
ਕਿਰਸਾਨੀ ਤੇ ਸੱਟ ਭਾਰੀ ਏ।
ਪ੍ਰੀਤ ਅਮਨ ਓਹਨਾ ਤਾਈਂ ਸਜਦਾ ਏ,
ਜਿਨ੍ਹਾਂ ਸੜਕਾਂ ਤੇ ਰਾਤ ਗੁਜ਼ਾਰੀ ਏ।
**ਪ੍ਰੀਤ ਅਮਨ**
**6280932905**

## ਕਿਸਾਨ-ਅੰਦੋਲਨ ਦੀ ਪੈਂਤੀ

ੳ--ਉੱਡਦੀਆਂ ਕੂੰਜਾਂ ਕੁਰਲਾਉਂਦੀ ਜਾਂਦੀਆਂ ਕੋਈ ਡਾਰਾਂ ਦੀਆਂ ਡਾਰਾਂ
ਅਅੰਬਰੋਂ ਵੇਖਦੀਆਂ ਸਿੰਘੂ ਬਾਡਰ ਤੇ ਅੰਨਦਾਤਾ ਕੋਈ ਲੱਖਾਂ ਹਜਾਰਾਂ
ੲਇੰਨਾ ਦੀ ਕੁਰਲਾਹਟ ਇੰਨਾ ਦੀਆਂ ਅਪਨੀਆਂ ਨੇ ਲੁਕੀਆਂ ਬਾਤਾਂ
ਸਸੱਚ ਜਾਪਦਾ ਏ ਕੂੰਜਾਂ ਵੀ ਦੁਖੀ ਨੇ, ਮਾਰਣ ਝੁਕ-ਝੁਕ ਝਾਂਤਾ
ਹਹੁਣ ਕੀ ਬਨੇਗਾ ਦੇਸ ਦਾ, ਰਾਖਿਆਂ ਨੇ ਲਾਈਆਂ ਘਾਤਾਂ
ਕ --ਕਵੀਓਂ ਕੱਡੋ ਹੁਣ ਤੁਸੀਂ ਕਲਮ-ਤਲਵਾਰਾਂ ਵੇ ਵੀਰੋ
ਖ --ਖੌਰੂ- ਰੰਗੀ-ਕਵਿਤਾ ਲਿਖ , ਭਾਵੇਂ ਕੱਡਵਾਓ ਵਿਚ ਅਖਬਾਰਾਂ ਵੇ ਵੀਰੋ
ਗ-- ਗਹਿਰੀ -ਸਹੀ -ਸੋਚ -ਰੰਗੀਆਂ ਰਚਨਾਂ ਲਿਖ ਅਖਬਾਰੀਂ ਪਾਓ ਵੇ ਵੀਰੋ
ਘ--- ਘੋਲੀਆਂ ਦਾ ਘੋਲ, ਲਿਖ-ਲਿਖ ਸੁਝਾਅ, ਹੁਣ ਤਾਂ ਘੋਲ ਮੁਕਾਓ ਵੇ ਵੀਰੋ
ਖਾਲੀ ਝੋਲੀ, ਕਿਸਾਨ -ਅੰਦੋਲਨ ਦਾ ਮੋੜਾ ਨਾ ਪਵਾਇਓ ਵੇ ਵੀਰੋ
ਚ --ਚਲੋ ਨੀ ਅੜੀਓ, ਉੱਡ ਅਸੀਂ ਕੈਲਾਸ ਤੇ ਜਾ ਬਹਿਏ
ਛ--ਛੱਡੋ ਕੋਈ ਤ੍ਰਿਸੂਲ, ਅਸੀਂ ਰਲ ਭੋਲੇ ਨਾਥ ਨੂੰ ਜਾ ਕਹਿਏ
ਜ--ਜੋਰ ਨਾ ਕੋਈ ਸਾਡਾ ਬਾਬਾ, ਅਸੀਂ ਹਾਂ ਜਿੰਦਾਂ ਨਿਮਾਣੀਆਂ
ਝ--ਝੋਰਾ ਸਾਨੂੰ ਵੀ ਹੈ ਬਾਬਾ ਅਤੇ ਸਾਂਨੂ ਵੀ ਹਨ ਪਰੇਸ਼ਾਨੀਆਂ
ਖਾਲੀ ਨਾ ਮੋੜਿਓ ਬਾਬਾ, ਹੁਣ ਤਾਂ ਸੁਲਝਾਓ, ਉਲਝੀਆਂ ਤਾਣੀਆਂ
ਟ--ਟਲ ਜਾ ਸਰਕਾਰੇ ਨੀ, ਤੇਰਾ "ਕਮਲ" ਨਿਸ਼ਾਨ ਨਹੀਂ ਰਹਿਣਾ
ਠ--ਠੱਗੀਆਂ ਨਾ ਕਰ ਹੁਣ ਤੂੰ, ਮੰਨ ਕਿਸਾਨ ਦਾ ਕਹਿਣਾ
ਡ --ਡੋਰ ਤੇਰੀ ਟੁੱਟ ਜਾਣੀ, ਨੀ ਜੇ ਕਿਸਾਨ ਗੁੱਸਾ ਗਏ
ਢ--ਢੋਲ ਤੇਰੇ ਨਹੀਂ ਬੱਜਨੇ, ਨੀ ਜੇ ਸਭ ਲੋਕ ਗੁੱਸਾ ਗਏ
ਣਖਾਲੀ ਗੱਪਾਂ ਨਹੀਂ ,ਅੰਬਰੋਂ ਸਭ ਦਿਸਦਾ, ਸੱਚ ਦਰਸਾਉਂਦੀਆਂ ਕੂੰਜਾਂ
ਤ--ਤੋਰੋ ਹੁਣ ਸਿੰਘੂ ਬਾਡਰ ਤੇ, ਅਪਨੇ ਲਾਲਾ ਨੂੰ ਭੈਣੋਂ
ਥ--ਥੋੜਾ ਹੋਰ ਸਮਝ ਲਵੋ ਸਰਕਾਰੀ ਚਾਲਾਂ ਨੂੰ ਭੈਣੋਂ
ਦ--ਦਲ ਸਾਰੇ ਕਹਿੰਦੇ ਨੇ, ਗੱਲ ਮੰਨ ਲੈ ਹੁਣ ਸਰਕਾਰੇ
ਧ--ਧਰਨੇ ਨਹੀਂ ਚੁੱਕਣੇ, ਹੁਣ ਰਲ ਗਏ ਨੇ ਦਲ ਸਾਰੇ
ਨ ਨਹੀਂ ਹੁਣ ਤੇਰੀ ਪੁੱਗਣੀ,ਨੀ ਹੁਣ ਕਹਿੰਦੀਆਂ ਨੇ ਕੂੰਜਾਂ
ਪ--ਪੌਣ-ਪਾਣੀ ਭਾਰਤ ਦਾ ਅੜੀਓ ਹੈ ਬੜਾ ਹੀ ਮਨ ਭਉਣਾਂ
ਫ---ਫੇਰਾ ਪਾ ਕੈਲਾਸ ਦਾ ਅਸਾਂ ਵਾਪਸ ਇੱਥੇ ਹੀ ਹੈ ਆਉਣਾ
ਬ---ਬੜਾ ਮਿੱਠਾ ਅੜੀਓ ਨੀ ਮੇਰੇ ਦੇਸ ਦਾ ਦਾਨਾ-ਦਾਨਾ
ਭ---ਭਰੋਸਾ ਸਾਨੂੰ ਹੈ ਰੱਬ ਤੇ, ਸਭ ਠੀਕ ਹੋ ਜਾਣਾਂ
ਮਮੈਂ ਸਾਇਦ ਹਾਂ ਅਨੁਭਵ ਕਰਦੀ, ਜੋ ਨੇ ਕਰਦੀਆਂ ਕੂੰਜਾਂ
ਯ--ਯਾਦ ਕਰਦੀਆਂ ਕੂੰਜਾਂ, ਬੀਤੇ ਦਿਨ ਖੇਤਾਂ ਵਿਚ ਬਹਿ ਕੇ
ਰ--ਰੋਜ ਕੂਕਣ ਕੂੰਜਾਂ, ਅੰਨਦਾਤਾ ਕਹਿ-ਕਹਿ ਕੇ
ਲ--ਲੈ ਲਈ ਉਡਾਰੀ, ਕੂੰਜਾਂ ਨੇ ਉੱਡ ਦਸੇ ਦਿਸ਼ਾਵਾਂ ਦੀ
ਵ---ਵਾਹ-ਵਾਹ ਹਰ ਪਾਸੇ, ਹੈ ਕਿਸਾਨ ਭਰਾਵਾਂ ਦੀ
ੜਖਾਲੀ ਮਨਸੂਬੇ ਤੂੰ ਨਾ ਬਣਾ, ਗੱਲ ਸੁਣ ਸਰਕਾਰੇ
ਕੀਤੇ ਵਾਅਦੇ, ਤੂੰ ਕਰ ਹੁਣ ਪੂਰੇ ਸਾਰੇ
**ਕ੍ਰਿਸਨਾ ਸਰਮਾ ਸੰਗਰੂਰ**

## ਗੀਤ

-'ਸ਼ਾਹੀ' ਤੇ 'ਸਹੋਤੇ' ਕੱਢਦੇ ਨਾ ਗਾਲ ਜੀ,
'ਸੋਹੀ' ਨਈਂਓ ਛਕਦੇ ਪਰਾਇਆ ਮਾਲ ਜੀ।
'ਸਿੱਧੂ', 'ਸੰਧੂ' ਸੌਦਾ ਨਈਂਓ ਘੱਟ ਤੋਲਦੇ,
'ਬੜੈਚ', 'ਬਾਠ' ਕਿਸੇ ਨੂੰ ਨ੍ਹੀ ਮੰਦਾ ਬੋਲਦੇ।
ਫੋਕੀਆਂ ਨ੍ਹੀ ਫੜਾਂ 'ਸੇਖੋਂ', 'ਸੰਘੇ' ਮਾਰਦੇ,
'ਪੰਨੂੰ' ਨਈਂਓ ਪਿੰਜਰੇ 'ਚ ਪੰਛੀ ਤਾੜਦੇ।
'ਔਲਖ' ਨ੍ਹੀ ਪੌਣਾਂ ਵਿੱਚ ਜ਼ਹਿਰਾ ਘੋਲਦੇ,
'ਬੜੈਚ', 'ਬਾਠ' ਕਿਸੇ ਨੂੰ ਨ੍ਹੀ ਮੰਦਾ ਬੋਲਦੇ।
'ਕਲੇਰ' ਤੇ 'ਕੁਲਾਰ' ਹੁੰਦੇ ਸਾਫ ਦਿੱਲ ਦੇ,
'ਗਿੱਲਾਂ' ਵਿੱਚ ਬਹੁਤੇ ਨ੍ਹੀ ਔਗੁਣ ਮਿਲਦੇ।
ਘਰ ਦਾ ਨ੍ਹੀ ਭੇਤ 'ਸੋਹਲ' ਬਾਹਰ ਖੋਲ੍ਹਦੇ,
'ਬੜੈਚ', 'ਬਾਠ' ਕਿਸੇ ਨੂੰ ਨ੍ਹੀ ਮੰਦਾ ਬੋਲਦੇ।
ਝੂਠੀ ਪ੍ਰੰਸਸਾ ਨਈਂ 'ਸੰਘੇੜੇ' ਕਰਦੇ,
'ਬੈਂਸ' ਅਤੇ 'ਬਾਸੀ' ਨ੍ਹੀ ਕਿਸੇ ਤੋਂ ਡਰਦੇ।
ਇੱਜ਼ਤ ਬੇਗਾਨੀ ਨ੍ਹੀ 'ਬਰਾੜ' ਰੋਲਦੇ,
'ਬੜੈਚ', 'ਬਾਠ' ਕਿਸੇ ਨੂੰ ਨ੍ਹੀ ਮੰਦਾ ਬੋਲਦੇ।
ਹੱਸ ਕੇ ਬੁਲਾਉਣ 'ਕੰਗ', 'ਦੰਦੀਵਾਲ' ਜੀ,
ਨਰਮ ਸੁਭਾਅ ਦੇ ਹੁੰਦੇ 'ਪੁਰੇਵਾਲ' ਜੀ।
ਦੁੱਖ ਦੀ ਘੜੀ 'ਚ ਨਈਂਓ 'ਮਾਨ' ਡੋਲਦੇ,
'ਬੜੈਚ','ਬਾਠ' ਕਿਸੇ ਨੂੰ ਨ੍ਹੀ ਮੰਦਾ ਬੋਲਦੇ।
'ਸਰਾਂ' ਸਰਬੱਤ ਦਾ ਹੀ ਭਲਾ ਮੰਗਦੇ,
'ਗਰੇਵਾਲ','ਚਹਿਲ' ਨ੍ਹੀ ਕਿਸੇ ਤੋਂ ਸੰਗਦੇ।
ਨਈਂ ਗੋਗੜਾ ਵਧਾਉਂਦੇ 'ਭੰਗੂ' ਵਾਂਗ ਢੋਲ ਦੇ,
'ਬੜੈਚ','ਬਾਠ' ਕਿਸੇ ਨੂੰ ਨ੍ਹੀ ਮੰਦਾ ਬੋਲਦੇ।
ਚੰਗਾ-ਮੰਦਾ 'ਰਾਓ' ਨ੍ਹੀ ਕਿਸੇ ਨੂੰ ਆਖਦੇ,
'ਰਾਏ' ਹੁੰਦੇ ਅੰਦਰੋਂ ਵਾਂਗ ਦਾਖ ਦੇ।
'ਘੋਸੇ','ਬੱਲ' ਕਿਸੇ ਦਾ ਨ੍ਹੀ ਖੀਸਾ ਫੋਲਦੇ,
'ਬੜੈਚ','ਬਾਠ' ਕਿਸੇ ਨੂੰ ਨ੍ਹੀ ਮੰਦਾ ਬੋਲਦੇ।
**-ਤਸਵਿੰਦਰ ਸਿੰਘ ਬੜੈਚ**
**ਮੋਬਾ-7527931887**

## ਅਸੀਂ ਪੰਜਾਬੀ

ਅਸੀਂ ਪੰਜਾਬੀ ਮਾਂ ਦੇ ਜਾਏ,
ਇੱਕੋ ਖ਼ੂਨ ਅਸਾਡਾ ਏ।
ਵੈਰੀ ਨੂੰ ਸਦਾ ਮੋੜੀਏ ਭਾਜੀ,
ਭਾਵੇਂ ਜਾਲਮ ਡਾਹਢਾ ਏ।
ਵਾਲ ਵਿੰਗਾ ਨਾ ਕਰ ਸਕਦਾ ਏ,
ਜਦ ਤੱਕ ਸਾਡਾ ਏਕਾ ਏ।
ਮਾੜੇ ਦੀ ਧਿਰ ਬਣਕੇ ਖੜ੍ਹਨਾ,
ਸਾਡਾ ਸਮਝੋ ਠੇਕਾ ਏ।
ਪਹਿਲਾ ਵਾਰ ਕਦੇ ਨਾ ਕਰੀਏ ,
ਬਾਦ ਚ ਸੁੱਕਾ ਛੱਡਣਾ ਨਹੀਂ।
ਇੱਕੀ ਦੀ ਇਕੱਤੀ ਪਾਉਂਦੇ ਹਾਂ,
ਪਿੱਠ ਵਿਖਾ ਕੇ ਭਜਣਾ ਨਹੀਂ।
ਕਿਸੇ ਕਾਇਰ ਨੇ ਭਾਜੀ ਪਾਈ,
ਮੋੜਾ ਦੇਣਾ ਪੱਕਾ ਏ।
ਹੱਥ ਅਸਾਡੇ ਲੈ ਕੇ ਮੁੜਨਾ,
ਦਿਲ ਵਿਚ ਜੱਜਬਾ ਸੱਚਾ ਏ।
**ਰਾਜਨਦੀਪ ਕੌਰ ਮਾਨ 6239326166**

## ਮੁਹਿੰਮਾਂ

ਗੈਰਤ ਰੰਗ ਰੱਤੇ ਸੂਰੇ ,
ਕਹਿਣੀ ਕਰਨੀ ਦੇ ਪੂਰੇ
ਸੰਗਤ ਲਈ ਦੇਗ ਹਮੇਸ਼ਾ
ਤੇਗ ਚੜ ਆਇਆਂ ਨੂੰ
ਰਹਿੰਦੀਆਂ ਨਿੱਤ ਮੁਹਿੰਮਾਂ
ਪੰਜਾਬ ਦੇ ਜਾਇਆਂ ਨੂੰ
ਨੀਵੇਂ ਮਨ ਉੱਚੀਆਂ ਮੱਤਾਂ
ਆਏ ਨੇ ਢੱਕਦੇ ਪੱਤਾਂ
ਭਲਾ ਸਰਬੱਤ ਦਾ ਚਾਹੁੰਦੇ
ਸ਼ੇਰਾਂ ਜਿਹੀ ਜਿੰਦਗੀ ਜਿਉਂਦੇ
ਭੰਨ ਕੇ ਮੂੰਹ ਮੋੜਿਆ
ਗਜ਼ਨੀ ਤੋਂ ਆਇਆਂ ਨੂੰ
ਰਹਿੰਦੀਆਂ ਨਿੱਤ ਮੁਹਿੰਮਾਂ
ਸਿਰਾਂਵ ਦੇ ਮੁੱਲ ਪਵਾਏ
ਫ਼ਿਰ ਵੀ ਇਹ ਨਾ ਘਬਰਾਏ
ਚੱਬਦੇ ਮੁੱਠੀ ਭਰ ਛੋਲੇ
ਬਣੇ ਨਾ ਕਿਸੇ ਦੇ ਗੋਲੇ
ਜਾਨ ਤੋਂ ਮਾਰ ਮੁਕਾਉਂਦੇ
ਪਗੜੀ ਹੱਥ ਪਾਇਆਂ ਨੂੰ
ਰਹਿੰਦੀਆਂ ਨਿੱਤ ਮੁਹਿੰਮਾਂ
ਪੰਜਾਬ ਦੇ ਜਾਇਆਂ ਨੂੰ
ਜਿੰਦੇ ਸੁੱਖੇ ਜਿਹੇ ਯੋਧੇ
ਜਾਲਮ ਨੂੰ ਲਾਉਂਦੇ ਸੋਧੇ
ਮੌਤ ਨੂੰ ਕਰਦੇ ਖੇਲਾਂ
ਰੋਕ ਨਾ ਸਕੀਆਂ ਜੇਲਾਂ
ਮੋੜਦੇ 31 ÷ ਸੋਨੂੰ ÷
21 ਸਿਰ ਪਾਇਆਂ
ਰਹਿੰਦੀਆਂ ਨਿੱਤ ਮੁਹਿੰਮਾਂ
ਪੰਜਾਬ ਦੇ ਜਾਇਆਂ ਨੂੰ
**ਸੋਨੂੰ ਮੰਗਲ਼ੀ**
**ਪਿੰਡ ਮੰਗਲ਼ੀ ਟਾਂਡਾ ਲੁਧਿਆਣਾ**
**ਫੋਨ 8194958011**

## ਉੱਚ ਅਦਾਲਤ ਨੂੰ ਪ੍ਰਨਾਮ

===============

ਜੱਜ ਵੀ ਜਾਣਦੇ ਨੇ
ਅੰਨਦਾਤਿਆਂ ਦੀ ਮਜਬੂਰੀ ਨੂੰ ।
ਉਹਨਾਂ ਦੇ ਬੱਚੇ ਵੀ
ਕੁੱਟ ਕੁੱਟ ਖਾਂਦੇ ਰਹੇ ਨੇ ਚੂਰੀ ਨੂੰ ।
ਵੇਖੋ ਸੱਤਰ ਮਾਵਾਂ ਦੇ ਪੁਤ
ਠੰਡ ਨਾਲ਼ ਮਰ ਚੁੱਕੇ ਹੁਣ ਤਾਈਂ ;
ਲੱਖ ਲਾਅਨਤਾਂ ਨੇ ਏਦਾਂ
ਦੇ ਹਾਕਮ ਦੀ ਮਗਰੂਰੀ ਨੂੰ ।
**ਰੁਲ਼ਦੂ ਬੱਕਰੀਆਂ ਵਾਲ਼ਾ .**
**ਪਿੰਡ ਰੰਚਣਾਂ ( ਪੰਜਾਬ )**

## ਤ.ਖ਼ਤਾਂ ਵਾਲਿਆ (ਦੋਹੇ)

ਤਖ਼ਤਾਂ ਵਾਲਿਆ ਤੂੰ ਕਿਉਂ, ਕਰਦਾ ਪਿਆਂ ਪਾਖੰਡ।
ਰਾਜਾ ਲੱਗਦੈਂ ਘੱਟ ਤੂੰ, ਬਹੁਤਾ ਜਾਪੇਂ ਭੰਡ।
ਤਖ਼ਤਾਂ ਵਾਲਿਆ ਰੋਕ ਤੂੰ, ਉਲਝੇ ਤਾਣੀ ਤੰਦ।
ਭੀੜਾਂ ਨੇ ਆ ਘੇਰਨਾ, ਕੱਢ ਲਈਂ ਭਾਵੇਂ ਕੰਧ।
ਤਖ਼ਤਾਂ ਵਾਲਿਆ ਬੋਲ ਕੇ,ਅੱਗ ਤੇ ਪਾਵੇਂ ਤੇਲ।
ਹਰ ਪਲ ਜ਼ਹਿਰਾਂ ਉਗਲਦੈਂ, ਤਾਂ ਹੀ ਹੋਇਆਂ ਫੇਲ।
ਤਖ਼ਤਾਂ ਵਾਲਿਆ ਤੱਕ ਲੈ, ਤੱਕ ਲੈ ਰੁਲਦਾ ਬਾਪ।
ਸਦੀਆਂ ਤੱਕ ਨਹੀਂ ਲਹਿਵਣਾ, ਮਜ਼ਲੂਮਾਂ ਦਾ ਸ਼ਰਾਪ।
ਤਖ਼ਤਾਂ ਵਾਲਿਆ ਫੇਰ ਨਾ, ਫੇਰ ਨਾ ਕੋਹਝੀ ਅੱਖ।
ਠੰਢੇ ਮਨ ਨਾਲ ਸੋਚ ਲੈ, ਪੂਰੇਂ ਕੀਹਦਾ ਪੱਖ।
ਤਖ਼ਤਾਂ ਵਾਲਿਆ ਵੇਖ ਲੈ, ਸੜਕਾਂ ਉੱਤੇ ਇਕੱਠ।
ਇੱਕ ਤੋਂ ਵੱਧ ਕੇ ਇੱਕ ਨੇ, ਸਭ ਲੋਹੇ ਦੀ ਲੱਠ।
ਤਖ਼ਤਾਂ ਵਾਲਿਆ ਸੁਣ ਲੈ, ਧਰਨੇ ਵਿਚੋਂ ਬੋਲ।
ਛਾਬਾ ਤੇਰੀ ਅਕਲ ਦਾ, ਲੀਡਰ ਰਹੇ ਨੇ ਖੋਲ।
ਤਖ਼ਤਾਂ ਵਾਲਿਆ ਧੰਨ ਨੇ, ਆਹ ਮਾਂਵਾਂ ਦੇ ਪੁੱਤ।
ਸਮਝਿਆ ਤੇਰੀ ਜਾਤ ਨੇ,। ਜੀਹਨੂੰ ਨਸ਼ੇ@ ਚ ਧੁੱਤ।
ਤਖ਼ਤਾਂ ਵਾਲਿਆ ਵੇਖ ਲੈ, ਵੇਖੀਂ ਦੇਰ ਸਵੇਰ।
ਸੌਖੀ ਨਹੀਓਂ ਨਿਕਲਦੀ, ਬੱਦਲਾਂ ਭਰੀ ਅੰਧੇਰ।
ਤਖ਼ਤਾਂ ਵਾਲਿਆ ਸਮਝ ਲੈ, ਭਰਦਾ ਕਿਓਂ ਏਂ ਗੱਚ।
ਆਏ ਸ਼ਹਾਦਤ ਦੇਣ ਨਾ, ਜੂਝਣਾ ਸੱਚੋ ਸੱਚ।
ਤਖ਼ਤਾਂ ਵਾਲਿਆ ਜਾਣ ਲੈ, ਆਪਣੀ ਕੀ ਔਕਾਤ।
ਜਿੰਨਾਂ ਤਖ਼ਤ ਏ ਬਖਸ਼ਿਆ,ਪੁੱਛ ਉਹਨਾਂ ਦੀ ਜਾਤ।
ਤਖ਼ਤਾਂ ਵਾਲਿਆ ਲਹਿਣ ਨਾ, ਮੱਥੇ ਲੱਗੇ ਦਾ.ਗ।
ਉਮਰ ਭਰ ਪਛਤਾਵੇਂਗਾ,ਰੋ-ਰੋ ਰਾਤੀਂ ਜਾਗ।
ਤਖ਼ਤਾਂ ਵਾਲਿਆ ਛੱਡ ਦੇ, ਕਰਨਾ ਏਨਾ .ਗ਼ੂਰ।
ਅੰਬਰੋਂ ਧਰਤੀ ਡਿੱਗੇਂਗਾ, ਉਹ ਦਿਨ ਨਾ ਏਨੇ ਦੂਰ ।
**ਰਜਿੰਦਰ ਸਿੰਘ ਰਾਜਨ**
**ਡੀਸੀ ਕੋਠੀ ਰੋਡ ਸੰਗਰੂਰ**
**96538 85032**

# ਪ੍ਰੀਤ ਫੁਲਵਾੜੀ

## ਤੇਰੀ ਇਬਾਬਤ

ਕਦੇ ਕਦੇ ਮੇਰਾ ਦਿਲ ਕਰਦਾ
ਤੂੰ ਰੱਬ ਤੇ ਮੈਂ ਤੇਰੀ ਬੰਦਗੀ ਬਣਜਾਂ
ਨਾ ਮਿਲ ਹੋਣਾ ਨਾ ਤੈਨੂੰ ਪਾ ਹੋਣਾ
ਉਹ ਭੁੱਖ ਰੂਹ ਨੂੰ ਬਸ ਜਿਉਣ ਲਈ,
ਤੇਰੀ ਜਿੰਦਗੀ ਬਣਜਾਂ
ਕਦੇ ਕਦੇ ਮੇਰਾ ਦਿਲ ਕਰਦਾ
ਤੂੰ ਰੱਬ ਤੇ ਮੈਂ......
ਤੂੰ ਬਣ ਜਾਵੇਂ ਜਿੰਦਗੀ ਮੇਰੀ
ਦੁੱਖ ਆਪਣੇ ਤੇ ਝੱਲ ਹਾਸੇ ਤੇਰੀ ਝੋਲੀ ਪਾਵਾਂ
ਰਹਾਂ ਖੁਸ਼ ਬਸ ਤੇਰਾ ਮੁੱਖ ਤੱਕ ਕੇ
ਮੈਂ ਬਸ ਤੇਰੇ ਜਿਉਣ ਦੀ ਵਜ੍ਹਾ ਬਣਜਾਂ
ਕਦੇ ਕਦੇ ਮੇਰਾ ਦਿਲ ਕਰਦਾ
ਤੂੰ ਰੱਬ ਤੇ ਮੈਂ.......
ਦਰਦਾਂ ਦੀ ਪੀੜ ਤੇਰੀ ਤਨ ਮੇਰੇ ਲੱਗੇ
ਹੋਵੇ ਨਾ ਅਹਿਸਾਸ ਰਤਾ ਭਰ ਤੈਨੂ
ਰੂਹ ਨੂੰ ਬਸ ਤੇਰੀ ਰੂਹ ਦੇ ਨਾਂ ਕਰ ਜਾਵਾਂ
ਤੇਰੇ ਤਨ ਨੂੰ ਬਚਾਉਣ ਲਈ ਮੈਂ
ਤੇਰੀ ਢਾਲ ਬਣ ਜਾਵਾਂ
ਕਦੇ ਕਦੇ ਮੇਰਾ ਦਿਲ ਕਰਦਾ
ਤੂੰ ਰੱਬ ਤੇ ਮੈਂ........
ਰਿਸ਼ਤੇ ਦੀ ਡੋਰ ਸਾਡੀ ਏਦਾਂ ਬਣ ਜਾਵੇ
ਮੈਂ ਰੁੱਖ ਤੇ ਤੂੰ ਮੇਰੀ ਠੰਡੀ ਛਾਂ ਬਣਜੇਂ
ਪਿਆਸੇ ਖੂਹ ਨੂੰ ਜੋਂ ਰਾਹੀ ਜਾਂਦਾ ਭੱਜਕੇ
ਮੈਂ ਤੇਰੇ ਬੋਲਾਂ ਦੀ ਉਹ ਪਿਆਸ ਬਣਜਾਂ
ਕਦੇ ਕਦੇ ਮੇਰਾ ਦਿਲ ਕਰਦਾ
ਤੂੰ ਰੱਬ ਤੇ ਮੈਂ ........
ਜਨਮਾਂ ਤੋਂ ਜਿਵੇਂ ਭਟਕ ਰਹੇ ਆਂ
ਤੂੰ ਮੰਜਿਲ ਤੇ ਮੈਂ ਰਾਹ ਬਣਜਾਂ
'ਰਾਵੀ' ਤੇਰੀਆਂ ਇਬਾਬਤਾ ਲਈ
ਰਹਿੰਦੇ ਸਾਹਾਂ ਦਾ ਹੱਕਦਾਰ ਬਣਜਾਂ
ਕਦੇ ਕਦੇ ਮੇਰਾ ਦਿਲ ਕਰਦਾ
ਤੂੰ ਰੱਬ ਤੇ ਮੈਂ ਤੇਰੀ ਬੰਦਗੀ ਬਣਜਾਂ

**ਰਵਨਜੋਤ ਕੌਰ ਸਿੱਧੂ ਰਾਵੀ**
**ਜੱਬੋਵਾਲ, ਸ਼ਹੀਦ ਭਗਤ ਸਿੰਘ ਨਗਰ।**

## ਦਿਲ ਵਿੱਚੋ ਕੱਢ ਦੇ ਤੂੰ ਸ਼ੱਕ ਦਿੱਲੀਏ ਕਵਿਤਾ

ਜਿੰਨਾ ਚਿਰ ਰਹੇਂਗੀ ਤੂੰ ਵੈਰੀ ਦਿੱਲੀਏ
ਊਨਾ ਚਿਰ ਤੈਨੂੰ ਰੱਖਾਂਗੇ ਘੇਰੀ ਦਿੱਲੀਏ
ਅਸੀਂ ਤੈਥੋਂ ਭੀਖ ਨਹੀਓ ਮੰਗਦੇ
ਮੰਗਦੇ ਹਾਂ ਆਪਣਾ ਹੱਕ ਦਿੱਲੀਏ
ਤੈਨੂੰ ਲਗਦਾ ਕਿਸਾਨ ਐਵੇ ਮੁੜ ਜਾਣਗੇ
ਇਹ ਦਿਲ ਵਿੱਚੋ ਕੱਢ ਦੇ ਤੂੰ ਸ਼ੱਕ ਦਿੱਲੀਏ
ਲਗਦਾ ਨਹੀਂ ਤੂੰ ਹੋਵੇਗਾ ਇਤਿਹਾਸ ਪੜ੍ਹਿਆ
ਸਾਡੇ ਅਗੇ ਨਹੀਓ ਕੋਈ ਅੱਜ ਤਕ ਅੜਿਆ
ਪਹਾੜਾਂ ਨਾਲ ਅਸੀਂ ਮੱਥਾ ਲਾਉਣਾ ਜਾਣਦੇ
ਸਾਗਰਾਂ ਨੂੰ ਪਿੱਛੇ ਦੇਈਏ ਧੱਕ ਦਿੱਲੀਏ
ਤੈਨੂੰ ਲਗਦਾ ਕਿਸਾਨ ਐਵੇ ਮੁੜ ਜਾਣਗੇ
ਇਹ ਦਿਲ ਵਿੱਚੋ ਕੱਢ ਦੇ ਤੂੰ ਸ਼ੱਕ ਦਿੱਲੀਏ
ਮਿੱਟੀ ਦੇ ਹਾਂ ਪੁੱਤ ਮਿੱਟੀ ਹੋਣਾ ਜਾਣਦੇ
ਮਰ ਗਏ ਬਜ਼ੁਰਗ ਸਾਡੇ ਘੱਟਾ ਛਾਣਦੇ
ਹੁਣ ਅਸੀਂ ਗਏ ਹਾਂ ਪੜ੍ਹ ਲਿਖ ਨੀ
ਬੋਲ ਕੇ ਅੰਗਰੇਜ਼ੀ ਵੇਖ ਲੈ ਬੇਸ਼ੱਕ ਦਿੱਲੀਏ
ਤੈਨੂੰ ਲਗਦਾ ਕਿਸਾਨ ਐਵੇ ਮੁੜ ਜਾਣਗੇ
ਇਹ ਦਿਲ ਵਿੱਚੋ ਕੱਢ ਦੇ ਤੂੰ ਸ਼ੱਕ ਦਿੱਲੀਏ
ਸਾਡੇ ਜ਼ਖਮਾਂ ਤੇ ਲਾ ਕੇ ਰੱਖ ਦਿੱਤਾ ਲੂਣ ਤੂੰ
ਰਾਤੋਂ ਰਾਤ ਪਾਸ ਕਰਕੇ ਕਾਲੇ ਕਨੂੰਨ ਤੂੰ
ਹੁਣ ਤੈਨੂੰ ਕੋਈ ਗੱਲ ਵੀ ਨਹੀਂ ਆਉਂਦੀ
ਜਿਹੜੀ ਰਹਿੰਦੀ ਸੇ ਤੂੰ ਭੌਂਕਦੀ ਬੱਕ ਬੱਕ ਦਿੱਲੀਏ
ਤੈਨੂੰ ਲਗਦਾ ਕਿਸਾਨ ਐਵੇ ਮੁੜ ਜਾਣਗੇ
ਇਹ ਦਿਲ ਵਿੱਚੋ ਕੱਢ ਦੇ ਤੂੰ ਸ਼ੱਕ ਦਿੱਲੀਏ
ਜ਼ਰਾ ਬਾਹਰ ਆ ਕੇ ਵੇਖ ਕਿੰਨੇ ਹੌਸਲੇ ਬੁਲੰਦ ਨੇ
ਪੋਹ ਦੀਆਂ ਰਾਤਾਂ ਵਿੱਚ ਵੀ ਪਏ ਲੈਂਦੇ ਅਨੰਦ ਨੇ
ਤੈਨੂੰ ਸੋਫਿਆਂ ਤੇ ਵੀ ਨਹੀਂ ਆਉਂਦੀ ਹੋਊ ਨੀਂਦ
"ਜਸਵਿੰਦਰ" ਵਰਗੇ ਸੜਕਾਂ ਤੇ ਸਿੱਧੇ ਕਰੀ ਜਾਂਦੇ ਲੱਕ ਦਿੱਲੀਏ
ਤੈਨੂੰ ਲਗਦਾ ਕਿਸਾਨ ਐਵੇ ਮੁੜ ਜਾਣਗੇ
ਇਹ ਦਿਲ ਵਿੱਚੋ ਕੱਢ ਦੇ ਤੂੰ ਸ਼ੱਕ ਦਿੱਲੀਏ

**ਸੂਬੇਦਾਰ ਜਸਵਿੰਦਰ ਸਿੰਘ ਭੁਲੇਰੀਆ ਮਮਦੋਟ**
**[ਫਿਰੋਜ਼ਪੁਰ ]7589155501**

## ਸਿੰਘੂ ਟਿੱਕਰੀਏ ਹੋ

ਸਿੰਘੂ ਟਿੱਕਰੀਏ ਹੋ
ਤੇਰਾ ਸਬਰ ਨਿਆਰਾ ਹੋ
ਭਾਈ ਕਨ੍ਹਈਏ ਵਾਲਾ ਹੋ
ਕਰਦਾ ਨਾ ਨਿਪਟਾਰਾ ਹੋ
ਮੋਦੀ ਗੱਪਾਂ ਵਾਲਾ ਹੋ
ਮੋਦੀ ਗੱਪ ਚਲਾਈ ਹੋ
ਕਿਸਾਨੀ ਸੇਲ ਤੇ ਲਾਈ ਹੋ
ਨਵਾਂ ਕਨੂੰਨ ਬਣਾਇਆ ਹੋ
ਅੰਬਾਨੀ ਯਾਰ ਬਣਾਇਆ ਹੋ
ਕਿਸਾਨਾਂ ਘੇਰਾ ਪਾਇਆ ਹੋ
ਦਿੱਲੀ ਡੇਰਾ ਲਾਇਆ ਹੋ
ਦੁੱਲਾ ਯਾਦ ਕਰਾਇਆ ਹੋ
ਉੱਠੀ ਕੁੱਲ ਲੁਕਾਈ ਹੋ
ਲੋਹੜੀ ਨਵੀਂ ਮਨਾਈ ਹੋ
ਲਾਂਬੂ ਬਿਲ ਨੂੰ ਲਾਇਆ ਹੋ
ਸੁਣ ਲੋ ਮਾਈ ਭਾਈ ਹੋ
ਸਮਝੋ ਇਹ ਸੱਚਾਈ ਹੋ
ਅੱਜ ਕਿਸਾਨੀ ਫਾਹੀ ਹੋ
ਕੱਲ ਨੂੰ ਮੇਰੀ ਵਾਰੀ ਹੋ
ਪਰਸੋਂ ਤੇਰੀ ਵਾਰੀ ਹੋ
ਸੁਣ ਲੈ ਮੇਰੀ ਮਾਈ ਹੋ
ਸੁਣ ਲੈ ਮੇਰੀ ਮਾਈ ਹੋ
ਦੇ ਮਾਈ ਹੋਕਾ
ਲੋਹੜੀ ਦਾ ਹੈ ਮੌਕਾ
ਦੇ ਭਾਈ ਹੋਕਾ
ਬਿੱਲਾਂ ਨੂੰ ਲਾ ਝੋਕਾ
ਦੇ ਮਾਈ ਹੋਕਾ
ਇਹੋ ਇੱਕ ਮੌਕਾ
ਦੇ ਭਾਈ ਹੋਕਾ
ਨਹੀਂ ਤਾਂ ਪੈਣਾ ਸੋਕਾ
ਦੇ ਮਾਈ ਹੋਕਾ
ਕਰਨਾ ਪੈਣਾ ਏਕਾ
ਦੇ ਭਾਈ ਹੋਕਾ
ਜਿੱਤੇ ਸਾਡਾ ਏਕਾ
ਦੇ ਮਾਈ ਹੋਕਾ
ਲੋਹੜੀ ਦਾ ਹੈ ਮੌਕਾ
ਦੇ ਭਾਈ ਹੋਕਾ
ਬਿਲਾਂ ਨੂੰ ਲਾ ਝੋਕਾ

**ਅਮਨਦੀਪ ਸਿੰਘ ਸੇਖੋਂ** 7009911489

## ( "ਚੁੰਨੀ" ਲੇਖਕ ਸਿਮਰਜੀਤ ਕੌਰ)

ਆਖੇ ਜੇ ਕੋਈ ਸਿਆਣਾ ਬੰਦਾ, ਬੁਰਾ ਤੂ ਕਦੇ ਮਨਾਇਆ ਨਾ ਕਰ,
ਚੰਨੀ ਤੇਰੇ ਤਾਜ ਹੈ ਸਿਰ ਦਾ, ਕਦੇ ਸਿਰ ਦੇ ਉਤੋਂ ਲਾਇਆ ਨਾ ਕਰ,
ਵੱਡਿਆ ਦਾ ਸਤਿਕਾਰ ਸੀ ਜੋ, ਕਿਉ ਦਿਲ ਤੇਰੇ ਵਿਚੋਂ ਘੱਟ ਚਲਿਆ,
ਪੈ ਫੈਸਨਾਂ ਦੀ ਗਈ ਮਾਰ ਤੇਰੇ ਤੇ, ਦੁਪੱਟਾ ਸਿਰ ਤੇਰੇ ਤੋਂ ਹੱਟ ਚਲਿਆ,
ਲੈ ਕੇ ਰੱਖ ਸਿਰ ਸੂਹੀ ਫੁਲਕਾਰੀ, ਸਿਰ ਤੋਂ ਕਦੇ ਖਸਕਾਇਆ ਨਾ ਕਰ,
ਚੁੰਨੀ ਤੇਰੇ ਤਾਜ ਹੈ ਸਿਰ ਦਾ ...........
ਅਣਖ ਸਿੱਦਕ ਹੈ ਵੱਡਾ ਗਹਿਣਾ, ਰੱਖੀ ਬਾਬਲ ਦੀ ਪੱਗ ਦਾ ਖਿਆਲ ਕੁੜੇ,
ਮਾਤਾ ਗੁਜਰੀ ਅਤੇ ਮਾਈ ਭਾਗੋ ਨੂੰ, ਰੱਖੀ ਦਿਲ ਦੇ ਵਿੱਚ ਹਮੇਸਾ ਯਾਦ ਕੁੜੇ,
ਚਿੱਟੀ ਪਗੜੀ ਬਾਬਲ ਦੀ, ਇਹਨੂੰ ਦਾਗ ਕਦੇ ਤੂੰ ਲਾਇਆ ਨਾ ਕਰ,
ਚੁੰਨੀ ਤੇਰੇ ਤਾਜ ਹੈ ਸਿਰ ਦਾ..........

## ਜਿੱਤਾਂ ਸਿਰਜਣ ਵਾਲੇ

ਸਾਡੇ ਸਬਰਾਂ ਨੂੰ ਛੱਡ ਪਰਖਣਾ ਤੂੰ,
ਜੇ ਬੰਨ੍ਹ ਟੁੱਟੇ ਤਾਂ ਜਾਣੇ ਸੰਭਾਲੇ ਨੀ,,
ਕਿਹੜੇ ਵਹਿਮ ਵਿੱਚ ਫਿਰੇਂ ਦਿੱਲੀਏ,
ਹਾਂ ਅਸੀਂ ਜਿੱਤਾਂ ਸਿਰਜਣ ਵਾਲੇ ਨੀ...

ਸੂਰਮੇ ਕੁੱਖੋਂ ਪੰਜਾਬ ਦੀ ਹੋਏ ਪੈਦਾ,
ਸਾਰਾ ਜੱਗ ਏ ਜਾਣਦਾ ਚਰਚੇ ਨੀ,,
ਰੱਸੇ ਚੁੰਮ ਕੇ ਗਲਾਂ ਵਿੱਚ ਪਾਏ ਫੰਦੇ,
ਨਾ ਅਜ਼ਾਦੀ ਲਿਆਉਂਦੇ ਚਰਖੇ ਨੀ,,
ਓ ਅਸੀਂ ਵੈਰੀ ਮਾਰ ਮੁਕਾਉਂਦੇ ਹਾਂ,
ਜਾਕੇ ਲੰਡਨ ਵਿੱਚ ਭਾਵੇਂ ਲੁਕਾਲੇ ਨੀ...
ਕਿਹੜੇ ਵਹਿਮ ਵਿੱਚ ਫਿਰੇਂ ਦਿੱਲੀਏ...

ਸਾਡੀ ਧਰਤੀ ਪੀਰ ਪੈਗੰਬਰਾਂ ਦੀ,
ਪਈ ਬਾਣੀ ਸ਼ਾਮ ਸਵੇਰੇ ਗੂੰਜੇ ਨੀ,,
ਜੋ ਕਹਿੰਦੇ ਜਗੀਰ ਸਾਡੀ ਦੁਨੀਆਂ,
ਸਿੰਘਾਂ ਰਗੜ ਕੇ ਲਾ ਦਿੱਤੇ ਖੂੰਜੇ ਨੀ,,
ਕਲਗੀਧਰ ਦਾ ਥਾਪੜਾ ਯੋਧਿਆਂ ਨੂੰ,
ਜਿਹੜੇ ਜੱਗ ਸਾਰੇ ਦੇ ਰਖਵਾਲੇ ਨੀ...
ਕਿਹੜੇ ਵਹਿਮ ਵਿੱਚ ਫਿਰੇਂ ਦਿੱਲੀਏ...

ਹੱਕ ਦਵਾਉਂਣ ਲਈ ਤਵੀਆਂ ਤੇ ਬੈਠੇ,
ਖੋਪਰੀਆਂ,ਬੰਦ-ਬੰਦ ਕਟਵਾ ਲਏ ਨੀ,,
ਉਹਦੇ ਭਾਣੇ ਨੂੰ ਮਿੱਠਾ ਕਰ ਮੰਨਦੇ ਹਾਂ,
ਸਿਰ ਝੁਕੇ ਨਹੀਂ ਕਦੇ ਕਟਵਾ ਲਏ ਨੀ,,
ਇਹ ਕੌਮ ਚ ਉਮਰਾਂ ਦੇ ਮਾਇਨੇ ਨਾ,
ਹਾਕਮ ਸੰਘੀਓਂ ਫੜ-ਫੜ ਢਾਹਲੇ ਨੀ...
ਕਿਹੜੇ ਵਹਿਮ ਵਿੱਚ ਫਿਰੇਂ ਦਿੱਲੀਏ...

ਕੱਲਾ ਮਿੱਟੀ ਨੂੰ ਵਾਹੁਣ ਵਾਲਾ ਸਮਝੇਂ,
ਤੇਰੇ ਦਿਲ ਦਾ ਇਹ ਵੱਡਾ ਭੁਲੇਖਾ ਏ,,
@ਗੁਰੀ@ ਕਹਿ ਅੰਨਦਾਤਾ ਪੂਜੇ ਦੁਨੀਆਂ,
ਜਿਹੜਾ ਸੜਕਾਂ ਦੇ ਉੱਤੇ ਆ ਬੈਠਾ ਏ,,
ਮਨ ਨੀਵਾਂ ਮੱਤ ਉੱਚੀ ਉਪਦੇਸ਼ ਮਿਲੇ,
ਇਸੇ ਕਲਾ ਨੇ ਇਤਿਹਾਸ ਬਣਾਲੇ ਨੀ...
ਕਿਹੜੇ ਵਹਿਮ ਵਿੱਚ ਫਿਰੇਂ ਦਿੱਲੀਏ...
ਹਾਂ ਅਸੀਂ ਜਿੱਤਾਂ ਸਿਰਜਣ ਵਾਲੇ ਨੀ...

**ਗੁਰਵਿੰਦਰ ਗੁਰੀ** 98154-56177

## ਅੰਨਦਾਤਾ ਪੰਜਾਬ ਦਾ

ਅੰਨਦਾਤਾ ਪੰਜਾਬ ਦਾ ਹਾਕਮਾਂ ਕਿਉਂ ਸਮਝੇ ਕਮਜ਼ੋਰ ਤੂੰ ।
ਸੁਣਲੈ ਜਾ ਕੇ ਬਾਡਰਾਂ ਤੇ ਗੂੰਜਦੇ ਨਾਅਰਿਆਂ ਦਾ ਸ਼ੋਰ ਤੂੰ।
ਮਿਹਨਤ ਕਸ਼ ਕਿਸਾਨਾਂ ਦੀ ਬੇਕਦਰੀ ਤੂੰ ਕਰ ਰਿਹਾ।
ਕਿਸਾਨੀ ਮੰਗਾਂ ਵੱਲ ਕਿਉਂ ਨਹੀਂ ਕਰਦਾ ਗੌਰ ਤੂੰ।
ਝੱਖੜ, ਮੀਂਹ, ਤੂਫਾਨਾਂ ਦੀ ਉਹ ਕਰਦੇ ਪਰਵਾਹ ਨਹੀਂ
ਹੌਸਲੇ ਤੇ ਜਜਬੇ ਬੁਲੰਦ ਨੇ ਸਮਝੀ ਨਾ ਕਮਜੋਰ ਤੂੰ ।
ਇਹ ਰਾਜ ਗੱਦੀਆਂ ਕਿਸਾਨਾਂ ਤੈਨੂੰ ਦਿੱਤੀਆਂ
ਖਿੱਚ ਲੈਣਾ ਕੁਰਸੀ ਤੋਂ ਚੁੱਪ ਨੂੰ ਨਾ ਤੋੜ ਤੂੰ ।
ਅੰਨਦਾਤਾ ਸੜਕਾਂ ਤੇ ਤੂੰ ਹੀ ਖੜਾ ਕੀਤਾ ਏ
ਹੱਕ ਦੇ ਕੇ ਉਹਨਾਂ ਦੇ ਘਰਾਂ ਨੂੰ ਦੇ ਮੋੜ ਤੂੰ ।
ਸਬਰਾਂ ਨੂੰ ਪਰਖ ਨਾ ਹੋਰ ਹੁਣ ਉਹਨਾਂ ਦੇ
ਖੇਤੀ ਵਾਲੇ ਬਿੱਲਾ ਨੂੰ ਆਪੇ ਲੈ ਮੋੜ ਤੂੰ ।
ਤੇਰੀਆਂ ਗੱਲਾਂ ਤੇ ਸਾਨੂੰ ਰਤਾ ਨੀ ਯਕੀਨ ਹੁਣ
ਕਿੰਨੀਆਂ ਤਰੀਕਾਂ ਪਾ ਕੇ ਕਿਸਾਨਾਂ ਦੇ ਦਿਲ ਦਿੱਤੇ ਤੋੜ ਤੂੰ ।

**ਬਲਜਿੰਦਰ ਕੌਰ ਕਲਸੀ**
**ਪਿੰਡ ਦੌਧਰ (ਮੋਗਾ)**

## ਹੱਕ ਕਿਸਾਨਾਂ ਦੇ

ਕਿਸਾਨਾਂ ਨੂੰ ਬਚਾਇਆ ਜਾਵੇ,
ਫਸਲਾਂ ਦਾ ਮੁੱਲ ਪਵਾਇਆ ਜਾਵੇ।
ਕਈ ਵਾਰੀ ਉੱਠ ਕੇ ਰਾਤਾਂ ਨੂੰ,
ਖੇਤਾਂ ਨੂੰ ਪਾਣੀ ਲਾਉਂਦੇ ਨੇ
ਤੂੰ ਹਾਲ ਤਾਂ ਪੁੱਛ ਕੇ ਦੇਖ ਕਦੇ,
ਉਹ ਸੁੱਖ ਦੀ ਨੀਂਦ ਨਾ ਸੌਂਦੇ ਨੇ।
ਉਹ ਪਰਦੇ ਠੰਡੀਆਂ ਰਾਤਾਂ ਵਿੱਚ,
ਪਿੰਡੇ ਤੇ ਨਾਲੇ ਹੰਢਾਉਂਦੇ ਧੁੱਪਾਂ ਨੇ।
ਬੇਮੌਸਮਾ ਮੀਂਹ ਜਦ ਪੈ ਜਾਵੇ,
ਤਾਂ ਕਿਸਾਨਾਂ ਪੱਲੇ ਦੁੱਖ ਪੈ ਜਾਵੇ।
ਦੁੱਖ ਕਿੰਨੀ ਵਾਰੀ ਦੁਖੀ ਕਰਦੇ ਨੇ।
ਪੁੱਛਦੈ ਬੇਦਰਦ ਤੂਫਾਨਾਂ ਨੂੰ,
ਤੂੰ ਫਸਲਾਂ ਦਾ ਮੁੱਲ ਪਾਉਣਾ ਕੀ ?
ਤੂੰ ਮੂੰਹ ਚੋਂ ਰੋਟੀ ਖੋਹਣ ਲੱਗੀ,
ਅੱਜ ਖੋਹ ਕੇ ਹੱਕ ਕਿਸਾਨਾਂ ਦੇ,
ਹੋਰਾਂ ਦੀ ਝੋਲੀ ਪਾਉਣ ਲੱਗੀ।
ਕਿਸਾਨਾਂ ਦੇ ਹੱਕ ਬਚਾਏ ਜਾਣ,
ਤਿੰਨੇ ਬਿੱਲ ਰੱਦ ਕਰਵਾਏ ਜਾਣ।

**ਰਾਣੀ ਰਜਿੰਦਰ**

## ਪੁੱਤ

ਜਿਉਂਦੇ ਜੀ ਅੱਜਕੱਲ ਮਾਪਿਆਂ ਦਾ
ਉਏ ਹਾਲ ਚਾਲ ਨਾ ਪੁੱਛਦੇ ਪੁੱਤ।

ਮਰਿਆਂ ਮਗਰੋਂ ਲੰਗਰ ਲਾਉਂਦੇ
ਪਹਿਲਾਂ ਕਿਉਂ ਨਾ ਦਿੰਦੇ ਸੁੱਖ।

ਤੇ ਮਾਂ ਮੰਜੇ ਤੇ ਮਰੀ ਵਿਲਕਦੀ
ਨੂੰਹ ਪੁੱਤ ਨੇ ਨਈ ਪੁੱਛਿਆ ਟੁੱਕ।

ਮਗਰੋਂ ਜਗਾ ਜਮੀ ਵੰਡਣ ਲਈ
ਉਏ ਲੈਂਦੇ ਨੇ ਸੱਭ ਲਾਂਗੜ ਚੁੱਕ।

ਪਿਉ ਦੀ ਹਰ ਇੱਕ ਚੀਜ਼ ਦੀ ਖਾਤਰ
ਤੇ ਪੁੱਤ ਬਣਾਕੇ ਬਹਿੰਦੇ ਨੇ ਗੁੱਟ।

ਕਲਯੁੱਗ ਦੇ ਵਿੱਚ ਕੌਣ ਕਿਸੇ ਦਾ
ਤੇ ਹੁੰਦੇ ਨੇ ਲੋਕੋ ਪੁੱਤ ਕਪੁੱਤ।

ਜਸਵੀਰ ਫ਼ੀਰਿਆ ਮਾਪਿਆਂ ਮਗਰੋਂ
ਉਏ ਰਿਸ਼ਤੇ ਨਾਤੇ ਜਾਂਦੇ ਨੇ ਟੁੱਟ।

**ਜਸਵੀਰ ਫ਼ੀਰਾ**
**ਮੋਬਾਈਲ** 8437368027

## ਕੀ ਤੂੰ ਕਰਨਾ

ਦੁੱਖ ਸੁੱਖ ਤਾਂ ਆਉਦੇਂ ਰਹਿੰਦੇ
ਜਿਵੇਂ ਰਾਤ ਤੋਂ ਬਾਦ ਦਿਨ ਵੀ ਚੜਨਾ
ਖੁੱਸੀ ਖੁੱਸੀ ਜਿੰਦਗੀ ਜੀ ਲੈ ਜਾਰਾ
ਕੀ ਫਾਇਦਾ, ਐਵੇਂ ਕਿਸੇ ਨਾਲ ਲੜਨਾ
ਜੁਝਾਰੂ ਸੋਚ, ਨੇਕੀ ਤੇ ਕਰਮ ਤੇਰੇ
ਸਿਮਰਨ ਨਾਲ ਹੀ ਜਿੰਦ ਨੇ ਤਰਨਾ
ਕੂੜ੍ਹ ਕਮਾਦੇਂ ਫਿਰਦੇ ਜਿਹੜੇ
ਸਭ ਕੁਝ ਪੈਦਾਂ ਏਥੇ ਹੀ ਭਰਨਾ
ਘਰ ਵਿੱਚ ਤੇਰੇ ਦੋ ਪੂਜਣਹਾਰੇ
ਛੱਡ ਦੇ ਦਰ ਦਰ ਮੱਥੇ ਧਰਨਾ
ਜਨਮਹਾਰੇ ਜੇ ਰੁੱਲ ਗਏ ਸਾਡੇ
ਫਿਰ ਐਸੇ ਜਨਮ ਦਾ ਕੀ ਤੂੰ ਕਰਨਾ
ਸੰਧੂ ਕਲਾਂ ਫਿਰੇ ਐਵੇ ਪੀਰ ਧਿਉਦਾਂ
ਕਰਮ, ਸੇਵਾ ਤੇਰੇ ਸੰਗ ਹੈ ਖੜਨਾ

**ਜੋਗਿੰਦਰ ਸਿੰਘ ਸੰਧੂ ਕਲਾਂ (ਬਰਨਾਲਾ)**

## ਧੀ ਦੀ ਲੋਹੜੀ

ਪੱਥਰ ਕਹਿ ਧੀ ਨੂੰ ਕਦੇ ਨਾ ਦੁਰਕਾਰੀਏ
ਧੀ ਦਾ ਰੁਤਬਾ ਉੱਚਾ ਇਹ ਗੱਲ ਸਾਰੇ ਵਿਚਾਰੀਏ
ਧੀ ਤੇ ਪੁੱਤ ਵਿੱਚ ਫਰਕ ਮਿਟਾਓ
ਪੁੱਤਾਂ ਦੀ ਲੋਹੜੀ ਮਨਾਉਣ ਵਾਲਿਓ
ਧੀ ਦੀ ਵੀ ਲੋਹੜੀ ਮਨਾਓ
ਧੀ ਜੰਮ ਪਈ ਤਾਂ ਨਾ ਕਰੋ ਦਿਲ ਛੋਟਾ
ਕਰਮਾਂ ਵਾਲੇ ਜਿੰਨ੍ਹਾਂ ਨੂੰ ਰੱਬ ਨੇ ਦਿੱਤਾ ਤੋਹਫ਼ਾ
ਧੀ ਮਾਂ ਦੀ ਜਾਈ ਨਾ ਮੱਥੇ ਵੱਟ ਪਾਓ
ਪੁੱਤਾਂ ਦੀ ਲੋਹੜੀ ਮਨਾਉਣ ਵਾਲਿਓ
ਧੀ ਦੀ ਵੀ ਲੋਹੜੀ ਮਨਾਓ
ਪੁੱਤਾਂ ਨਾਲ਼ੋਂ ਵੱਧ ਕਰੇ ਪਿਆਰ
ਸਭ ਤੋਂ ਵੱਧ ਕਰੇ ਸਤਿਕਾਰ
ਫੁੱਲਾਂ ਵਾਂਗੂੰ ਜੋ ਮੁਸਕਰਾਵੇ
ਕਦੇ ਨਾ ਕਦਰ ਗਵਾਓ
ਪੁੱਤਾਂ ਦੀ ਲੋਹੜੀ ਮਨਾਉਣ ਵਾਲਿਓ
ਧੀ ਦੀ ਵੀ ਲੋਹੜੀ ਮਨਾਓ
ਧੀ ਪੁੱਤ ਦੇ ਨਾਲ਼ੋਂ ਘੱਟ ਨਹੀਂ
ਹਰ ਖੇਤਰ ਵਿੱਚ ਅੱਗੇ ਕੋਈ ਸ਼ੱਕ ਨਹੀਂ
ਧੀ ਨਾਲ ਬੈਠ ਜਹਾਜ਼ੇ ਅੰਬਰੀ ਉਡਾਰੀ ਲਾਓ
ਪੁੱਤਾਂ ਦੀ ਲੋਹੜੀ ਮਨਾਉਣ ਵਾਲਿਓ
ਧੀ ਦੀ ਵੀ ਲੋਹੜੀ ਮਨਾਓ
ਗਗਨ ਦੀ ਕਲਮ ਸਦਾ ਹੀ ਧੀ ਦਾ ਪੱਖ ਪੂਰਦੀ
ਧੀ ਨੂੰ ਜੋ ਕਦੇ ਨਾ ਘੂਰਦੀ
ਧੀ ਨੂੰ ਤੱਕਦੇ ਜੋ ਮਾੜੀਆਂ ਨਜ਼ਰਾਂ ਨਾਲ
ਧਾਲੀਵਾਲ ਫੜ ਦੁਸਟਾਂ ਨੂੰ ਧੂਣੀ ਵਿੱਚ ਜਲਾਓ
ਪੁੱਤਾਂ ਦੀ ਲੋਹੜੀ ਮਨਾਉਣ ਵਾਲਿਓ
ਧੀ ਦੀ ਵੀ ਲੋਹੜੀ ਮਨਾਓ

ਗਗਨਦੀਪ ਕੌਰ ਧਾਲੀਵਾਲ ਝਲੂਰ
ਬਰਨਾਲਾ।

# No body have time to watch Tv advertisement
# No body have time to read Physical newspapers

**It's social time .**
**Online news, advertisement,**
**promotion anytime anywhere .**
**Doesn't matter where are you .**

PREETNAMA ਪ੍ਰੀਤਨਾਮਾ ਖਰਾ ਸੱਚ

Preetnama provide you your business promotion online worldwide on all social sites even TikTok .

## Advertisement with Preetnama .

### Promote your business with TalkShow

**We gave social stage to show yourself and your business.**

Business Persons, Doctor, Advocates, VISA, Tour Travel, Actor, Singers, writers come Join or TalkShow and Advertisement with us on national & International based.

Search Just Preetnama

- **Youtube**
- **Facebook**
- **Twitter**
- **Instagram**
- **LinkedIn**
- **TikTok**

No need to go anywhere,
Just leave message on
WhatsApp or email us .
We will call you back.

**Contact us immediately**

**Pritpal Kaur**



www.preetnama.com
www.preetnews.com

Phone- +1 201-312-4180
Email- preetnamausa@gmail.com